# ਸਿਰਜਣਾ

ਅਕਤੂਬਰ-ਦਸੰਬਰ 1976


**ਨਿਬੰਧ**

ਚਾਨਣ ਦਾ ਹਾਣੀ : ਰਘਬੀਰ ਢੰਡ
ਪੂੰਜੀਵਾਦ ਤੇ ਵਿਸ਼ਵ ਵਿਦਿਆਲੇ : ਰੇਮੰਡ ਚਾਲੀਨਰ
ਪੰਜਾਬੀ ਸਾਹਿਤਕ ਜਗਤ ਦੀ ਨਕਸ਼ ਨਿਗਾਰੀ : ਸੁਰਜੀਤ ਹਾਂਸ
ਗੱਦ ਤੇ ਕਵਿਤਾ : ਤੇਜਵੰਤ ਸਿੰਘ ਗਿੱਲ
ਮੋਹਨਜੀਤ ਤੇ ਮਸਖਰਾ : ਸ਼ਹਰਯਾਰ

ਸੰਪਾਦਕੀ : ਸੰਤ ਸਿੰਘ ਸੇਖੋਂ : **ਸਾਹਿਤ ਦੀ ਵਿਸ਼ੇਸ਼ਤਾ**
**ਪ੍ਰੋਫੈਸਰ ਮੋਹਨ ਸਿੰਘ ਦੀ ਇਕ ਨਵੀਂ ਕਵਿਤਾ**

**ਕਵਿਤਾਵਾਂ** : ਸੁਖਬੀਰ, ਹਲਵਾਰਵੀ, ਲੋਕ ਨਾਥ, ਰਮਨ, ਦਿਲਜੀਤਪਾਲ
**ਕਹਾਣੀਆਂ** : ਅਤਰਜੀਤ, ਅਜਾਇਬ ਸਿੰਘ, ਵਿਲੀਅਮ ਪੌਮਰਾਏ
**ਪੁਸਤਕ ਚਰਚਾ** : ਇਤਿਹਾਸਕ ਪਦਾਰਥਵਾਦੀ ਆਲੋਚਨਾ, ਰਿਸ਼ਤੇ, ਮਿੱਟੀ ਦੀ ਚਿੜੀ, ਭਾਈਆਂ ਬਾਝ, ਚਿੱਠੀਆਂ ਲਿਖ ਸਤਿਗੁਰਾਂ ਵੱਲ ਪਾਈਆਂ

**ਡੰਮ੍ਹ ਕਹਾਣੀ ਬਾਰੇ ਚਰਚਾ**
ਪ੍ਰੇਮ ਪ੍ਰਕਾਸ਼, ਬਲਜੀਤ ਬਾਸੀ, ਹਰਿਭਜਨ ਹਲਵਾਰਵੀ, ਅਮਰਜੀਤ ਕਾਂਗ



ਨਿਗਰਾਨ : **ਸੰਤ ਸਿੰਘ ਸੇਖੋਂ**
ਸੰਪਾਦਕ : **ਰਘਬੀਰ ਸਿੰਘ**

**24**

ਇਕ ਕਾਪੀ : **ਢਾਈ ਰੁਪਏ**
ਸਾਲਾਨਾ : **ਦਸ ਰੁਪਏ**

# ਸਿਰਜਣਾ

ਅਕਤੂਬਰ-ਦਸੰਬਰ 1976

□

ਨਿਗਰਾਨ
**ਸੰਤ ਸਿੰਘ ਸੇਖੋਂ**

□

ਸੰਪਾਦਕ
**ਰਘਬੀਰ ਸਿੰਘ**

□

ਵਿਦੇਸ਼ ਪ੍ਰਤਿਨਿਧ
**ਨਿਰੰਜਨ ਸਿੰਘ ਨੂਰ**

□

ਪਤਾ
1197, ਸੈਕਟਰ 15-ਬੀ,
ਚੰਡੀਗੜ੍ਹ ।

SIRJANA is approved by DPI Punjab for all schools, colleges and social education centres vide letter No. 2/6-66 B (EP) dated 26 9 66.


## ਇਸ ਅੰਕ ਵਿਚ


ਸੰਤ ਸਿੰਘ ਸੇਖੋਂ/ਸੰਪਾਦਕੀ/ਸਾਹਿਤ ਦੀ ਵਿਸ਼ੇਸ਼ਤਾ/ 1
ਮੋਹਨ ਸਿੰਘ/ਕਵਿਤਾ/ਮਾਉ/9
ਸੁਖਬੀਰ/ਕਵਿਤਾ/ਅੰਨ/ 10
ਤੇਜਵੰਤ ਸਿੰਘ ਗਿੱਲ/ਨਿਬੰਧ/ਕਵਿਤਾ ਤੇ ਗੱਦ ਵਿਚਲਾ ਭੇਦ/ 11
ਰੇਮੰਡ ਚਾਲੀਨਰ/ ਨਿਬੰਧ/ਪੂੰਜੀਵਾਦ ਤੇ ਵਿਸ਼ਵ ਵਿਦਿਆਲੇ/15
ਹਰਿਭਜਨ ਹਲਵਾਰਵੀ/ਕਵਿਤਾ/ਕਿਹੋ ਜਿਹੇ ਸਮਿਆਂ ਵਿਚ/20
ਸ਼ਹਰਯਾਰ/ਨਿਬੰਧ/ਮੋਹਨਜੀਤ ਤੇ ਮਸਖਰਾ/ 21
ਲੋਕ ਨਾਥ/ਕਵਿਤਾ/ਬੱਕਰੀ ਦੀ ਮੌਤ/ 24
ਰਘੁਬੀਰ ਢੰਡ/ਨਿਬੰਧ/ਚਾਨਣ ਦਾ ਹਾਣੀ/25
ਵਿਲੀਅਮ ਪੋਮਰਾਏ/ਕਹਾਣੀ/ਵਾਪਸੀ/ 29
ਰਮਨ/ਇਕ ਕਵਿਤਾ/ 36
ਅਤਰਜੀਤ/ਕਹਾਣੀ/ਖੋਲ ਵਿਚਲਾ ਮਨੁੱਖ/ 37
ਦਿਲਜੀਤਪਾਲ/ਦੋ ਗਜ਼ਲਾਂ/48
ਅਜਾਇਬ ਸਿੰਘ/ਕਹਾਣੀ/ਪੈਂਡਿੰਗ ਡਰਾਫਟ/ 49
ਪ੍ਰੇਮ ਪ੍ਰਕਾਸ਼, ਹਰਿਭਜਨ ਹਲਵਾਰਵੀ, ਬਲਜੀਤ ਬਾਸੀ, ਅਮਰਜੀਤ ਕਾਂਗ/ਸੰਵਾਦ/ਡੂੰਮ੍ਹ ਉਤੇ ਟਿੱਪਣੀਆਂ/ 53
ਅਜੀਤ ਸਿੰਘ/ਨੋਟ/ਬਾਬਾ ਸ਼ਰਨਾਰਥੀ ਨਹੀਂ/ 58
ਸੁਰਜੀਤ ਹਾਂਸ/ਰੀਵੀਊ ਲੇਖ/ਪੰਜਾਬੀ ਸਾਹਿੱਤਕ ਜਗਤ ਦੀ ਨਕਸ਼ ਨਿਗਾਰੀ/ 59
ਬਲਜੀਤਬਾਸੀ/ਰੀਵੀਊ/ਇਤਿਹਾਸਕ ਪਦਾਰਥਵਾਦੀ ਆਲੋਚਨਾ, ਚਿੱਠੀਆਂ ਲਿਖ ਸਤਿਗੁਰਾਂ ਵਲ ਪਾਈਆਂ/ 67
ਕੇਸਰ ਸਿੰਘ ਕੇਸਰ/ਰੀਵੀਊ/ਰਿਸ਼ਤੇ/70
ਅਮਰਜੀਤ ਕਾਂਗ/ਰੀਵੀਊ/ਭਾਈਆਂ ਭਾਝ, ਮਿੱਟੀ ਦੀ ਚਿੜੀ/ 73
ਰਘੁਬੀਰ ਸਿੰਘ/ਰੀਵੀਊ/ਮਾਰਕਸਵਾਦ ਦੇ ਬੁਨਿਆਦੀ ਮਸਲੇ, ਲੂਈ ਬੋਨਾਪਾਰਟ ਦੀ ਅਠਾਰਵੀਂ ਬਰੂਮੇਰ/77
ਪ੍ਰੇਮ ਪ੍ਰਕਾਸ਼, ਗੁਰਦੀਪ, ਸਵਿਤੋਜ, ਰਘੁਬੀਰ ਢੰਡ, ਭੰਗਲ, ਰਾਇਜਸਬੀਰ ਸਿੰਘ,ਬਲਬੀਰ ਬੇਦੀ, ਫੁਲੇਲ ਸਿੰਘ ਆਦਿ/ ਪੱਤਰ/ 80

## ਸਾਹਿਤ ਦੀ ਵਿਸ਼ੇਸ਼ਤਾ—2

ਪਹਿਲੇ ਲੇਖਾਂ ਵਿਚ ਲੋਕ ਗੀਤਾਂ ਨੂੰ ਅਣ-ਸਾਹਿਤ ਕਿਹਾ ਗਿਆ ਹੈ ਤੇ ਇਨ੍ਹਾਂ ਨੂੰ ਇਉਂ ਕਹਿਣ ਦਾ ਕਾਰਣ ਵੀ ਦੱਸਿਆ ਗਿਆ ਹੈ। ਸ਼ਾਇਦ ਅਣ-ਸਹਿਤ ਦੀ ਥਾਂ ਨਿਮਨ-ਸਾਹਿਤ ਦੀ ਉਕਤੀ ਵਰਤਣਾ ਵਧੇਰੇ ਯੋਗ ਸੀ ਇਸ ਲਈ ਇਸ ਲੇਖ ਵਿਚ ਤਦਾਨੁਸਾਰ ਲੋਕ ਗੀਤਾਂ ਲਈ ਨਿਮਨ-ਸਾਹਿਤ ਸ਼ਬਦ ਹੀ ਵਰਤਿਆ ਜਾਵੇਗਾ। ਤੇ ਸ਼ਾਇਦ ਇਹ ਦੁਹਰਾਣਾ ਵੀ ਅਯੋਗ ਨਾ ਹੋਵੇ ਕਿ ਲੋਕ ਗੀਤ ਨਿਮਨ-ਸਾਹਿਤ ਇਸ ਲਈ ਹਨ ਕਿ ਉਹ ਮਨੁੱਖੀ ਵੇਦਨਾ ਦਾ ਕੇਵਲ ਭਾਵਕ ਤੇ ਉਹ ਵੀ ਛਣਿਕ ਅਭਿਵਿਅੰਜਨ ਹਨ। ਉਨ੍ਹਾਂ ਵਿਚ ਇਸ ਵੇਦਨਾ ਦੀ ਡੂੰਘਾਈ ਤੇ ਤੀਬਰਤਾ ਵਿਚ ਬੁਧੀ ਦਾ ਜੋਹਣ ਜਾਚਣ ਨਹੀਂ ਹੁੰਦਾ ਅਰਥਾਤ ਇਨ੍ਹਾਂ ਵਿਚ ਮਨੁੱਖ ਆਪਣੀਆਂ ਸਾਰੀਆਂ ਮਾਨਸਿਕ ਸ਼ਕਤੀਆਂ ਨਾਲ ਪ੍ਰਵਿਸ਼ਟ ਨਹੀਂ ਹੋਇਆ ਹੁੰਦਾ।

ਗੁਰਬਾਣੀ ਤੇ ਨਿਰੋਲ ਧਾਰਮਿਕ ਲਿਖਤ ਨੂੰ ਪਰਾ-ਸਾਹਿਤ ਇਸ ਲਈ ਕਿਹਾ ਹੈ ਕਿ ਇਹ ਸਾਹਿਤ ਵਾਕੁਰ ਮਨੁੱਖੀ ਵੇਦਨਾ, ਮਨੁੱਖੀ ਸਮਸਿਆਵਾਂ ਤੇ ਮਨੁੱਖੀ ਉਦਮ ਤੇ ਧੀਰਜ ਆਦਿ ਤੱਤਾਂ ਨਾਲ ਸਿਝਣ ਦਾ ਜਤਨ ਤਾਂ ਕਰਦੀ ਹੈ ਪਰ ਇਸ ਉਤੇ ਵਿਜੈ ਪਾਣ ਜਾਂ ਇਸ ਤੋਂ ਮੁਕਤ ਹੋਣ ਦਾ ਇਕ ਸਿੱਧਾ ਜਿਹਾ ਪਰਾਭੌਤਿਕ ਤੇ ਪਰਾਬੋਧਿਕ ਮਾਰਗ ਪਕੜ ਲੈਂਦੀ ਹੈ। ਮਨੁੱਖੀ ਸਮਿਸਆਵਾਂ ਦਾ ਇਹ ਕੋਈ ਯੋਗ ਅਨੁਸੰਧਾਨ ਨਹੀਂ ਪੇਸ਼ ਕਰਦੀ। ਸਭ ਕੁਝ ਨੂੰ ਕੇਵਲ ਪਰਮੇਸ਼ਵਰ ਉਤੇ ਛੱਡ ਦੇਣਾ ਤੇ ਉਸ ਦਾ ਭਾਣਾ ਮੰਨ ਕੇ ਸਭ ਕੁਝ ਸਹਿਣ ਕਰ ਲੈਣਾ ਨਾ ਕੇਵਲ ਵਿਵਿਹਾਰਕ ਹੀ ਨਹੀਂ ਸਗੋਂ ਇਹ ਕੋਈ ਅਨੁਸੰਧਾਨ ਵੀ ਨਹੀਂ। ਇਹ ਠੀਕ ਹੈ ਕਿ ਧਾਰਮਿਕ ਸਾਹਿਤ ਦੀ ਪ੍ਰੇਰਣਾ ਨਾਲ ਕਿਸੇ ਵਿਸ਼ੇਸ਼ ਰੂਪ ਵਿਚ ਸੰਗਠਿਤ ਹੋਏ ਲੋਕ ਵਿਵਿਹਾਰਕ ਸੰਸਾਰ ਵਿਚ ਉਸ ਸੰਗਠਨ ਰਾਹੀਂ ਲੋੜੀਂਦਾ ਭੌਤਿਕ ਵਿਵਿਹਾਰਕ ਕਰਮ ਤੇ ਇਸ ਦੇ ਸੁਭਾਵਕ ਲਕਸ਼ ਪ੍ਰਾਪਤ ਕਰ ਲੈਂਦੇ ਹਨ। ਸਿੱਖ ਸੰਪਰਦਾਇ ਆਪਣੇ ਮੁੱਢ ਵਿਚ ਕੇਵਲ ਧਾਰਮਿਕ ਪ੍ਰੇਰਣਾ ਰਾਹੀਂ ਬਣਿਆ ਇਕ ਸੰਗਠਨ ਸੀ। ਇਸ ਦਾ ਮਨੋਰਥ ਜਾਂ ਲਕਸ਼ ਮੁਗਲ ਸਾਮਰਾਜ ਨਾਲ ਟੱਕਰ ਲੈਣਾ ਨਹੀਂ ਸੀ, ਸਗੋਂ ਮੁਗਲ ਸਾਮਰਾਜ ਤੋਂ ਲਾਂਭੇ ਰਹਿ ਕੇ ਇਸ ਨੂੰ ਆਪਣੇ ਮਨ ਤੇ ਬੁਧ ਤੋਂ ਪਰੋਖੇ ਕਰ ਕੇ ਇਕ ਤਿਆਗੀ ਜਿਹਾ ਸੰਕੁਚਿਤ ਗ੍ਰਿਹਸਥ ਜੀਵਨ ਜਿਉਣਾ ਸੀ। ਇਹ ਇਸ ਤਰ੍ਹਾਂ ਦੀ ਗੱਲ ਹੈ ਜਿਵੇਂ ਇਕ ਪਿੰਡ ਵਿਚ ਦੋ ਤਿੰਨ ਘਰ ਸਾਰੇ ਪਿੰਡ ਨਾਲ ਆਪਣੇ ਵਿਵਿਹਾਰ ਨੂੰ ਅਤਿ ਸੰਕੁਚਿਤ ਕਰ ਕੇ ਆਪਣਾ ਅਲੱਗ ਥਲੱਗ ਭਾਈਚਾਰਾ ਬਣਾ ਲੈਣ। ਉਨ੍ਹਾਂ ਦੀ ਇਹ ਅਲੱਗਤਾ ਬਾਕੀ ਦੇ ਪਿੰਡ ਨੂੰ ਚੁਭੇਗੀ ਤੇ ਲੋਕਾਂ ਵਿਚ ਇਨ੍ਹਾਂ ਘਰਾਂ ਵਿਰੁੱਧ ਇਕ ਵੈਰ ਭਾਵ ਉਤਪੰਨ ਕਰ ਦੇਵੇਗੀ। ਮੁਗਲ ਸਾਮਰਾਜ ਦੇ ਪਰਜਾ ਨਾਲ ਸ਼ਾਸਨ-ਵਿਵਿਹਾਰ ਚੋਖੇ ਵਿਸਤ੍ਰਿਤ ਸਨ। ਸਿੱਖ ਸੰਪਰਦਾਇ ਇਸ ਵਿਵਿਹਾਰ ਨੂੰ ਮਾਮਲਾ ਭਰਨ ਤੋਂ ਉਪਰੰਤ ਹੋਰ ਵਿਸਤਾਰ ਵਿਚ ਲੈ ਜਾਣ ਤੋਂ ਸੰਕੋਚ ਕਰਦੀ ਸੀ। ਇਸ ਦਾ ਇਕ ਬੜਾ ਸਪਸ਼ਟ ਉਦਾਹਰਣ ਅਠਾਰਵੀਂ ਸਦੀ ਦੀ ਪਹਿਲੀ ਤਿਹਾਈ ਵਿਚ ਭਾਈ ਤਾਰੂ ਸਿੰਘ ਦੀ ਸ਼ਹੀਦੀ ਦੀ ਘਟਨਾ ਵਿਚ ਮਿਲਦਾ ਹੈ। ਭਾਈ ਤਾਰੂ ਸਿੰਘ ਨੇ ਲਾਹੌਰ ਦੇ ਸੂਬੇਦਾਰ ਨੂੰ ਇਹੀ

ਗੱਲ ਕਹੀ ਸੀ, "ਮੈਂ ਤੁਹਾਡਾ ਹਾਲਾ ਭਰਦਾ ਹਾਂ, ਤੇ ਕੋਈ ਕਾਨੂੰਨ-ਸ਼ਿਕਨੀ ਨਹੀਂ ਕਰਦਾ, ਕਿਸੇ ਨਾਲ ਲੜਦਾ ਭਿੜਦਾ ਨਹੀਂ। ਤੁਹਾਨੂੰ ਮੇਰੇ ਇਸ ਜੀਵਨ ਵਿਰੁਧ ਕੀ ਸ਼ਕਾਇਤ ਹੋ ਸਕਦੀ ਹੈ?" ਭਾਈ ਤਾਰੂ ਸਿੰਘ ਮੁਗਲ ਸ਼ਾਸਨ ਨਾਲ ਜੂਝ ਰਹੇ ਸਿੰਘਾਂ ਨੂੰ ਕੇਵਲ ਪ੍ਰਸ਼ਾਦ ਹੀ ਖੁਆਂਦਾ ਸੀ, ਤੇ ਉਹ ਕਿਤਨਿਆਂ ਕੁ ਨੂੰ ਪ੍ਰਸ਼ਾਦ ਖੁਆ ਸਕਦਾ ਹੋਵੇਗਾ, ਇਸ ਦਾ ਅਨੁਮਾਨ ਅਸੀਂ ਸਹਿਜੇ ਹੀ ਲਗਾ ਸਕਦੇ ਹਾਂ। ਗੁਰੂ ਅਰਜਨ ਦੇਵ ਜੀ ਨੇ ਸ਼ਾਇਦ ਖੁਸਰੋ ਨੂੰ ਟਿੱਕਾ ਲਗਾ ਦਿੱਤਾ ਹੋਵੇ ਉਸ ਦੇ ਕੋਈ ਕਾਰ ਭੇਟ ਕਰਨ ਪਿਛੋਂ ਪਰ ਗੁਰੂ ਅਰਜਨ ਦੇਵ ਦੀ ਅਗਵਾਈ ਵਿਚ ਸਿੱਖ ਸੰਗਠਨ ਨੇ ਬਾਕੀ ਦੇ ਪਿੰਡ ਅਰਥਾਤ ਆਪਣੇ ਭਾਈਚਾਰੇ ਵਿਚ ਕਰੜਾ ਵਿਰੋਧ ਉਤਪੰਨ ਕਰ ਦਿੱਤਾ ਹੋਇਆ ਸੀ ਤੇ ਇਸ ਵਿਰੋਧ ਨੇ ਮੁਗਲ ਸ਼ਹਿਨਸ਼ਾਹ ਨੂੰ ਆਪਣੇ ਪਾਸੇ ਕਰ ਲਿਆ ਤੇ ਅਜਿਹਾ ਕਰਨ ਵਿਚ ਖੁਸਰੋ ਦਾ ਗੁਰੂ ਅਰਜਨ ਦੀ ਹਜ਼ੂਰੀ ਵਿਚ ਆਉਣਾ ਇਕ ਵਧੀਆ ਬਹਾਨਾ ਸਿੱਧ ਹੋਇਆ ਹੋਵੇਗਾ।

ਇਸ ਗੱਲ ਵਿਚ ਇਤਨੀ ਦੂਰ ਇਸ ਲਈ ਜਾਇਆ ਗਿਆ ਹੈ ਕਿ ਧਾਰਮਿਕ ਸਾਹਿਤ ਦੇ ਵਿਵਿਹਾਰਕ ਜਗਤ ਵਿਚ ਪ੍ਰਭਾਵ ਦੀ ਵਿਆਖਿਆ ਹੋ ਸਕੇ। ਸਿੱਧ ਇਹ ਹੈ ਕਿ ਇਹ ਪ੍ਰਭਾਵ ਸਿੱਧਾ ਨਹੀਂ ਪ੍ਰੋਖ ਰੂਪ ਵਿਚ ਹੁੰਦਾ ਹੈ। ਤੇ ਇਹ ਵੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਮੁਗਲ ਸਾਮਰਾਜ ਦਾ ਵਿਰੋਧ ਕਰਨ ਵਾਲੇ ਸਿੱਖ ਅਥਵਾ ਸਿੰਘ ਕੇਵਲ ਗੁਰਬਾਣੀ ਦੀ ਪ੍ਰੇਰਣਾ ਨਾਲ ਹੀ ਗੁਜ਼ਾਰਾ ਨਹੀਂ ਕਰਦੇ ਸਨ। ਗੁਰਬਾਣੀ ਵਿਚ ਤਾਂ ਇਕ ਥਾਂ ਵੀ ਮੁਗਲ ਸਾਮਰਾਜ ਦਾ ਵਿਰੋਧ, ਤੇ ਫਿਰ ਸ਼ਸਤਰਬਧ ਤੇ ਸੰਗਠਿਤ ਵਿਰੋਧ ਕਰਨ ਦੀ ਉਤੇਜਨਾ ਨਹੀਂ ਮਿਲਦੀ।

ਜਿਸ ਨੂੰ ਅਸੀਂ ਸਾਹਿਤ ਕਹਿੰਦੇ ਹਾਂ ਉਹ ਵੀ ਮਨੁੱਖ ਨੂੰ ਸਮਾਜਕ ਕਰਮ ਦੀ ਸਿੱਧੀ ਪ੍ਰੇਰਣਾ ਜਾਂ ਉਪਦੇਸ਼ ਨਹੀਂ ਦਿੰਦਾ। ਉਪਦੇਸ਼ਾਤਮਕ ਲਿਖਤ ਨੂੰ ਸਾਹਿਤ ਕਹਿਣ ਤੋਂ ਸੰਕੋਚ ਕੀਤਾ ਜਾਂਦਾ ਹੈ। ਧਾਰਮਿਕ ਸਾਹਿਤ ਵਿਚ ਪਰਮੇਸ਼ਰ ਨਾਲ ਜੁੜਨ ਦੇ ਉਪਦੇਸ਼ ਤੋਂ ਉਪਰੰਤ ਸਮਾਜਕ ਉਪਦੇਸ਼ ਵੀ ਅਕਸਰ ਦਿੱਤਾ ਜਾਂਦਾ ਹੈ ਪਰ ਇਹ ਉਪਦੇਸ਼ ਸਮਾਜਕ ਕਰਮ ਵਿਚੋਂ ਨਿਕਲਣ ਅਥਵਾ ਇਸ ਵਿਚ ਸੰਕੋਚ ਦਾ ਉਪਦੇਸ਼ ਹੀ ਹੁੰਦਾ ਹੈ। ਸ਼ੇਖ ਫ਼ਰੀਦ ਦੇ ਸ਼ਲੋਕਾਂ ਵਿਚ ਰਾਜਾ ਵਰਗ ਤੇ ਪਰਜਾ ਦੋਹਾਂ ਲਈ ਇਸ ਪ੍ਰਕਾਰ ਦਾ ਉਪਦੇਸ਼ ਮਿਲਦਾ ਹੈ। ਗੁਰਬਾਣੀ ਵਿਚ ਵੀ, ਵਿਸ਼ੇਸ਼ ਕਰ ਕੇ ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਅਜਿਹਾ ਸਮਾਜਕ ਉਪਦੇਸ਼ ਚੋਖੀ ਮਾਤਰਾ ਵਿਚ ਮਿਲਦਾ ਹੈ। ਜਿਥੋਂ ਤਕ ਇਹ ਉਪਦੇਸ਼ ਮਨੁੱਖ ਨੂੰ ਭਰਮ ਕਰਮ ਤੋਂ ਮੁਕਤ ਤੇ ਹੋਰ ਮੰਦ ਭਾਵਾਂ ਅਥਵਾ ਮਨੁੱਖੀ ਸੰਬੰਧਾਂ ਵਿਚ ਅਯੋਗ ਉਲਝਾਉ ਤੋਂ ਬਚਣ ਦੀ ਪ੍ਰੇਰਣਾ ਦਿੰਦਾ ਹੈ ਉਥੋਂ ਤਕ ਇਹ ਭੌਤਿਕ ਤੇ ਵਿਵਿਹਾਰਕ ਹੈ। ਇਹ ਮਨੁੱਖੀ ਵੇਦਨਾ ਦੇ ਅਨੁਸੰਧਾਨ ਵਲ ਇਕ ਭੌਤਿਕ ਤੇ ਵਿਵਿਹਾਰਕ ਕਦਮ ਹੈ, ਇਸ ਨੂੰ ਪਰਾ-ਸਾਹਿਤ ਵਿਚ ਗਿਣਿਆ ਜਾਣਾ ਵੀ ਉਚਿਤ ਨਹੀਂ। ਅਰਥਾਤ ਇਹ ਮਨੁੱਖੀ ਵੇਦਨਾ ਦੇ ਵਿਸਤਾਰ ਵਿਚ ਇਕ ਪ੍ਰਕਾਰ ਦਾ ਪ੍ਰਵੇਸ਼ ਹੈ ਤੇ ਇਸ ਹੱਦ ਤਕ ਇਹ ਸਾਹਿਤ ਹੈ। ਇਸ ਵਿਚ ਜਿਹੜਾ ਉਪਦੇਸ਼ ਦਿੱਤਾ ਗਿਆ ਹੈ ਉਹ ਅਣ-ਸਾਹਿਤਕ ਰੂਪ ਵਿਚ ਮਨੁੱਖੀ ਵੇਦਨਾ ਦਾ ਅਤਿਸ਼ ਸਰਲੀਕਰਣ ਨਹੀਂ। ਉਪਦੇਸ਼ਾਤਮਕ ਲਿਖਤ ਨੂੰ ਸਾਹਿਤ ਕਹਿਣ ਤੋਂ ਸੰਕੋਚ ਉਸ ਹਾਲਤ ਵਿਚ ਕੀਤਾ ਜਾਂਦਾ ਹੈ ਜਦੋਂ ਇਹ ਮਨੁੱਖੀ ਵੇਦਨਾ ਦੇ ਯੋਗ ਵਿਸਤਾਰ ਵਿਚ ਨਹੀਂ ਜਾਂਦੀ। 'ਚੋਰੀ ਨਾ ਕਰੋ' ਜਾਂ 'ਚੋਰੀ ਕਰਨੀ ਮੰਦੀ ਹੈ' ਵਾਕ ਆਪਣੇ ਆਪ ਵਿਚ ਸਾਹਿਤਕ ਨਹੀਂ ਜਿਤਨਾ ਚਿਰ ਇਹ ਮਨੁੱਖੀ ਵੇਦਨਾ ਦੇ ਘੱਟ ਜਾਂ ਵੱਧ ਵਿਸਤ੍ਰਿਤ ਅਭਿਵਿਅੰਜਨ ਦਾ ਭਾਗ ਨਹੀਂ ਬਣਦੇ। ਭਾਈ

ਗੁਰਦਾਸ ਦੀ ਪਉੜੀ-ਚੋਰ ਗਿਆ ਘਰ ਸ਼ਾਹ ਦੇ—ਦਾ ਉਪਦੇਸ਼ ਨਿਮਕ-ਹਰਾਮੀ ਨਾ ਕਰਨਾ ਹੈ। ਨਿਮਕ-ਹਰਾਮੀ ਤੇ ਨਿਮਕ-ਹਲਾਲੀ ਭੂਪਵਾਦੀ ਸੰਕਲਪ ਹਨ, ਇਨ੍ਹਾਂ ਦਾ ਜੋ ਵਿਸਤਾਰ ਭਾਈ ਗੁਰਦਾਸ ਨੇ ਆਪਣੀ ਇਸ ਪਉੜੀ ਵਿਚ ਦਿੱਤਾ ਹੈ ਉਸ ਨਾਲ ਅਸੀਂ ਮਤ-ਭੇਦ ਰਖ ਸਕਦੇ ਹਾਂ, ਉਸ ਚੋਰ ਦਾ ਕਰਮ ਉਸ ਦੇ ਸ਼ਾਹ ਦੇ ਘਰ ਦੀ ਲੂਣ ਹਾਂਡੀ ਵਿਚੋਂ ਇਕ ਚੁਟਕੀ ਚੱਖ ਲੈਣ ਨਾਲ ਵਧੇਰੇ ਘ੍ਰਿਣਿਤ ਨਹੀਂ ਹੋ ਜਾਂਦਾ। ਉਸ ਚੁਟਕੀ ਤੋਂ ਬਿਨਾਂ ਵੀ ਇਹ ਘ੍ਰਿਣਿਤ ਸੀ। ਭਾਈ ਗੁਰਦਾਸ ਨੇ ਇਸ ਘਟਨਾ ਵਿਚ ਲੂਣ ਦੀ ਹਾਂਡੀ ਦਾ ਵਿਸਤਾਰ ਲਿਆ ਕੇ ਸਾਡੇ ਅੱਜ ਦੇ ਵਿਚਾਰਾਂ ਅਨੁਸਾਰ ਤਾਂ ਕੋਈ ਵਾਧਾ ਨਹੀਂ ਕੀਤਾ ਉਸ ਸਮੇਂ ਦੇ ਵਿਚਾਰਾਂ ਅਨੁਸਾਰ ਇਹ ਇਕ ਬੜਾ ਪ੍ਰਭਾਵਕ ਵਾਧਾ ਸੀ। ਪਰ ਅਸਾਡੇ ਲਈ ਵੀ ਉਸ ਚੋਰ ਦੀ ਕਹਾਣੀ ਇਕ ਮਨੁੱਖੀ ਸਥਿਤੀ ਦਾ ਪ੍ਰਭਾਵਕ ਚਿਤਰ ਹੈ। ਭਾਈ ਗੁਰਦਾਸ ਵਿਚ ਇਸ ਪ੍ਰਕਾਰ ਦਾ ਵਿਸਤਾਰ ਬਹੁਤ ਮਿਲਦਾ ਹੈ ਜਿਸ ਦੇ ਆਧਾਰ-ਰੂਪ ਸੰਕਲਪਾਂ ਨਾਲ ਸਾਡੀ ਸੰਮਤੀ ਨਹੀਂ ਪਰ ਉਹ ਵਿਸਤਾਰ ਬਹੁਤ ਕਰਕੇ ਵਿਵਿਹਾਰਕ ਵਿਸਤਾਰ ਹੈ। ਇਸ ਲਈ ਉਸ ਨੂੰ ਸਾਹਿਤਕ ਮੰਨਿਆ ਜਾਂਦਾ ਹੈ।

ਸੰਖੇਪ ਵਿਚ ਸਾਡਾ ਅਨੁਰੋਧ ਇਹ ਹੈ ਕਿ ਸਾਹਿਤ ਉਪਦੇਸ਼ਾਤਮਕ ਹੋ ਸਕਦਾ ਹੈ ਜੇ ਉਹ ਉਪਦੇਸ ਵਿਵਿਹਾਰਕ ਹੋਵੇ ਤੇ ਮਨੁੱਖੀ ਸਥਿਤੀ ਤੇ ਵੇਦਨਾ ਦੇ ਵਿਸਤਾਰ ਦਾ ਇਕ ਭਾਗ ਬਣ ਕੇ ਆਵੇ। ਜੇ ਇਹ ਮਨੁੱਖੀ ਵੇਦਨਾ ਤੇ ਸਥਿਤੀ ਤੋਂ ਕਿਨਾਰਾਕਸ਼ੀ ਕਰਨ ਦਾ ਉਪਦੇਸ਼ ਦਿੰਦਾ ਹੈ ਤੇ ਇਸ ਵਿਚ ਮਨੁੱਖੀ ਸਥਿਤੀ ਦਾ ਕੋਈ ਵਿਵਿਹਾਰਕ ਵਿਸਤਾਰ ਨਹੀਂ ਤਾਂ ਇਹ ਸਾਹਿਤ ਨਹੀਂ ਬਣਦਾ। ਉਦਾਹਰਣ ਲਈ, ਗਾਵੈ ਕੋ ਤਾਣੁ, ਜਾਂ ਸਾਰਾ 'ਜਪੁ' ਹੀ ਸਾਹਿਤ ਨਹੀਂ, ਪਰਾ-ਸਾਹਿਤ ਹੈ। ਪਰ ਗੁਰਬਾਣੀ ਵਿਚ ਉਹ ਪਦੇ ਜਿਨ੍ਹਾਂ ਵਿਚ ਮਨੁੱਖੀ ਸਥਿਤੀ ਦਾ ਵਿਵਿਹਾਰਕ ਵਿਸਤਾਰ ਹੈ, ਸਾਹਿਤ ਹਨ ਭਾਵੇਂ ਉਨ੍ਹਾਂ ਵਿਚ ਕਿਨਾਰਾਕਸ਼ੀ ਦਾ ਉਪਦੇਸ਼ ਵੀ ਦਿੱਤਾ ਹੋਵੇ। ਇਸ ਲਈ ਜਦੋਂ ਅਸੀਂ ਗੁਰਬਾਣੀ ਜਾਂ ਧਾਰਮਿਕ ਲਿਖਤ ਨੂੰ ਪਰਾ-ਸਾਹਿਤ ਕਹਿੰਦੇ ਹਾਂ ਤਾਂ ਸਾਡਾ ਨਿਸ਼ਾਨਾ ਇਸ ਦਾ ਉਹ ਭਾਗ ਹੈ ਜੋ ਨਿਰੋਲ ਅਧਿਆਤਮਕ ਹੈ ਤੇ ਮਨੁੱਖੀ ਸਥਿਤੀ ਦੇ ਵਿਵਿਹਾਰਕ ਵਿਸਤਾਰ ਵਿਚ ਨਹੀਂ ਜਾਂਦਾ।

ਸਾਹਿਤ ਦੇ ਲਕਸ਼ ਬਾਰੇ ਆਮ ਕਰ ਕੇ ਇਹ ਕਿਹਾ ਜਾਂਦਾ ਹੈ ਕਿ ਇਹ ਮਨੁੱਖੀ ਜੀਵਨ ਦੇ ਸੱਚ ਦਾ ਅਭਿਵਿਅੰਜਨ ਕਰੇ ਜਾਂ ਮਨੁੱਖੀ ਵੇਦਨਾ ਦਾ। ਸ਼ਬਦ ਸੱਚ ਤਾਂ ਬਹੁਤ ਭੁਲੇਖਾ ਪਾਉਣ ਵਾਲਾ ਹੈ। ਇਸਨੂੰ ਅੰਗ੍ਰੇਜ਼ੀ ਸ਼ਬਦ truth ਦੇ ਅਰਥਾਂ ਵਿਚ ਵੀ ਲਿਆ ਜਾ ਸਕਦਾ ਹੈ ਤੇ ਇਸ 'ਚ ਨੈਤਿਕ ਮੁੱਲ ਵੀ ਆ ਜਾਂਦੇ ਹਨ। ਨੈਤਿਕ ਮੁੱਲ ਨਿਰਧਾਰਨ ਜਾਂ ਅਭਿਵਿਅਕਤ ਕਰਨਾ ਧਰਮ ਜਾਂ ਨੀਤੀ ਸ਼ਾਸਤਰ ਦਾ ਲਕਸ਼ ਹੈ, ਸਾਹਿਤ ਦਾ ਲਕਸ਼ ਇਸ ਤੋਂ ਕੁਝ ਵਧੇਰੇ ਤੇ ਵਿਸ਼ਾਲਤਰ ਅਰਥਾਂ ਵਾਲਾ ਹੋਵੇਗਾ। ਵੇਦਨਾ ਸ਼ਬਦ ਵਿਚ ਵੀ ਇਕ ਪ੍ਰਾਕ-ਨਿਰਣਾ ਆ ਜਾਂਦਾ ਹੈ ਤੇ ਇਸ ਤੋਂ ਇਹ ਆਭਾਸ ਹੁੰਦਾ ਹੈ ਕਿ ਮਨੁੱਖ ਦੀ ਮਾਨਸਿਕ ਤੇ ਭਾਵਕ ਸਥਿਤੀ ਦੁੱਖ-ਗ੍ਰਸਿਤ ਹੈ। ਇਹ ਮਤ ਇਕ ਅਸਿਤਤਵਵਾਦੀ ਨਿਰਣਾ ਹੈ। ਧਾਰਮਿਕ ਚਿੰਤਕਾਂ ਨੇ ਵੀ ਵਧੇਰੇ ਕਰ ਕੇ ਮਨੁੱਖੀ ਸਥਿਤੀ ਨੂੰ ਦੁੱਖ-ਗ੍ਰਸਿਤ ਹੀ ਆਖਿਆ ਹੈ। ਅੱਜ ਦੇ ਯੁਗ ਵਿਚ ਇਸ ਨਿਰਣੇ ਨੂੰ ਕੇਵਲ ਅਣ-ਸਮਾਜਵਾਦੀ ਜਗਤ, ਪੂੰਜੀਵਾਦੀ ਜਾਂ ਭੂਪਵਾਦੀ ਜਾਂ ਮਿਸ਼੍ਰਿਤ ਹੀ ਸਵੀਕਾਰ ਕਰ ਸਕਦਾ ਹੈ। ਸਮਾਜਵਾਦੀ ਜਗਤ ਵਿਚ ਭਾਵੇਂ ਕਈ ਲੋਕ ਪੁਰਾਣੇ ਸੰਸਕਾਰਾਂ ਦੇ ਅਧੀਨ ਵਿਅਕਤਿਗਤ ਪੱਧਰ ਉਤੇ ਆਪਣੀ ਸਥਿਤੀ ਨੂੰ ਦੁੱਖ-ਗ੍ਰਸਿਤ ਅਥਵਾ ਵੇਦਨਾਮਈ ਬੇਸ਼ਕ ਸਮਝ ਲੈਣ ਤੇ ਕਹਿ ਦੇਣ ਪਰ ਸਮੁੱਚੇ ਰੂਪ ਵਿਚ ਉਨ੍ਹਾਂ ਦੀ

ਸਥਿਤੀ ਅਜਿਹੀ ਨਹੀਂ । ਸਮਾਜਵਾਦੀ ਜਗਤ ਦੇ ਇਸ ਪ੍ਰਭਾਵ ਨਾਲ ਦੂਜਾ ਜਗਤ ਵੀ, ਵਿਗਿਆਨ ਦੇ ਵਿਸ਼ਾਲ ਵਿਕਾਸ ਰਾਹੀਂ ਦੁੱਖ ਦੇ ਸੋਮਿਆਂ, ਭੁੱਖ, ਬੀਮਾਰੀ ਤੇ ਪ੍ਰਾਕ੍ਰਿਤਿਕ ਕਠੋਰਤਾ ਨੂੰ ਤੀਬਰਤਾ ਨਾਲ ਘਟਾ ਰਿਹਾ ਹੈ । ਸਭ ਤੋਂ ਵੱਡੇ ਦੁੱਖ ਮੌਤ ਵਿਸ਼ੇਸ਼ ਕਰ ਕੇ ਜਵਾਨੀ ਤੇ ਬਚਪਨ ਵਿਚ ਮੌਤ ਦੀ ਦਰ ਪਛੜੇ ਹੋਏ ਤੇ ਵਿਕਾਸਸ਼ੀਲ ਦੇਸ਼ਾਂ ਵਿਚ ਵੀ ਬਹੁਤ ਘਟ ਗਈ ਹੈ । ਗਰੀਬੀ ਵੀ ਸਰਵਥਾ ਘਟ ਰਹੀ ਹੈ । ਇਸ ਵਿਕਾਸ ਨੇ ਮਨੁੱਖ, ਵਿਸ਼ੇਸ਼ ਕਰ ਕੇ ਸਮਾਜਵਾਦੀ ਭਾਵਨਾ ਵਾਲੇ ਮਨੁੱਖ ਦੇ ਮਨ ਵਿਚ ਜੀਵਨ ਬਾਰੇ ਆਸ਼ਾਮਈ ਸੰਕਲਪ ਨੂੰ ਬਲ ਪ੍ਰਦਾਨ ਕੀਤਾ ਹੈ । ਇਸ ਤਰ੍ਹਾਂ ਅਸੀਂ ਜਗਤ ਵਿਚ ਜੀਵਨ ਬਾਰੇ ਆਸ਼ਾ ਤੇ ਨਿਰਾਸ਼ਾ ਦੇ ਦੋ ਮਤਾਂ ਨੂੰ ਸਪਸ਼ਟ ਰੂਪ ਵਿਚ ਦੇਖ ਸਕਦੇ ਹਾਂ । ਅਜਿਹੇ ਸਮਾਚਾਰ ਵਿਚ ਮਨੁੱਖੀ ਸਥਿਤੀ ਨੂੰ ਵੇਦਨਾ ਕਹਿਣਾ ਯੋਗ ਨਹੀਂ । ਇਹ ਵੀ ਮੰਨਿਆ ਜਾ ਸਕਦਾ ਹੈ ਕਿ ਹਰ ਸਮਾਜ ਵਿਚ ਮਨੁੱਖ ਦੇ ਮਨ ਵਿਚ ਨਿਰਾਸ਼ਾ ਤੇ ਵੇਦਨਾ ਦੇ ਪਲ ਆਉਂਦੇ ਹਨ । ਉਹ ਵੀ ਸਾਹਿਤ ਦਾ ਵਿਸ਼ਾ ਬਣਨਗੇ ਪਰ ਅਸੀਂ ਸਾਹਿਤ ਨੂੰ ਨਿਰੋਲ ਵੇਦਨਾ ਦਾ ਅਭਿਵਿਅੰਜਨ ਨਹੀਂ ਮੰਨ ਸਕਦੇ । ਸਾਹਿਤ ਮਨੁੱਖੀ ਆਸ਼ਾ ਤੇ ਨਿਰਾਸ਼ਾ ਦੋਹਾਂ ਦਾ ਅਭਿਵਿਅੰਜਨ ਕਰਦਾ ਹੈ ਤੇ ਅੱਜ ਦੇ ਜਗਤ ਵਿਚ, ਸ਼ਾਇਦ ਪਹਿਲੇ ਸਮਿਆਂ ਨਾਲੋਂ ਵਧੇਰੇ ਸਾਹਿਤ ਨੂੰ ਮਨੁੱਖੀ ਆਸ਼ਾ ਉਤੇ ਬਲ ਦੇਣਾ ਚਾਹੀਦਾ ਹੈ । ਪਰ ਇਹ ਨਿਰਣਾ ਨਾਂਹ ਕਰ ਕੇ ਅਸੀਂ ਸਾਹਿਤ ਨੂੰ ਮਨੁੱਖੀ ਸਥਿਤੀ ਦਾ ਅਭਿ-ਵਿਅੰਜਨ ਕਹਿੰਦੇ ਹਾਂ ਜਿਸ ਵਿਚ ਸਾਹਿਤਕਾਰ ਨੂੰ ਆਪਣੀ ਰੁਚੀ ਅਨੁਸਾਰ ਨਿਰਾਸ਼ਾ ਦਾ ਅਭਿ-ਵਿਅੰਜਨ ਕਰਨ ਦੀ ਖੁਲ੍ਹ ਦਿੰਦੇ ਹਾਂ ।

ਸਾਹਿਤ ਤੇ ਕਲਾ ਬਾਰੇ ਇਕ ਮਤ ਇਹ ਵੀ ਬਹੁ-ਪ੍ਰਚਲਿਤ ਹੈ ਕਿ ਇਹ ਕੇਵਲ ਮਨੁੱਖੀ ਸਥਿਤੀ ਦਾ ਅਭਿਵਿਅੰਜਨ ਹੈ ਤੇ ਇਸ ਅਭਿਵਿਅੰਜਨ ਨਾਲ ਕੋਈ ਮੰਤਵ ਜੋੜਨਾ ਵਿਅਰਥ ਜਾਂ ਅਯੋਗ ਹੈ । ਪਰ ਜੇ ਅਸੀਂ ਇਸ ਮਤ ਦੇ ਆਧਾਰ-ਰੂਪ ਮਨੋਵਿਗਿਆਨ ਤੋਂ ਵੀ ਸਿਖਿਆ ਲਈਏ ਤਾਂ ਇਹ ਪਤਾ ਲਗਦਾ ਹੈ ਕਿ ਮਨੁੱਖ ਦੇ ਆਪਣੀ ਵੇਦਨਾ ਦੇ ਸਰਲਤਮ ਅਭਿਵਿਅੰਜਨ, ਰੋਣ ਤੋਂ ਵੀ ਮਨੁੱਖ ਨੂੰ ਇਕ ਮਾਨਸਿਕ ਸੁੱਖ ਦਾ ਅਨੁਭਵ ਹੁੰਦਾ ਹੈ । ਪਰ ਸਪਸ਼ਟ ਹੈ ਕਿ ਇਹ ਸੁੱਖ ਆਪਣੀ ਸਥਿਤੀ ਅਨੁਸਾਰ ਪ੍ਰਾਪਤ ਸੁੱਖ ਨਹੀਂ, ਸਾਹਿਤ ਲਈ ਇਸ ਨੂੰ ਅਥਵਾ ਨਿਰੇ ਅਭਿਵਿਅੰਜਨ ਨੂੰ ਪ੍ਰਾਪਤ ਮੰਨ ਲੈਣਾ ਸੰਦੇਹ ਉਤਪੰਨ ਕਰਦਾ ਹੈ । ਉਹ ਸੰਦੇਹ ਇਹ ਹੈ ਕਿ ਨਿਰੋਲ ਅਭਿਵਿਅੰਜਨਵਾਦੀ ਸਾਹਿਤਕਾਰ ਜਾਂ ਕਲਾਕਾਰ ਮਨੁੱਖ ਦੀ ਸਥਿਤੀ ਨੂੰ ਵਧੇਰੇ ਸੰਪੰਨ ਤੇ ਸਮ੍ਰਿਧ ਬਣਾਣ ਵਾਲੇ ਮਤਾਂ ਬਾਰੇ ਉਦਾਸ-ਭਾਵੀ ਹੁੰਦਾ ਹੈ ।

ਇਸ ਉਦਾਸੀਨ ਭਾਵ ਦਾ ਆਘਾਤ ਸਪਸ਼ਟ ਹੈ ਮੁੱਖ ਰੂਪ ਵਿਚ ਮਨੁੱਖੀ ਜੀਵਨ ਬਾਰੇ ਆਸ਼ਾਵਾਦੀ ਮਤਾਂ ਉਪਰ ਹੁੰਦਾ ਹੈ । ਵਿਵਿਹਾਰਕ ਰੂਪ ਵਿਚ ਅਸੀਂ ਦੇਖਦੇ ਹਾਂ ਕਿ ਮਨੁੱਖੀ ਚਿੰਤਨ ਪੂੰਜੀਵਾਦ ਤੇ ਭੂਪਵਾਦ ਦੀਆਂ ਪੂਰਵ-ਸਮਾਜਵਾਦੀ ਸਥਿਤੀਆਂ ਨਾਲ ਅਸੰਤੁਸ਼ਟ ਹੈ । ਇਨ੍ਹਾਂ ਸਥਿਤੀਆਂ ਤੋਂ ਅਗਲਾ ਇਕ ਮਾਰਗ ਸਮਾਜਵਾਦ ਦਾ ਹੈ । ਹੋਰ ਮਾਰਗ ਹਾਲੀ ਕੋਈ ਮਨੁੱਖ ਦੀ ਦ੍ਰਿਸ਼ਟੀ ਵਿਚ ਨਹੀਂ ਆਇਆ । ਇਸ ਲਈ ਅਭਿਵਿਅੰਜਨਵਾਦੀ ਸਾਹਿਤਕਾਰ ਦਾ ਮਤ, ਸਮਾਜ-ਵਾਦ ਬਾਰੇ ਸ਼ੰਕੇ ਤੇ ਸੰਦੇਹ ਦਾ ਮਤ ਹੋ ਨਿਬੜਦਾ ਹੈ । ਤੇ ਆਮ ਦੇਖਣ ਵਿਚ ਆਉਂਦਾ ਹੈ ਕਿ ਅਭਿਵਿਅੰਜਨਵਾਦੀ ਸਾਹਿਤਕਾਰ ਜਿਥੇ ਪੂੰਜੀਵਾਦੀ-ਭੂਪਵਾਦੀ ਸਮਾਜਕ ਸਥਿਤੀ ਨਾਲ ਅਸੰ-ਤੁਸ਼ਟਤਾ ਪ੍ਰਗਟ ਕਰਦੇ ਹਨ ਉਥੇ ਉਹ ਸਮਾਜਵਾਦ ਬਾਰੇ ਵੀ ਆਸ਼ਾਵੰਦ ਨਹੀਂ ਹੁੰਦੇ ਤੇ ਇਸ ਤਰ੍ਹਾਂ ਉਹ ਮਨੁੱਖੀ ਇਤਿਹਾਸ ਤੇ ਵਿਕਾਸ ਵਿਚ ਇਕ ਖੜੋਤ ਦੇ ਲਖਾਇਕ ਹੁੰਦੇ ਹਨ ।

ਇਸ ਕਾਰਣ ਅਸੀਂ ਮਨੁੱਖੀ ਸਥਿਤੀ ਬਾਰੇ ਨਿਰਾਸ਼ਾ ਜਾਂ ਅਪਸਾਰ ਦੀ ਕਰੁਚੀ ਵਾਲੀ ਲਿਖਤ ਨੂੰ ਪੂਰਨ ਰੂਪ ਸਾਹਿਤ ਨਹੀਂ ਮੰਨ ਸਕਦੇ। ਸਾਹਿਤ ਵਿਚ ਮਨੁੱਖ ਦੇ ਜੀਵਨ ਵਿਚ ਅਜਿਹੇ ਪਲਾਂ ਦਾ ਅਭਿਵਿਅੰਜਨ ਆ ਸਕਦਾ ਹੈ ਪਰ ਜਿਸ ਲਿਖਤ ਵਿਚ ਇਹ ਅਭਿਵਿਅੰਜਨ ਛਣਿਕ ਦੀ ਥਾਂ ਜੀਵਨ ਦੀ ਸਥਿਤੀ ਦਾ ਪੂਰਕ ਤੇ ਸਦੈਵ ਅਭਿਵਿਅੰਜਨ ਹੈ, ਉਹ ਲਿਖਤ ਜਾਂ ਨਿਮਨ-ਸਾਹਿਤ ਹੈ ਕਿਉਂਕਿ ਇਹ ਮਨੁੱਖੀ ਸਥਿਤੀ ਦਾ ਪੂਰਾ ਕਲਾਵਾ ਨਹੀਂ ਭਰਦੀ ਤੇ ਜਾਂ ਪਰਾ-ਸਾਹਿਤ ਕਿਉਂਕਿ ਇਹ ਮਨੁੱਖੀ ਮਨ ਨੂੰ ਮਨੁੱਖੀ ਸਥਿਤੀ ਨਾਲ ਨਜਿੱਠਣ ਦੀ ਥਾਂ ਉਸ ਤੋਂ ਪਰਲੇ ਕਿਸੇ ਭਰਮ ਸੰਸਾਰ ਵਿਚ ਲੈ ਜਾਂਦੀ ਹੈ।

1930 ਤੋਂ ਲੈ ਕੇ, ਅਰਥਾਤ ਜਦੋਂ ਦਾ ਸਮਾਜਵਾਦ ਇਕ ਵਿਵਿਹਾਰਕ ਕਾਰਜ-ਕ੍ਰਮ ਬਣ ਗਿਆ ਹੈ, ਸਮਾਜਵਾਦੀ ਦੇਸ਼ਾਂ ਤੋਂ ਬਾਹਰਲੇ ਜਗਤ ਦੇ ਸਾਹਿਤ ਵਿਚ ਪ੍ਰਗਤਿਵਾਦੀ ਲਹਿਰ ਚਲਦੀ ਰਹੀ ਹੈ। ਆਪਣੇ ਮੁੱਢ ਵਿਚ ਇਹ ਲਹਿਰ ਬਹੁਤ ਕਰ ਕੇ ਨਾਜ਼ੀਵਾਦ ਦੇ ਵਿਰੁੱਧ ਉਠੀ ਸੀ ਤੇ ਇਸ ਨੇ ਨਾਜ਼ੀਵਾਦ ਦੇ ਮਾਤਾ ਪਿਤਾ ਸਾਮਰਾਜ ਤੇ ਭੂਪਵਾਦ ਨੂੰ ਵੀ ਆਪਣੇ ਵਾਰ ਦਾ ਨਿਸ਼ਾਨਾ ਬਣਾਇਆ। ਜਿਤਨਾ ਚਿਰ ਸਾਮਰਾਜ ਬਲਵਾਨ ਰਿਹਾ, ਸਾਹਿਤ ਵਿਚ ਪ੍ਰਗਤਿਵਾਦੀ ਰੁਚੀ ਵੀ ਪ੍ਰਧਾਨ ਰਹੀ। ਸਾਮਰਾਜ ਦਾ ਬਲ ਖੰਡਿਤ ਹੋ ਜਾਣ ਤੋਂ ਪਿਛੋਂ ਅਥਵਾ 1955 ਤੋਂ ਪਿਛੋਂ ਜਗਤ ਵਿਚ ਪ੍ਰਗਤਿਵਾਦ ਬਾਰੇ ਉਦਾਸੀਨਤਾ, ਅਰੁਚੀ ਤੇ ਕ੍ਰਿਆਸ਼ੀਲ ਵਿਰੋਧ ਉਤਪੰਨ ਹੋ ਗਏ ਹਨ। ਮੂਲ ਰੂਪ ਵਿਚ ਇਹ ਭਾਵ ਸਾਮਰਾਜ ਨੂੰ ਵਿਸਥਾਪਿਤ ਕਰਨ ਵਾਲੀ ਸ਼ਕਤੀ ਸਮਾਜਵਾਦ ਨੂੰ ਨਾ ਸਵੀਕਾਰ ਕਰਨ ਵਾਲੇ ਚਿੰਤਕਾਂ ਦੇ ਮਨੋਵਿਕਾਰ ਹਨ ਪਰ ਮਨੁੱਖ ਵਿਚ ਇਕ ਰੁਚੀ ਵਰਤਮਾਨ ਦੀ ਜੀਵਨ ਸ਼ੈਲੀ ਤੋਂ ਅਕੇਵੇਂ ਦੀ ਵੀ ਹੁੰਦੀ ਹੈ। ਇਸ ਅਕੇਵੇਂ ਦੀ ਰੁਚੀ ਅਧੀਨ ਤੇ ਸਮਾਜਵਾਦ ਵਿਰੋਧੀ ਚਿੰਤਨ ਤੇ ਕਲਾ ਤੋਂ ਪ੍ਰਭਾਵਿਤ ਹੋ ਕੇ ਕਈ ਪ੍ਰਗਤਿਸ਼ੀਲ ਰੁਚੀਆਂ ਵਾਲੇ ਚਿੰਤਕ ਤੇ ਕਲਾਕਾਰ ਵੀ ਪ੍ਰਗਤਿਵਾਦੀ ਲਹਿਰ ਤੋਂ ਵਿਮੁਖ ਹੋਏ ਹਨ ਤੇ ਹੁੰਦੇ ਜਾ ਰਹੇ ਹਨ। ਪੰਜਾਬੀ ਸਾਹਿਤ ਦੇ ਖੇਤਰ ਵਿਚ ਇਨ੍ਹਾਂ ਚਿੰਤਕਾਂ ਤੇ ਸਾਹਿਤਕਾਰਾਂ ਵਿਚ ਪ੍ਰਮੁਖ ਹੁਣ ਤਕ ਡਾ: ਹਰਿਭਜਨ ਸਿੰਘ ਰਿਹਾ ਹੈ। ਤੇ ਡਾ: ਅਤਰ ਸਿੰਘ ਵੀ ਆਪਣੀ ਨਵੀਂ ਰਚਨਾ 'ਸਮਦਰਸ਼ਨ' ਵਿਚ ਇਸ ਵਿਮੁਖਤਾ ਦਾ ਸ਼ਿਕਾਰ ਹੋ ਗਿਆ ਜਾਪਦਾ ਹੈ। ਡਾ: ਹਰਿਭਜਨ ਸਿੰਘ ਨੇ ਕੁਝ ਚਿਰ ਹੋਇਆ ਆਪਣਾ ਇਹ ਮਤ ਆਧੁਨਿਕ ਜੁਝਾਰ ਕਵਿਤਾ ਦੇ ਵਿਰੁਧ ਕੁਝ ਛੰਦਾਂ ਵਿਚ ਪ੍ਰਗਟ ਕੀਤਾ ਸੀ (ਇਹ ਕੇਹੀ ਸ਼ਾਇਰੀ ਹੈ ਦੋਸਤੋ)। ਉਸ ਤੋਂ ਪਿਛੋਂ ਉਹ ਗਠਨਵਾਦੀ (ਸੰਰਚਨਾਵਾਦੀ) ਮਤ ਤੋਂ ਪ੍ਰਭਾਵਿਤ ਹੋ ਕੇ ਪ੍ਰਗਤਿਵਾਦੀ ਸਾਹਿਤਕ ਸ਼ੈਲੀ ਦਾ ਵਿਰੋਧੀ ਬਣ ਗਿਆ ਹੈ। ਉਸ ਨੇ ਆਪਣੇ ਇਸ ਵਿਰੋਧ ਦਾ ਆਧਾਰ ਮੁਖ ਰੂਪ ਵਿਚ ਸਾਹਿਤ ਦੇ ਮਾਰਕਸਵਾਦੀ ਦਰਸ਼ਨ, ਅਥਵਾ ਜੀਵਨ ਦੇ ਮਾਰਕਸਵਾਦੀ ਅਰਥਾਪਨ ਨੂੰ ਬਣਾਇਆ ਹੈ। ਯੂਰਪ ਵਿਚ ਗਠਨਵਾਦ(ਸੰਰਚਨਾਵਾਦ) ਮੁਢ ਵਿਚ ਮਾਰਕਸਵਾਦੀ (ਦਵੰਦਵਾਦੀ ਪਦਾਰਥਵਾਦੀ) ਅਰਥਾਪਨ ਦਾ ਵਿਕਲਪ ਰੂਪ ਪੇਸ਼ ਕੀਤਾ ਗਿਆ ਸੀ। ਗਠਨਵਾਦ ਦਾ ਮੁਖ ਪ੍ਰਸਤਾਵਕ, ਲੇਵੀ ਸਤ੍ਰਾਸ ਆਪਣੇ ਆਪ ਨੂੰ ਮਾਰਕਸਵਾਦੀ ਮੰਡਲ ਵਿਚੋਂ ਬਾਹਰ ਨਹੀਂ ਲਿਜਾਂਦਾ। ਪਰ ਬਹੁਤੇ ਗਠਨਵਾਦੀ, ਵਿਸ਼ੇਸ਼ ਕਰ ਕੇ ਪੰਜਾਬੀ ਗਠਨਵਾਦੀ ਗਠਨਵਾਦ ਰਾਹੀਂ ਮਾਰਕਸਵਾਦ ਨੂੰ ਵਿਸਥਾਪਿਤ ਕਰਨਾ ਲੋੜਦੇ ਹਨ। ਉਹ ਸਾਹਿਤ ਨੂੰ ਅਭਿਵਿਅੰਜਨ ਦਾ ਨਿਰਾ ਗਠਨ ਹੀ ਮੰਨਦੇ ਹਨ ਤੇ ਇਸ ਵਿਚ ਕਿਸੇ ਮਨੁੱਖੀ ਲਕਸ਼ ਦੇ ਪ੍ਰਵੇਸ਼ ਨੂੰ ਯੋਗ ਨਹੀਂ ਸਮਝਦੇ। ਉਨ੍ਹਾਂ ਦਾ ਮਤ ਹੈ ਕਿ ਜਿਵੇਂ ਪ੍ਰਕ੍ਰਿਤੀ ਤੇ ਸਮਾਜ ਦੇ ਹਰ ਅੰਸ਼ ਵਿਚ ਗਠਨ ਦਾ ਇਕ ਸੁਤੰਤਰ

ਨਿਯਮ ਕੰਮ ਕਰ ਰਿਹਾ ਹੈ ਏਸੇ ਤਰ੍ਹਾਂ ਇਹ ਸਾਹਿਤ ਵਿਚ ਵੀ ਕੰਮ ਕਰਦਾ ਹੈ। ਸਾਹਿਤਕ ਗਠਨ
(ਸਰੰਚਨਾ) ਦੇ, ਉਨਾਂ ਅਨੁਸਾਰ ਆਪਣੇ ਨਿਯਮ ਹਨ। ਉਨ੍ਹਾਂ ਵਿਚ ਪ੍ਰਧਾਨ ਨਿਯਮ, ਸਾਮਾਨਯ
ਗਠਨਵਾਦ ਅਨੁਸਾਰ ਇਹ ਹੈ ਕਿ ਸਮੂਹ ਅੰਸ਼ਾਂ ਦੇ ਗਠਨਾਂ ਵਿਚ ਪਰਿਵਰਤਨ ਉਨ੍ਹਾਂ ਗਠਨਾਂ
ਦੇ ਅੰਦਰਲੇ ਆਪਣੇ ਨਿਯਮਾਂ ਅਨੁਸਾਰ ਹੁੰਦਾ ਹੈ, ਤੇ ਸਭ ਅੰਸ਼ਾਂ ਨੂੰ ਵਿਰੋਧਾਂ ਤੇ ਸਮਾਨਾਂਤਰ
ਰੂਪਾਂ ਵਿਚ ਰਖਿਆ ਜਾ ਸਕਦਾ ਹੈ ਤੇ ਇਨ੍ਹਾਂ ਵਿਰੋਧਾਂ ਤੇ ਸਮਾਨਾਂਤਰ ਰੂਪਾਂ
ਦਾ ਪ੍ਰਾਸ (Range) ਸਦਾ ਵਧਦਾ ਰਹਿੰਦਾ ਹੈ। ਸੋ ਸਾਹਿਤ ਵਿਚ ਵੀ ਉਚਿਤ
ਵਿਧੀ ਇਨ੍ਹਾਂ ਵਿਰੋਧਾਂ ਤੇ ਸਮਾਨਾਂਤਰਾਂ ਦੇ ਪ੍ਰਾਸ ਨੂੰ ਵਧਾਣ ਦੀ ਵਿਧੀ ਹੈ। ਇਸ ਨਾਲ ਉਹ
ਮਨੁੱਖੀ ਵੇਦਨਾ ਦੇ ਸੰਕਲਪ ਨੂੰ ਵੀ ਜੋੜ ਦਿੰਦੇ ਹਨ। ਅਰਥਾਤ ਇਨ੍ਹਾਂ ਵਿਰੋਧਾਂ ਤੇ ਸਮਾਨਾਂਤਰਾਂ ਦੇ
ਪ੍ਰਾਸ ਵਿਚ ਵਾਧਾ ਮਨੁੱਖੀ ਵੇਦਨਾ ਦੇ ਅਭਿਵਿਅੰਜਨ ਵਿਚ ਵਾਧਾ ਕਰਨਾ ਹੈ।

ਮਾਰਕਸਵਾਦੀ ਅਰਥਾਪਨ ਤੇ ਇਸ ਅਰਥਾਪਨ ਵਿਚ ਇਕ ਭੇਦ ਇਹ ਹੈ ਕਿ ਜਿਥੇ ਮਾਰਕਸ-
ਵਾਦ ਇਨ੍ਹਾਂ ਵਿਰੋਧਾਂ ਵਿਚ ਸੰਸ਼ਲੇਸ਼ਣ ਨੂੰ ਇਕ ਨਿਰੰਤਰ ਗਤੀਸ਼ੀਲ ਸਮਤੋਲਕਾਰੀ ਪੜਾਉ ਮਿਥਦਾ
ਹੈ, ਉਥੇ ਗਠਨਵਾਦੀ ਅਰਥਾਪਨ ਵਿਚ ਸੰਸ਼ਲੇਸ਼ਣ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਵਾਮ ਪੱਖੀ
ਅਸਿਤਤਵਵਾਦੀ ਤੇ ਗਠਨਵਾਦੀ ਦੋਵੇਂ ਪ੍ਰਕ੍ਰਿਤੀ ਤੇ ਜੀਵਨ ਦੇ ਅੰਸ਼ਾਂ ਵਿਚ ਵਿਰੋਧਾਂ ਦੀ ਹੋਂਦ ਨੂੰ
ਸਵੀਕਾਰ ਕਰਦੇ ਹਨ ਜੋ ਮਾਰਕਸਵਾਦ ਦਾ ਵੀ ਆਰੰਭਕ ਪ੍ਰਸਤਾਵ ਹੈ ਪਰ ਇਹ ਮਾਰਕਸਵਾਦੀ
ਸੰਸ਼ਲੇਸ਼ਣ ਬਾਰੇ ਉਦਾਸੀਨ, ਚੁੱਪ ਜਾਂ ਸ਼ੰਕਾਵਾਦੀ ਹਨ। ਸਾਰਤ ਦੇ ਮਤ ਅਨੁਸਾਰ ਅਜਿਹਾ
ਸੰਸ਼ਲੇਸ਼ਣ ਮਨੁੱਖ ਦੇ ਸਮਾਜਕ ਕਰਮ ਰਾਹੀਂ ਹੀ ਸੰਭਵ ਹੈ, ਇਹ ਆਪਣੇ ਆਪ ਪ੍ਰਾਕ੍ਰਿਤਿਕ
ਤੇ ਸਮਾਜਕ ਪਰੰਪਰਾ ਦਾ ਨਿਯਮ ਨਹੀਂ। ਸਮਾਜਕ ਸੰਸ਼ਲੇਸ਼ਣ ਵਿਚ ਮਨੁੱਖ ਦੇ ਸਮਾਜਕ ਕਰਮ
ਨੂੰ ਮਾਰਕਸਵਾਦ ਵੀ ਸਵੀਕਾਰ ਕਰਦਾ ਹੈ, ਸਗੋਂ ਸਮਾਜਕ ਕ੍ਰਾਂਤੀ ਵਿਚ ਅਜਿਹੇ ਕਰਮ ਨੂੰ
ਮਾਰਕਸਵਾਦ ਇਕ ਅਤਿ ਲੋੜੀਂਦਾ ਤੱਤ ਆਖਦਾ ਹੈ। ਮੁੱਖ ਅੰਤਰ ਸਾਰਤ ਤੇ ਮਾਰਕਸਵਾਦੀ
ਅਰਥਾਪਨ ਵਿਚ ਸੰਸ਼ਲੇਸ਼ਣ ਦੀ ਅਨਿਵਾਰਤਾ ਬਾਰੇ ਹੈ। ਤੇ ਇਸ ਅੰਤਰ ਵਿਚ ਆਪਣੇ ਮਤ ਬਾਰੇ
ਸੰਦਿਗਧ ਸਾਰਤ ਨੇ ਆਪਣਾ ਸਥਾਨ ਕੁਝ ਹੱਦ ਤਕ ਬਦਲ ਵੀ ਲਿਆ ਹੈ।

ਗਠਨਵਾਦ ਵਿਚ ਵੀ ਵਿਰੋਧਾਂ ਵਿਚੋਂ ਕਿਸੇ ਸਮਨਵੇ ਜਾ ਸੰਸ਼ਲੇਸ਼ਣ ਦੇ ਉਤਪੰਨ ਹੋਣ ਦੀ
ਆਸ ਵਿਅਕਤ ਨਹੀਂ ਕੀਤੀ ਜਾਂਦੀ। ਇਸ ਕਾਰਣ ਗਠਨਵਾਦ ਵਿਚ ਇਤਿਹਾਸਕਤਾ ਦਾ ਅੰਸ਼
ਗੌਣ ਰਹਿੰਦਾ ਹੈ ਤੇ ਗਠਨਵਾਦ ਨੂੰ ਮੰਨਣ ਵਾਲੇ ਬਹੁਤੇ ਵਿਰੋਧਾਂ ਦੇ ਸੰਸ਼ਲੇਸ਼ਣ ਦੇ ਉਸ ਪੜਾਉ ਨੂੰ
ਜਿਸ ਨੂੰ ਸਮਾਜਵਾਦ ਕਿਹਾ ਜਾਂਦਾ ਹੈ ਸਵੀਕਾਰ ਕਰਨ ਵਿਚ ਔਖ ਅਨੁਭਵ ਕਰਦੇ ਹਨ। ਇਸ
ਕਰ ਕੇ ਉਹ ਵਿਰੋਧਾਂ ਤੇ ਸਮਾਨਾਂਤਰਾਂ ਦੇ ਵਿਵਿਧ ਜਾਲ ਬੁਣਨ ਨੂੰ ਹੀ ਸਮਾਜ ਤੇ ਸਾਹਿਤ ਦਾ
ਮੁੱਖ ਕਾਰਜ ਮਿਥ ਲੈਂਦੇ ਹਨ। ਜਿਵੇਂ ਉਹ ਸਮਾਜਕ ਇਤਿਹਾਸ ਵਿਚ ਸਮਾਜਵਾਦ ਦੀ ਅਟੱਲਤਾ
ਬਾਰੇ ਉਦਾਸੀਨ ਜਾਂ ਸੰਦੇਹਸ਼ੀਲ ਹਨ, ਇਸੇ ਤਰ੍ਹਾਂ ਸਾਹਿਤ ਵਿਚ ਸਮਾਜਵਾਦ ਪੱਖੀ ਕਿਸੇ ਮਤ,
ਵਿਚਾਰ ਜਾਂ ਭਾਵ ਵਿਅੰਜਨਾ ਤੋਂ ਉਹ ਡਰਦੇ ਹਨ।

ਵਿਰੋਧਾਂ ਤੇ ਸਮਾਨਾਂਤਰਾਂ ਦੇ ਜਾਲ ਵਿਚ ਵਧੇਰੇ ਘੁੰਡੀਆਂ ਪਾਣ ਨੂੰ ਉਹ ਸਾਹਿਤਕ ਰਚਨਾ ਦੇ
ਰੂਪ ਦੇ ਚਮਤਕਾਰ ਸਮਝਦੇ ਹਨ ਤੇ ਉਨ੍ਹਾਂ ਨੂੰ ਆਪੱਤੀ ਹੈ ਕਿ ਪ੍ਰਗਤਿਵਾਦੀ ਸ਼ੈਲੀ ਇਹ ਘੁੰਡੀਆਂ
ਨਹੀਂ ਪਾਂਦੀ ਸਗੋਂ ਸਿੱਧਾ ਹੀ ਸੰਸ਼ਲੇਸ਼ਣ ਵੱਲ ਨੂੰ ਜਾਂਦੀ ਹੈ। ਇਸ ਨੂੰ ਉਹ ਪ੍ਰਗਤਿਵਾਦੀ ਸ਼ੈਲੀ

ਦੀ ਨਾਹਰਬਾਜ਼ੀ ਆਖਦੇ ਹਨ ਤੇ ਨਾਹਰੇਬਾਜ਼ੀ ਨੂੰ ਉਹ ਨਿੰਦਦੇ ਹਨ। ਡਾ: ਅਤਰ ਸਿੰਘ ਵੀ ਇਸ ਨਾਹਰੇਬਾਜ਼ੀ ਦਾ ਵਿਰੋਧ ਕਰਦਾ ਹੈ।

ਨਾਹਰੇਬਾਜ਼ੀ ਨਿੰਦਨੀ ਕਦੋਂ ਹੈ ? ਜਦੋਂ ਇਹ ਸਮਾਜਕ ਗਤੀ ਦਾ ਯੋਗ ਅਭਿਵਿਅੰਜਨ ਨਾ ਕਰਦੀ ਹੋਵੇ ਅਰਥਾਤ ਕਿਸੇ ਸਾਹਿਤਕ ਰਚਨਾ ਵਿਚ ਯੋਗ ਵਿਵਿਹਾਰਕ ਵਿਸਤਾਰ ਤੋਂ ਬਿਨਾਂ ਕਿਸੇ ਸਮਾਜਕ ਜਾਂ ਦਾਰਸ਼ਨਿਕ ਸੇਧ ਜਾਂ ਲਕਸ਼ ਦਾ ਉਚੇ ਸੁਰ ਵਿਚ ਉਚਾਰਣ ਨਾਹਰੇਬਾਜ਼ੀ ਹੈ। ਜਿਹੜਾ ਵਿਅਕਤੀ ਪ੍ਰੇਮ ਵਿਚ ਗ੍ਰਸਿਤ ਨਹੀਂ, ਪ੍ਰੇਮ ਦੀਆਂ ਆਵੱਸ਼ਕਤਾਵਾਂ ਵਿਚ ਗਤੀਸ਼ੀਲ ਨਹੀਂ, ਉਹ ਜਦੋਂ ਉਚਾਰਦਾ ਹੈ, "ਮੈਂ ਪ੍ਰੇਮ ਕਰਦਾ ਹਾਂ, ਪ੍ਰੇਮ ਇਕ ਚਮਤਕਾਰ ਹੈ, ਪ੍ਰੇਮ ਮਨੁੱਖ ਲਈ ਕਲਿਆਣਕਾਰੀ ਹੈ" ਤਾਂ ਉਹ ਫੋਕੇ ਨਾਹਰੇ ਲਗਾ ਰਿਹਾ ਹੁੰਦਾ ਹੈ। ਪ੍ਰੇਮ ਦੀ ਥਾਂ ਅਸੀਂ ਕ੍ਰਾਂਤੀ ਸ਼ਬਦ ਨੂੰ ਵੀ ਰਖ ਸਕਦੇ ਹਾਂ। ਰੁਮਾਂਟਿਕ ਜਾਂ ਭਾਵਕ ਸਾਹਿਤ ਵਿਚ ਜੋ ਪ੍ਰੇਮ ਦਾ ਸਥਾਨ ਹੈ, ਅਸਤਿਤਵਵਾਦੀ ਤੇ ਗਠਨਵਾਦੀ ਸਾਹਿਤ ਵਿਚ ਮਨੁੱਖ ਦੀ ਪੀੜਾ ਦਾ ਸਥਾਨ ਹੈ, ਪ੍ਰਗਤਿਵਾਦੀ ਸਾਹਿਤ ਵਿਚ ਉਹ ਕ੍ਰਾਂਤੀ ਦਾ ਸਥਾਨ ਹੈ। ਤੇ ਜਿਸ ਤਰ੍ਹਾਂ ਪ੍ਰਯਾਪਤ ਵਿਵਿਹਾਰਕ ਵਿਸਤਾਰ ਤੇ ਸਮਾਜਕ ਗਤੀ ਤੋਂ ਬਿਨਾਂ ਕ੍ਰਾਂਤੀ ਦਾ ਨਾਹਰਾ ਅਰਥਹੀਣ ਹੈ, ਇਸੇ ਤਰ੍ਹਾਂ ਬਹੁਤੇ ਰੁਮਾਂਟਿਕ ਅਥਵਾ ਭਾਵਕ ਸਾਹਿਤ ਵਿਚ ਪ੍ਰੇਮ ਦਾ ਨਾਹਰਾ ਤੇ ਗਠਨਵਾਦੀ ਅਤੇ ਅਸਿਤਤਵਵਾਦੀ ਸਾਹਿਤ ਵਿਚ ਪੀੜਾ ਦਾ ਨਾਹਰਾ। ਅੱਜ ਕਲ ਦੀ ਬਹੁਤੀ ਅਸਤਿਤਵਵਾਦੀ ਜਾਂ ਗਠਨਵਾਦੀ ਕਵਿਤਾ ਨੂੰ ਪੜ੍ਹਕੇ ਦੇਖ ਲਵੋ, ਉਸ ਵਿਚ ਮਨੁੱਖੀ ਪੀੜਾ ਤੇ ਨਿਰਾਸ਼ਾ ਦਾ ਅਭਿਵਿਅੰਜਨ ਉਸੇ ਤਰ੍ਹਾਂ ਇਕ ਰੀਤ ਕਰਮ ਅਥਵਾ ਨਾਹਰਾ ਬਣ ਗਿਆ ਹੈ ਜਿਸ ਤਰ੍ਹਾਂ ਕੁਝ ਪ੍ਰਗਤਿਵਾਦੀ ਸਾਹਿਤ ਵਿਚ ਕ੍ਰਾਂਤੀ ਦਾ ਨਾਹਰਾ ਤੇ ਅੱਜੋਕੀ ਜੁਝਾਰਵਾਦੀ ਕਵਿਤਾ ਵਿਚ ਸ਼ਸਤਰਬਧ ਸੰਗ੍ਰਾਮ ਦਾ ਨਾਹਰਾ। ਇਹ ਠੀਕ ਹੈ ਕਿ ਸਾਹਿਤ ਵਿਚ ਰੂਪ ਦੀ ਉਤਕ੍ਰਿਸ਼ਟਤਾ ਇਕ ਬੜਾ ਜ਼ਰੂਰੀ ਤੱਤ ਹੈ। ਸਾਹਿਤ ਵਿਚ ਭਾਵ ਤੇ ਵਿਚਾਰ ਦੋਵੇਂ ਇਸ ਦਾ ਵਿਸ਼ਾ ਬਣਾਂਦੇ ਹਨ। ਇਸ ਵਿਸ਼ੇ ਨੂੰ ਵਸਤੂ, ਘਟਨਾ ਅਥਵਾ ਵਿਸਤਾਰ ਤੋਂ ਮਿਲਦਾ ਹੈ। ਸੋ ਜਿਥੋਂ ਤਕ ਸਾਹਿਤਕਾਰ ਘਟਨਾ ਤੇ ਇਸ ਦੇ ਵਿਸਤਾਰ ਉਤੇ ਗੰਭੀਰ, ਵਿਸਤ੍ਰਿਤ, ਤੀਬਰ ਤੇ ਸਪਸ਼ਟ ਹੈ ਤੇ ਉਸਦਾ ਮਨੁੱਖੀ ਸਥਿਤੀ ਦਾ ਅਰਥਾਪਨ ਕਿਸੇ ਪ੍ਰਯਾਪਤ ਦਰਸ਼ਨ ਉਤੇ ਆਧਾਰਿਤ ਹੈ ਜਾਂ ਕਿਸੇ ਦਰਸ਼ਨ ਨੂੰ ਵਿਅਕਤ ਕਰਦਾ ਹੈ ਉਥੋਂ ਤਕ ਹੀ ਉਸ ਦੀ ਲਿਖਤ ਨੂੰ ਯੋਗ ਵਸਤੂ ਤੇ ਰੂਪ ਮਿਲੇਗਾ।

ਨਾ ਸਾਰੇ ਪ੍ਰਗਤਿਵਾਦੀਆਂ ਪਾਸ ਤੇ ਨਾ ਸਾਰੇ ਹੋਰਨਾਂ ਪਾਸ ਇਹ ਅਨੁਭਵ ਅਥਵਾ ਸੂਝ ਪ੍ਰਯਾਪਤ ਮਾਤਰਾ ਵਿਚ ਹੁੰਦੀ ਹੈ। ਪਰ ਜਿਵੇਂ ਘਟੀਆ ਗਠਨਵਾਦੀ ਜਾਂ ਅਸਤਿਤਵਵਾਦੀ ਲੇਖਕ ਦੀ ਲਿਖਤ ਤੋਂ ਸਾਰੇ ਗਠਨਵਾਦੀ ਅਥਵਾ ਅਸਤਿਤਵਵਾਦੀ ਸਾਹਿਤ-ਚਿੰਤਨ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਹੈ ਇਸੇ ਤਰ੍ਹਾਂ ਕੁਝ ਪ੍ਰਗਤਿਵਾਦੀ ਅਖਵਾਣ ਵਾਲੇ ਲੇਖਕਾਂ ਦੇ ਫੋਕੇ ਨਾਹਰਿਆਂ ਤੋਂ ਉਪਰਾਮ ਹੋ ਕੇ ਸਾਰੀ ਪ੍ਰਗਤਿਵਾਦੀ ਧਾਰਾ ਨੂੰ ਨਿੰਦਣਾ ਯੋਗ ਨਹੀਂ। ਪੰਜਾਬੀ ਵਿਚ ਪ੍ਰਗਤਿਵਾਦੀ ਧਾਰਾ ਨੇ ਮੋਹਨ ਸਿੰਘ ਤੇ ਅਮ੍ਰਿਤਾ ਪ੍ਰੀਤਮ ਵਰਗੇ ਕਵੀ ਤੇ ਸੁਜਾਨ ਸਿੰਘ ਤੇ ਸੰਤੋਖ ਸਿੰਘ ਧੀਰ ਵਰਗੇ ਕਹਾਣੀਕਾਰ ਤੇ ਗੁਰਬਖ਼ਸ਼ ਸਿੰਘ ਵਰਗੇ ਨਿਬੰਧਕਾਰ ਪੈਦਾ ਕੀਤੇ ਹਨ। ਪੰਜਾਬੀ ਵਿਚ ਹੁਣ ਤਕ ਬਹੁਤਾ ਸਾਹਿਤ ਪ੍ਰਗਤਿਵਾਦੀ ਧਾਰਾ ਦੀ ਹੀ ਪੈਦਾਵਾਰ ਹੈ। ਇਸ ਦੇ ਬਹੁਤੇ ਲੇਖਕ ਜੇ ਖੁਲ੍ਹ ਕੇ ਬਹੁਤੇ ਨਾਹਰੇ ਨਹੀਂ ਲਗਾਂਦੇ ਤਾਂ ਇਸ ਤੋਂ ਇਹ ਸਿੱਟਾ ਨਹੀਂ ਕਢਿਆ ਜਾ ਸਕਦਾ ਕਿ ਉਹ ਪ੍ਰਗਤਿਵਾਦੀ ਨਹੀਂ। ਕੁਲਵੰਤ ਸਿੰਘ ਵਿਰਕ ਜੇਹੇ ਕਹਾਣੀਕਾਰ, ਗੁਰਦਿਆਲ ਸਿੰਘ ਵਰਗੇ ਨਾਵਲਕਾਰ ਤੇ ਸ਼ਿਵ ਕੁਮਾਰ ਵਰਗੇ ਕਵੀ ਜਿਨ੍ਹਾਂ ਨੇ ਆਪਣੇ ਆਪਣੇ ਖੇਤਰ ਵਿਚ ਉਤਕ੍ਰਿਸ਼ਟ

ਰਚਨਾ ਕੀਤੀ ਹੈ, ਪ੍ਰਗਤਿਵਾਦ ਦੇ ਹੀ ਨਿਕਟਵਰਤੀ ਹਨ । ਸੁਰਿੰਦਰ ਸਿੰਘ ਨਰੂਲਾ, ਜਸਵੰਤ ਸਿੰਘ ਕੰਵਲ ਤੇ ਸੋਹਣ ਸਿੰਘ ਸੀਤਲ ਜੇਹੇ ਨਾਵਲਕਾਰ ਚਾਹੇ ਕਲਾ ਪੱਖ ਤੋਂ ਉਨ੍ਹਾਂ ਨੇ ਉਚਿਤ ਪ੍ਰਵੀਨਤਾ ਨਹੀਂ ਦਿਖਾਈ, ਆਪਣੇ ਭਾਵਾਂ ਤੇ ਚਿੰਤਨ ਵਿਚ ਪ੍ਰਗਤਿਵਾਦੀ ਹੀ ਹਨ ।

ਪਰ ਇਸ ਚਰਚਾ ਦਾ ਮਨੋਰਥ ਪ੍ਰਗਤਿਵਾਦ ਦੀ ਵਕਾਲਤ ਨਹੀਂ। ਇਸ ਦਾ ਮਨੋਰਥ ਸਾਹਿਤ ਰੂਪ ਦੀ ਵਿਸ਼ੇਸ਼ਤਾ ਦੀ ਚਰਚਾ ਕਰਨਾ ਹੈ। ਪਰ ਸਾਹਿਤ ਰੂਪ ਨੂੰ ਕੁਝ ਸਪਸ਼ਟ ਰੇਖਾਵਾਂ ਵਿਚ ਵਲਿਆ ਨਹੀਂ ਜਾ ਸਕਦਾ। ਇਸ ਦੇ ਆਕਾਰ ਨੂੰ ਉਜਾਗਰ ਕਰਨ ਲਈ ਇਹ ਹੀ ਕੀਤਾ ਜਾ ਸਕਦਾ ਹੈ ਕਿ ਕਿਸ ਪ੍ਰਕਾਰ ਦੀ ਲਿਖਤ ਸਾਹਿਤ ਨਹੀਂ ਜਾਂ ਨਿਮਨ-ਸਾਹਿਤ ਹੈ ਜਾਂ ਪਰਾ-ਸਾਹਿਤ ਹੈ।

ਹੁਣ ਸਵਾਲ ਰਹਿ ਜਾਂਦਾ ਹੈ ਕਿ ਬਹੁਤ ਸਾਰੀ ਲਿਖਤ ਜੋ ਉਪਰੋਕਤ ਨਿਮਨ-ਸਾਹਿਤ ਤੇ ਪਰਾ-ਸਾਹਿਤ ਵਿਚ ਨਹੀਂ ਆਉਂਦੀ, ਸਾਹਿਤ ਹੋਣ ਦਾ ਦਾਅਵਾ ਕਰਦੀ ਹੈ। ਵਿਸ਼ਾਲਤਰ ਅਰਥਾਂ ਵਿਚ ਤਾਂ ਜੋ ਕੁਝ ਵੀ ਲਿਖਿਆ ਜਾਂਦਾ ਹੈ, ਜਿਤਨਾ ਚਿਰ ਉਹ ਕੁਝ ਹੋਰ ਹੋਣ ਦਾ ਦਾਅਵਾ ਨਹੀਂ ਕਰਦਾ ਅਰਥਾਤ ਵਿਗਿਆਨਕ, ਇਤਿਹਾਸਕ, ਆਰਥਿਕ ਵਿਸ਼ੇ ਵਾਲੀ ਰਚਨਾ ਨਹੀਂ, ਸਾਹਿਤ ਦੇ ਖੇਤਰ ਵਿਚ ਆ ਕੁੱਦਦਾ ਹੈ। ਉਸ ਵਿਚੋਂ ਨਿਕੰਮੀ ਤੇ ਘਟੀਆ ਲਿਖਤ ਨੂੰ ਸਾਹਿਤ ਦੇ ਖੇਤਰ ਵਿਚੋਂ ਕਢਣ ਲਈ ਕੋਈ ਕੜਵੇਂ ਨਿਯਮ ਜਾਂ ਮਾਪ ਨਹੀਂ ਵਰਤੇ ਜਾ ਸਕਦੇ। ਉਹ ਸਾਹਿਤ ਦੇ ਖੇਤਰ ਚੋਂ ਆਪਣੀਆਂ ਘਾਟਾਂ ਕਰਕੇ ਨਿਕਲਦੀ ਹੈ। ਪਰ ਇਨ੍ਹਾਂ ਘਾਟਾਂ ਦੇ ਬਾਵਜੂਦ ਬਹੁਤ ਵਾਰੀ ਉਹ ਸਾਹਿਤ ਦੀ ਸਭਾ ਵਿਚ ਬੈਠਣ ਲਈ ਹੱਠ ਕਰਦੀ ਹੈ, ਉਸ ਨੂੰ ਸਾਹਿਤ ਸਭਾ ਵਿਚੋਂ ਬਾਹਰ ਰਖਣਾ ਯੋਗ ਸਮੀਖਿਆ ਦਾ ਕੰਮ ਹੈ। ਸਮੀਖਿਆ ਜਿਥੇ ਸਾਹਿਤ ਦੀ ਪਥ-ਪ੍ਰਦਰਸ਼ਕ ਹੈ, ਇਸ ਦੀ ਮੁੱਲ-ਨਿਰਧਾਰਕ ਹੈ, ਉਥੇ ਇਸ ਦੀ ਸਭਾ ਵਿਚੋਂ ਘਟੀਆ ਲਿਖਤ ਨੂੰ ਕਢਣ ਵਾਲਾ ਰਖਿਅਕ ਵੀ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਬਹੁਤ ਕੁਝ ਜੋ ਸਾਹਿਤ ਹੋਣ ਦਾ ਦਾਅਵਾ ਕਰਦਾ ਹੈ, ਜਾਂ ਨਿਮਨ-ਸਾਹਿਤ ਹੁੰਦਾ ਹੈ ਜਾਂ ਪਰਾ-ਸਾਹਿਤ ਤੇ ਜਾਂ ਘਟੀਆ ਲਿਖਤ।

**ਸੰਤ ਸਿੰਘ ਸੇਖੋਂ**

□

[ਮਾਉ-ਜ਼ੇ-ਤੁੰਗ ਵੀਹਵੀਂ ਸਦੀ ਦੀਆਂ ਉਹਨਾਂ ਕੁਝ ਕੁ ਮਹਾਨ ਸ਼ਖਸੀਅਤਾਂ ਵਿਚੋਂ ਸਨ ਜਿਨ੍ਹਾਂ ਨੂੰ ਸੱਚਮੁੱਚ ਯੁਗ ਪੁਰਸ਼ਾਂ ਦਾ ਨਾਉਂ ਦਿੱਤਾ ਜਾ ਸਕਦਾ ਹੈ। ਰੂਸ ਦੀ ਸਮਾਜਵਾਦੀ ਕ੍ਰਾਂਤੀ ਤੋਂ ਪਿਛੋਂ ਲੋਕ ਚੀਨ ਦੀ ਕ੍ਰਾਂਤੀ ਕਿਰਤੀ ਸ਼੍ਰੇਣੀ ਦੀ ਦੂਜੀ ਵੱਡੀ ਇਤਿਹਾਸਕ ਜਿੱਤ ਸੀ। ਇਸ ਕ੍ਰਾਂਤੀ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹਨ ਦਾ ਸਿਹਰਾ ਚੇਅਰਮੈਨ ਮਾਉ-ਜ਼ੇ-ਤੁੰਗ ਅਤੇ ਉਹਨਾਂ ਦੀ ਅਗਵਾਈ ਹੇਠਲੀ ਚੀਨੀ ਕਮਿਊਨਿਸਟ ਪਾਰਟੀ ਦੇ ਸਿਰ ਹੈ। ਸਾਮਰਾਜਵਾਦੀ ਦੋਖੀ ਕਾਰਵਾਈਆਂ ਦੇ ਬਾਵਜੂਦ ਲੋਕ ਚੀਨ ਜਿਵੇਂ ਸੰਸਾਰ ਦੀ ਇਕ ਮਹਾਨ ਸ਼ਕਤੀ ਬਣਿਆ ਹੈ ਉਹ ਇਕ ਚਮਤਕਾਰ ਹੈ। ਲੋਕ ਚੀਨ ਨੇ ਸਮਾਜਕ ਤੇ ਆਰਥਿਕ ਸੰਬੰਧਾਂ ਵਿਚ ਹੀ ਤਬਦੀਲੀਆਂ ਨਹੀਂ ਲਿਆਂਦੀਆਂ, ਨਵੇਂ ਮਾਨਵ ਦੀ ਵੀ ਸਿਰਜਣਾ ਕੀਤੀ ਹੈ। ਇਸ ਸਭ ਕੁਝ ਵਿਚ ਮਾਉ-ਜ਼ੇ-ਤੁੰਗ ਦੀ ਦੇਣ ਕਦੇ ਭੁਲਾਈ ਨਹੀਂ ਜਾ ਸਕਦੀ।

ਅਸੀਂ ਮਾਉ-ਜ਼ੇ-ਤੁੰਗ ਦੇ ਦਿਹਾਂਤ ਉਤੇ ਇਸ ਯੁਗ ਪੁਰਸ਼ ਦੀ ਸਦੀਵੀ ਯਾਦ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹਾਂ।

**—ਸੰਪਾਦਕ**]

□

# ਮਾਉ

ਮੋਹਨ ਸਿੰਘ

ਪਹਾੜ ਡਿੱਗਾ ਹੈ-
ਦਰਿਆਵਾਂ ਨੇ ਵਹਿਣ ਬਦਲ ਲਏ ਹਨ
ਤੇ ਲੋਕਾਂ ਨੇ ਮਨ ।

ਸੂਰਜ ਤੇ ਚੰਨ
ਪਲ ਦੀ ਪਲ ਰੁਕ ਕੇ ਫਿਰ
ਤੁਰ ਪਏ ਹਨ ।
ਭੋਲਿਉ ਨਖਛਤਰੋ
ਕੁਝ ਤਾਂ ਹੋਰ ਰੁਕੋ
ਨਹੀਂ ! ਨਹੀਂ ! ਨਹੀਂ !
ਮਾਉ ਦੇ ਵਿਚਾਰਾਂ ਵਿਚ
ਸਦੀਵੀ ਇਨਕਲਾਬ ਲਈ ਹਾਂ ਤਾਂ ਹੈ
ਸਦੀਵੀ ਸੋਗ ਲਈ ਕੋਈ ਥਾਂ ਨਹੀਂ ।

[ਮਹਾਰਾਜ ਨਗਰ, ਲੁਧਿਆਣਾ]

# ਅੰਨ

ਸੁਖਬੀਰ

ਅੰਨ ਦੇ ਕੀੜੇ ਬਣੇ ਜਿਉਂਦੇ ਰਹੇ ਹਾਂ
ਅੰਨ ਜੋ ਮੁੜ੍ਹਕਾ ਵੀ ਬਣਿਆ
ਤੇ ਲਹੂ ਵੀ
ਤੇ ਹਨੇਰੀ ਨੀਂਦ ਵੀ

ਹਰ ਨਵਾਂ ਦਿਨ ਜਾਗਿਆ ਤਾਂ
ਲੈ ਕੇ ਆਇਆ
ਅੰਨ ਦਾ ਉਹੋ ਸਵਾਲ
ਭਟਕਣਾ ਕਦਮਾਂ ਦੀ ਤੇ ਰੋਟੀ ਦੀ ਭਾਲ

ਅੰਨ ਬਣਿਆ ਦੇਵਤਾ ਵੀ
ਤੇ ਗੁਦਾਮਾਂ ਦੇ ਹਨੇਰੇ ਵਿਚ ਸੁਸਰੀ ਵਾਂਗ ਵੀ ਸੁੱਤਾ

ਅੰਨ ਤੋਂ ਟੁਟਣਾ ਬੜਾ ਔਖਾ ਹੈ ਭਾਵੇਂ
ਅੰਤ ਨੂੰ ਪਰ ਟੁੱਟ ਕੇ ਹੀ
ਇਕ ਨਵਾਂ ਰਾਹ ਲਭਣਾ ਹੈ
ਜਿਸ 'ਤੇ ਰੀਂਗੇਗੀ ਨਹੀਂ ਇਹ ਹੋਂਦ ਸਾਡੀ
ਕਦਮ ਉਠਣਗੇ ਨਵੇਂ ਸੁਰਤਾਲ ਵਿਚ
ਤੇ ਮਨੁੱਖ ਬਣ ਕੇ ਜੀਆਂਗੇ ।

□ [19 ਬੀ, ਸੰਨ ਐਂਡ ਸੀ, ਵਰਸੋਵਾ ਰੋਡ, ਬੰਬਈ-61]

# ਕਵਿਤਾ ਤੇ ਗੱਦ ਵਿਚਲਾ ਭੇਦ

ਤੇਜਵੰਤ ਸਿੰਘ ਗਿੱਲ

'ਸਿਰਜਣਾ' ਦੇ ਪਿਛਲੇਰੇ ਅੰਕ ਵਿਚ ਛਪੇ ਲੇਖ 'ਕਵਿਤਾ ਤੇ ਗੱਦ ਵਿਚ ਭੇਦ' ਨਾਲ ਸੰਤ ਸਿੰਘ ਸੇਖੋਂ ਤੇ ਡਾ: ਹਰਿਭਜਨ ਸਿੰਘ ਦਾ ਸੰਵਾਦ ਪਹਿਲਾਂ ਨਾਲੋਂ ਵੀ ਵਧੇਰੇ ਗੰਭੀਰ ਧਰਾਤਲ 'ਤੇ ਚਲਿਆ ਗਿਆ ਹੈ। ਇਸ ਲੇਖ ਵਿਚ ਸੇਖੋਂ ਸਾਹਿਬ ਨੇ ਆਪਣੀ ਦ੍ਰਿਸ਼ਟੀ ਤੋਂ ਕਵਿਤਾ ਤੇ ਗੱਦ ਵਿਚਲੇ ਭੇਦ ਨੂੰ ਬੜੇ ਹੀ ਸਪੱਸ਼ਟ ਢੰਗ ਨਾਲ ਨਿਤਾਰਿਆ ਹੈ। ਨਾਲ ਹੀ ਡਾ: ਹਰਿਭਜਨ ਸਿੰਘ ਦੇ ਮਤ ਤੋਂ ਇਸੇ ਭੇਦ ਨੂੰ ਨਿਰਧਾਰਿਤ ਕਰ ਕੇ ਉਹਨਾਂ ਨੇ ਇਸ ਪ੍ਰਤੀ ਡਾ: ਸਾਹਿਬ ਦੀ ਧਾਰਨਾ ਨੂੰ ਸੰਦੇਹਜਨਕ ਵੀ ਠਹਿਰਾਇਆ ਹੈ। ਸੇਖੋਂ ਸਾਹਿਬ ਦੇ ਵਿਚਾਰ ਵਿਚ ਡਾ: ਹਰਿਭਜਨ ਸਿੰਘ ਦੇ ਮਤ ਅਨੁਸਾਰ "ਕਾਵਿ ਤੇ ਗੱਦ ਵਿਚਕਾਰ ਭੇਦ ਇਹਨਾਂ ਦੇ ਅੰਤਰੀਵ ਸੁਭਾਵ ਦਾ ਭੇਦ ਹੈ।" ਇਹ ਵਿਚਾਰ ਦਿੰਦਿਆਂ ਉਹ ਡਾ: ਸਾਹਿਬ ਦੇ ਮਤ ਦੇ ਅਧਿਆਤਮਕ ਪੱਖ ਨੂੰ ਹੀ ਦ੍ਰਿਸ਼ਟੀ ਗੋਚਰ ਕਰਦੇ ਹਨ ਜਿਸ ਅਨੁਸਾਰ ਅੰਤਰੀਵ ਸੁਭਾਵ ਦਾ ਭੇਦ ਹੀ ਵਸਤੂਆਂ, ਵਿਅਕਤੀਆਂ, ਅਨੁਭਵਾਂ ਤੇ ਉਹਨਾਂ ਦੀਆਂ ਅਭਿਵਿਅਕਤੀਆਂ ਵਿਚਕਾਰ ਪ੍ਰਮਾਣਿਕ ਭੇਦ ਹੋ ਸਕਦਾ ਹੈ।

ਨਿਸਚੇ ਹੀ ਅਧਿਆਤਮਕ ਪੱਖ ਡਾ: ਹਰਿਭਜਨ ਸਿੰਘ ਦੇ ਮਤ ਦਾ ਅਨਿੱਖੜਵਾਂ ਅੰਗ ਹੈ ਅਤੇ ਇਹ ਉਸ ਦੀਆਂ ਲਗ ਪਗ ਸਾਰੀਆਂ ਹੀ ਸਿਰਜਣਾਤਮਕ ਤੇ ਆਲੋਚਨਾਤਮਕ ਰਚਨਾਵਾਂ ਵਿਚ ਵਿਆਪਕ ਹੈ। ਕਹਿਣ ਤੋਂ ਭਾਵ ਇਹ ਨਹੀਂ ਕਿ ਉਸ ਦੀਆਂ ਰਚਨਾਵਾਂ ਅਧਿਆਤਮਵਾਦ ਨੂੰ ਪੂਰੀ ਗਹਿਰਾਈ ਤੇ ਗੰਭੀਰਤਾ ਨਾਲ ਹੰਢਾਉਂਦੀਆਂ ਹਨ। ਨਿਰਸੰਦੇਹ ਉਸ ਦੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਦੀ ਗਹਿਰਾਈ ਤੇ ਗੰਭੀਰਤਾ ਦਾ ਅਭਾਵ ਹੈ ਜਿਸ ਦਾ ਹੋਣਾ ਵਾਜਿਬ ਵੀ ਹੈ ਕਿਉਂਕਿ ਉਸਦੀ ਖੰਡਿਤ ਸੰਵੇਦਨਾ ਅੰਤਰੀਵ ਤੱਤ ਤੇ ਬਾਹਰੀ ਸਰੂਪ ਨੂੰ ਇਕ ਪੇਚੀਦਾ ਕਿਸਮ ਦੀ ਇਤਿਹਾਸਕ ਤੇ ਵਿਆਪਕ ਪ੍ਰਕਿਰਿਆ ਵਿਚ ਮਿਥਣ ਦੇ ਅਸਮਰੱਥ ਹੈ। ਕੁਦਰਤੀ ਤੌਰ 'ਤੇ ਆਪਣੀਆਂ ਅਜੋਕੀਆਂ ਆਲੋਚਨਾਤਮਕ ਰਚਨਾਵਾਂ ਵਿਚ ਉਹ ਅੰਤਰੀਵ ਤੱਤ ਤੋਂ ਬੇਮੁੱਖ ਹੋ ਕੇ ਬਾਹਰੀ ਸਰੂਪ ਵਲ ਮੋਹਿਤ ਹੋ ਗਿਆ ਹੈ। ਪ੍ਰਮਾਣ ਵਜੋਂ ਉਸ ਨੇ ਸੰਰਚਨਾਵਾਦ ਦਾ ਪ੍ਰਭਾਵ ਕਬੂਲਿਆ ਹੈ ਪਰ ਉਸੇ ਅਪ੍ਰੌਢ ਢੰਗ ਨਾਲ ਜਿਵੇਂ ਉਸ ਨੇ ਪਹਿਲ ਅਧਿਆਤਮਵਾਦ ਨਾਲ ਲਗਾਉ ਕਾਇਮ ਕੀਤਾ ਸੀ। ਇਸ ਪ੍ਰਭਾਵ ਅਧੀਨ ਡਾ: ਸਾਹਿਬ ਤੋਂ ਕਾਵਿ ਤੇ ਗੱਦ ਵਿਚਕਾਰ ਨਿਰੋਲ ਬਾਹਰੀ ਸੁਭਾਵ ਵਾਲਾ ਭੇਦ ਸੰਕਲਪਿਤ ਹੋ ਸਕਦਾ ਹੈ-ਜਿਵੇਂ ਅਧਿਆਤਮਕ ਪ੍ਰਭਾਵ ਅਧੀਨ ਉਸ ਤੋਂ ਹੁਣ ਤੱਕ ਕੇਵਲ ਅੰਤਰੀਵ ਸੁਭਾਵ ਵਾਲਾ ਭੇਦ ਹੀ ਸਕੰਲਪਿਤ ਹੁੰਦਾ ਆਇਆ ਹੈ।

ਸਰੰਚਨਾਵਾਦੀ ਪ੍ਰਭਾਵ ਅਧੀਨ ਡਾ: ਹਰਿਭਜਨ ਸਿੰਘ ਦੀ ਸੁਭਾਵਕ ਹੀ ਇਹ ਧਾਰਨਾ ਹੋ ਸਕਦੀ

ਹੈ ਕਿ ਕਾਵਿ-ਕਿਰਤ ਵਿਚ ਗੱਦ ਕਿਰਤ ਨਾਲੋਂ ਕਿਤੇ ਵਧੇਰੇ ਬੋਲੀ ਦਾ ਪਰਾਹਿਆਪਣ ਹੋਇਆ ਹੁੰਦਾ ਹੈ। ਆਪਣੇ ਕਾਵਿਕ ਅੰਦਾਜ਼ ਵਿਚ ਸ਼ਾਇਦ ਉਹ ਇਥੋਂ ਤੱਕ ਕਹਿ ਸਕਦਾ ਹੈ ਕਿ ਗੱਦ-ਕਿਰਤ ਦੀ ਬੋਲੀ ਹੁੰਦੀ ਹੀ ਮਿਆਰੀ ਹੈ ਅਤੇ ਕਾਵਿ-ਕਿਰਤ ਦੀ ਬੋਲੀ ਹੁੰਦੀ ਹੀ ਪਰਾਹੀ ਹੈ। ਆਪਣੇ ਲੇਖ 'ਕੰਬਦੀ ਕਲਾਈ ਰੂਪਾਤਮਕ ਅਧਿਐਨ' ਵਿਚ ਉਸ ਨੇ ਇਸ ਆਧਾਰ 'ਤੇ ਹੀ ਕਾਵਿ-ਬੋਲੀ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਆਪਣੇ ਲੇਖ ਦੇ ਅੰਤ ਜਹੇ ਵਿਚ ਉਸ ਨੇ ਲਿਖਿਆ ਹੈ :

> ਕਵਿਤਾ ਸਾਧਾਰਣ ਵਰਤਾਰੇ ਨਾਲੋਂ ਵਧੇਰੇ ਤਣੀ ਹੋਈ ਵੀ ਹੋ ਸਕਦੀ ਹੈ, ਵਧੇਰੇ ਨਿਸੱਲ ਵੀ।......ਕਵਿਤਾ ਮਿਆਰੀ ਭਾਸ਼ਾ ਦੀ ਵਿਆਕਰਣਕ ਜੁਗਤ ਨੂੰ ਬਦਲੇ ਬਿਨਾਂ ਉਸ ਦੇ ਸ਼ਬਦਾਂ ਨੂੰ ਅਗਾਂਹ ਪਿਛਾਂਹ ਕਰ ਦਿੰਦੀ ਹੈ। ਇਸ ਨਾਲ ਉਸ ਦੇ ਅਰਥ ਵਿਚ ਕੋਈ ਤਬਦੀਲੀ ਨਹੀਂ ਵਾਪਰਦੀ, ਪਰ ਉਸ ਦਾ ਮਾਹੌਲ ਬਦਲ ਜਾਂਦਾ ਹੈ ਅਤੇ ਕਵਿਤਾ ਅਰਥ ਤੋਂ ਵਧੀਕ ਮਾਹੌਲ ਵਲ ਰੁਚਿਤ ਹੋ ਜਾਂਦੀ ਹੈ। ਮਿਆਰੀ ਭਾਸ਼ਾ ਤੋਂ ਰਤਾ ਕੁ ਪਰ੍ਹਾਂ ਹਟ ਕੇ ਉਹ ਆਪਣੀ ਮਰਜ਼ੀ ਦਾ ਨਿਵੇਕਲਾ ਮਾਹੌਲ ਸਿਰਜ ਲੈਂਦੀ ਹੈ। ਸ਼ੈਲੀ-ਵਿਗਿਆਨੀਆਂ ਨੇ ਇਸ ਨੂੰ ਡੇਵੀਏਸ਼ਨ ਦਾ ਨਾਂ ਦਿੱਤਾ ਹੈ।

ਪ੍ਰਮੁੱਖ ਤੌਰ 'ਤੇ ਦੋ ਆਲੋਚਨਾਤਮਕ ਧਾਰਾਵਾਂ ਨੇ ਉਪਰੋਕਤ ਡੇਵੀਏਸ਼ਨ ਜਾਂ ਪਰਾਹਿਆਪਣ ਨੂੰ ਆਧਾਰ-ਸ਼ਿਲਾ ਦੇ ਤੌਰ 'ਤੇ ਸਥਾਪਿਤ ਕੀਤਾ ਹੈ ਅਤੇ ਗੈਰ-ਸੰਜੀਦਾ ਜਿਹੇ ਢੰਗ ਨਾਲ ਡਾ: ਹਰਿ-ਭਜਨ ਸਿੰਘ ਨੇ ਦੋਨਾਂ ਦੇ ਪ੍ਰਭਾਵ ਨੂੰ ਕਬੂਲਣ ਦਾ ਯਤਨ ਕੀਤਾ ਹੈ। ਅਮਰੀਕਾ ਵਿਚ ਜਨਮੀ ਨਵ-ਆਲੋਚਨਾ ਨੇ ਇਸ ਨੂੰ ਵਕ੍ਰੋਕਤੀ ਵਿਚ ਵਿਕਸਿਤ ਹੁੰਦੀ ਤਸੱਵਰ ਕੀਤਾ ਹੈ। ਅਨਿਓਕਤੀ ਵਾਂਗ ਵਕ੍ਰੋਕਤੀ ਵਿਚ ਵੀ ਦੂਹਰਾ ਪ੍ਰਭਾਵ ਸੰਚਾਰਣ ਦੀ ਸਮਰਥਾ ਹੈ : ਇਕ ਉਹ ਜੋ ਸ਼ਬਦਾਂ ਦੇ ਮਿਆਰੀ ਪ੍ਰਯੋਗ ਵਿਚ ਉਦੇ ਹੁੰਦਾ ਹੈ ਅਤੇ ਇਕ ਉਹ ਜੋ ਇਸ ਦੀ ਵਿਲੱਖਣਤਾ ਵਿਚ ਅਸਤ ਹੋਇਆ ਹੋਇਆ ਹੈ। ਰੂਸ ਵਿਚ ਉਗਮੀ ਰੂਪਵਾਦੀ ਧਾਰਾ ਅਨੁਸਾਰ ਉਪਰੋਕਤ ਪਰਾਹਿਆਪਣ ਬੋਲੀ ਦਾ ਅਜਨਬੀਕਰਨ ਹੈ ਜਿਸ ਦੇ ਫਲਸਰੂਪ ਪਾਠਕ ਨੂੰ ਰਚਨਾ ਵਿਚ ਵਧੇਰੇ ਖੁਭਣਾ ਪੈਂਦਾ ਹੈ ਅਤੇ ਕਾਵਿਕਤਾ ਅਨੁਭਵ ਕਰਨੀ ਪੈਂਦੀ ਹੈ। ਇਸ ਪ੍ਰਕਰਣ ਵਿਚ ਸਮੁੱਚੀ ਕਲਾ ਤੇ ਚਿੰਤਨ ਕਰਦਿਆਂ ਇਸ ਆਲੋਚਨਾਤਮਕ ਧਾਰਾ ਦੇ ਸੰਚਾਲਕ ਸ਼ਕਾਲੁਵਸਕੀ ਨੇ ਲਿਖਿਆ ਹੈ :

> ਜਿਸ ਵਿਧੀ ਦੀ ਕਲਾ ਵਰਤੋਂ ਕਰਦੀ ਹੈ ਉਹ ਵਸਤੂਆਂ ਨੂੰ ਅਜੀਬ ਦਰਸਾਉਣ ਦੀ ਤੇ ਰੂਪ ਨੂੰ ਪੇਚੀਦਾ ਬਣਾ ਦੇਣ ਦੀ ਵਿਧੀ ਹੈ, ਜਿਸ ਨਾਲ ਸਹਜ-ਗਿਆਨ ਦੀ ਕਠਿਨਤਾ ਤੇ

---

The device which art uses is the device of "making things strange" and of complicating the form, thereby increasing the difficulty and length of preception so that the perceiving process becomes an end in itself and has to be prolonged. Art is a means of experiencing the making of a thing : What is made in art is unimportant.

(Shklovsky)

ਮਿਆਦ ਵਧ ਜਾਂਦੀ ਹੈ ਅਤੇ ਸਹਜ-ਗਿਆਨ ਦੀ ਪ੍ਰਕਿਰਿਆ ਸਵੈ-ਸੰਪੰਨ ਹੋ ਜਾਂਦੀ ਹੈ ਅਤੇ ਇਸ ਦੀ ਮਿਆਦ ਲੰਮੇਰੀ ਹੋ ਜਾਂਦੀ ਹੈ। ਕਲਾ ਵਸਤੂ ਦੇ ਬਣਾਏ ਜਾਣ ਦੇ ਅਨੁਭਵ ਦਾ ਸਹਜ ਹੈ : ਕਲਾ ਵਿਚ ਜੋ ਸਿਰਜਿਆ ਜਾਂਦਾ ਹੈ ਉਸ ਦੀ ਕੋਈ ਮਹਤੱਤਾ ਨਹੀਂ ਹੁੰਦੀ।

ਸਹਜ-ਗਿਆਨ ਦੀ ਕਠਿਨਤਾ ਤੇ ਰੂਪ ਦੀ ਪੇਚੀਦਗੀ ਆਦਿ ਕਾਰਨ, ਉਪਰੋਕਤ ਅਜਨਬੀ-ਕਰਨ-ਸਿਧਾਂਤ ਬਰੈਖਤ ਦੇ ਵਿਤਰੇਕਤਾ-ਸਿਧਾਂਤ ਤੋਂ ਨਿਚਲੀ ਸਿਰਜਨਾਤਮਕ ਪ੍ਰਕਿਰਿਆ ਵਲ ਸੰਕੇਤ ਕਰਦਾ ਹੈ। ਬਰੈਖਤ ਦਾ ਵਿਤਰੇਕਤਾ-ਸਿਧਾਂਤ ਰਚਨਾ ਵਿਚ ਵਸਤੂ, ਵਿਅੱਕਤੀ ਤੇ ਅਨੁਭਵ ਨੂੰ ਉਸ ਦੇ ਉਸ ਅਨੂਠਾਪਣ ਵਿਚ ਸਿਰਜਣ ਪ੍ਰਤੀ ਪ੍ਰਤੀਬੱਧ ਹੈ ਜਿਸ ਵਿਚ ਇਸ ਦੀ ਮੌਲਿਕਤਾ ਇਸ ਦੀ ਵਿਲੱਖਣਤਾ ਨਾਲ ਅਭੇਦ ਹੋ ਜਾਂਦੀ ਹੈ। ਕੁਦਰਤੀ ਤੌਰ 'ਤੇ ਇਸ ਵਿਤਰੇਕਤਾ-ਸਿਧਾਂਤ ਨੂੰ ਵਾਲਟਰ ਬੈਂਜਾਮਿਨ ਦੀ ਇਸ ਦ੍ਰਿਸ਼ਟੀ ਵਿਚ ਦਾਰਸ਼ਨਿਕ-ਇਤਿਹਾਸਕ ਸੰਪਨੰਤਾ ਮਿਲ ਜਾਂਦੀ ਹੈ ਕਿ ਰਚਨਾ ਵਿਚ ਵਰਤਮਾਨ ਇਉਂ ਪ੍ਰਜਵੱਲਤ ਹੋਇਆ ਹੁੰਦਾ ਹੈ ਕਿ ਇਹ ਦੇਸ਼/ਕਾਲ ਦੇ ਪਰਿਵਰਤਨਸ਼ੀਲ ਪ੍ਰਬੰਧ ਦਾ ਅੰਗ ਹੁੰਦਾ ਹੋਇਆ ਇਸ ਨਾਲੋਂ ਵਿਭਿੰਨ ਹੋ ਜਾਂਦਾ ਹੈ ਅਤੇ ਅਤੀਤ ਤੇ ਭਵਿੱਖ ਨੂੰ ਆਪਣੇ ਪੂਰਵਲੇ ਤੇ ਅਗੰਮੀ ਇਤਿਹਾਸ ਦੇ ਰੂਪ ਵਿਚ ਢਾਲ ਲੈਂਦਾ ਹੈ। ਇਥੇ ਇਹ ਮੰਨ ਲੈਣ ਵਿਚ ਵੀ ਸੰਕੋਚ ਨਹੀਂ ਹੋ ਸਕਦਾ ਕਿ ਵਾਲਟਰ ਬੈਂਜਾਮਿਨ ਦੀ ਦ੍ਰਿਸ਼ਟੀ ਵਿਚ ਅਮੂਰਤਤਾ ਦਾ ਅੰਸ਼ ਹੈ। ਇਸ ਨੂੰ ਸਮੂਰਤਤਾ ਪ੍ਰਦਾਨ ਕਰਨ ਲਈ ਜ਼ਰੂਰੀ ਹੈ ਇਸ ਦੀ ਵਿਆਖਿਆ ਉਸ ਇਤਿਹਾਸਕ/ਵਿਆਪਕ ਧਰਾਤਲ 'ਤੇ ਕੀਤੀ ਜਾਵੇ ਜਿਸ ਨੂੰ ਅਨਤੋਨੀਓ ਗ੍ਰਾਮਸਕੀ ਨੇ ਲੋਕ ਬੋਧ/ਜੀਵਨ ਬੋਧ/ਸੁਬੋਧ ਦੀ ਡਾਇਲੈਕਟਿਕ ਰਾਹੀਂ ਸਮਝਣ ਦਾ ਯਤਨ ਕੀਤਾ ਹੈ।

ਨਵ-ਆਲੋਚਨਾ ਦੇ ਵਕ੍ਰੋਕਤੀ-ਸਿਧਾਂਤ ਤੇ ਰੂਪਵਾਦੀ ਆਲੋਚਨਾ ਦੇ ਅਜਨਬੀਕਰਨ-ਸਿਧਾਂਤ ਵਿਚ ਨਿਸਚੇ ਹੀ ਉਹ ਸਮਰਥਾ ਤੇ ਸੰਪਨੰਤਾ ਨਹੀਂ ਜੋ ਬਰੈਖਤ ਦੇ ਵਿਤਕੇਰਤਾ-ਸਿਧਾਂਤ, ਵਾਲਟਰ ਬੈਂਜਾਮਿਨ ਦੇ ਪੂਰਵਲਾ ਇਤਿਹਾਸ/ ਇਤਿਹਾਸ/ ਅਗੰਮੀ ਇਤਿਹਾਸ ਤੇ ਅਨਤੋਨੀਓ ਗ੍ਰਾਮਸਕੀ ਦੇ ਲੋਕ ਬੋਧ/ ਜੀਵਨ ਬੋਧ/ਸੁਬੋਧ ਵਾਲੇ ਸਿਧਾਂਤ ਵਿਚ ਵਿਆਪਕ ਹੈ। ਕੁਦਰਤੀ ਤੌਰ 'ਤੇ ਵਕ੍ਰੋਕਤੀ-ਸਿਧਾਂਤ ਤੇ ਅਜਨਬੀਕਰਨ-ਸਿਧਾਂਤ ਨੂੰ ਪ੍ਰੋਤਸਾਹਿਤ ਕਰਨ ਵਾਲੇ ਪਰਾਹਿਆਪਣ 'ਚ ਉਹ ਕਾਵਿਕ ਸੰਭਾਵਨਾ ਤੇ ਸਮਰਥਾ ਨਹੀਂ ਹੋ ਸਕਦੀ ਜਿਸਦਾ ਸੰਚਾਰ ਗਿਆਨ ਤੇ ਆਨੰਦ ਦੇ ਅਨਿਖੜਵੇਂ ਅਨੁਭਵ ਰਾਹੀਂ ਹੋਵੇ ਅਤੇ ਅਕਾਂਖਿਆ ਜਿਸ ਦੀ ਚਿਰੰਜਵੀ ਤੇ ਸਰਬ-ਵਿਆਪਕ ਹੋ ਨਿਬੜੇ। ਵੱਧ ਤੋਂ ਵੱਧ ਇਹਨਾਂ ਵਿਚ ਐਨੀ ਕੁ ਕਾਵਿਕ ਸੰਭਾਵਨਾ ਤੇ ਸਮਰਥਾ ਹੀ ਹੋ ਸਕਦੀ ਹੈ ਜਿਸ ਨੂੰ ਗ੍ਰਹਿਣ ਕਰਨ ਲਈ ਗਿਆਨ ਤੇ ਆਨੰਦ ਦੇ ਅਨਿੱਖੜਵੇਂ ਅਨੁਭਵ ਵਿਚ ਪੈਣ ਦੀ ਥਾਂ ਕੇਵਲ ਬੌਧਿਕ ਖੱਜਲ ਖੁਆਰੀ ਵਿਚ ਹੀ ਪੈਣਾ ਪਵੇਗਾ ਅਤੇ ਇਸ ਦੀ ਅਕਾਂਖਿਆ ਕਾਇਮ ਰੱਖਣ ਲਈ ਸੰਕਲਪਾਤਮਕ ਤੌਰ ਤੇ ਹੀ ਯਤਨਸ਼ੀਲ ਹੋਣਾ ਪਵੇਗਾ।

ਜੇ ਇਸ ਪਰਾਹਿਆਪਣ ਨੂੰ ਹੀ ਕਾਵਿਕ ਤੱਤ ਦਾ ਸ੍ਰੋਤ ਮੰਨ ਲਿਆ ਜਾਵੇ ਤਾਂ ਰੋਜ਼-ਮਰ੍ਹਾ ਦੀ ਬੋਲ-ਚਾਲ ਦੀ ਬੋਲੀ ਨੂੰ ਕਵਿਤਾ ਹੀ ਆਖਣਾ ਪਵੇਗਾ ਕਿਉਂਕਿ ਵਿਆਕਾਰਣਕ ਪੱਖ ਤੋਂ ਹੀ ਨਹੀਂ ਸਗੋਂ ਸ਼ਬਦ-ਉਚਾਰਣ, ਸ਼ਬਦ-ਜੋੜ, ਸ਼ਬਦ-ਭਾਵ ਤੇ ਵਾਕ-ਬਣਤਰ ਦੇ ਪੱਖੋਂ ਇਸ ਵਿਚ ਪਰਿਵਰਤਨ ਦਾ ਪ੍ਰਵੇਸ਼ ਹੁੰਦਾ ਰਹਿੰਦਾ ਹੈ ਜਿਸ ਵਿਚ ਕਾਫੀ ਅੰਸ਼ ਉਸ ਪਰਾਹਿਆਪਣ ਦਾ ਵੀ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਜਿਨ੍ਹਾਂ ਸਮਿਆਂ ਵਿਚ ਲੋਕ ਕਿਸੇ ਮਹਾਨ ਇਤਿਹਾਸਕ ਪ੍ਰਯੋਜਨ ਨਾਲ

ਪ੍ਰਤੀਬਧ ਨਹੀਂ ਹੁੰਦੇ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਚਿੰਤਨ ਤੇ ਕਾਰਜ ਦੇ ਸੰਯੋਗ ਦਾ ਕੋਈ ਮਹਾਨ ਪ੍ਰਮਾਣ ਨਹੀਂ ਦਿੰਦੇ, ਉਹਨਾਂ ਸਮਿਆਂ ਵਿਚ ਉਹਨਾਂ ਦੇ ਸ਼ਬਦਾਂ ਵਿਚੋਂ ਵਿਅੰਜਨ ਕਿਰਦੇ ਚਲੇ ਜਾਂਦੇ ਹਨ ਅਤੇ ਉਹਨਾਂ ਵਿਚ ਸੁਰਾਂ ਦੀ ਭਰਮਾਰ ਹੁੰਦੀ ਚਲੀ ਜਾਂਦੀ ਹੈ। ਇਤਿਹਾਸਕ ਪਰਿਵਰਤਨ ਦੌਰਾਨ ਵਿਸ਼ੇਸ਼ ਕਰਕੇ ਜੇ ਉਹ ਉਥੱਲ-ਪੁਥੱਲ ਦਾ ਰੂਪ ਇਖਤਿਆਰ ਕਰ ਲਵੇ ਤਾਂ ਸ਼ਬਦਾਂ ਵਿਚ ਵਿਅੰਜਨਾਂ ਦਾ ਵਾਧਾ ਹੋਣ ਲੱਗ ਪੈਂਦਾ ਹੈ।

ਕਿਹਾ ਜਾ ਸਕਦਾ ਹੈ ਕਿ ਉਪਰੋਕਤ ਇਤਿਹਾਸਕ ਪ੍ਰਕਿਰਿਆ ਤਾਂ ਬਹੁਤ ਹੀ ਵਿਰਾਟ ਢੰਗ ਨਾਲ ਨੇਪਰੇ ਚੜ੍ਹਦੀ ਹੈ ਅਤੇ ਇਸ ਦੇ ਪਰਿਵਰਤਨ ਅਧੀਨ ਆਉਂਦੀ ਬੋਲ-ਚਾਲ ਦੀ ਬੋਲੀ ਨੂੰ ਇਸ ਲਈ ਕਵਿਤਾ ਨਹੀਂ ਆਖਿਆ ਜਾ ਸਕਦਾ ਕਿਉਂਕਿ ਇਸ ਉੱਪਰ ਕਵੀ ਨੇ ਬੰਧੇਜ-ਰੂਪੀ ਪੈਟਰਨ ਲਾਗੂ ਨਹੀਂ ਕੀਤਾ ਹੁੰਦਾ। ਇਸ ਕਿੰਤੂ ਦਾ ਇਹ ਆਧਾਰ ਵੀ ਦਰਅਸਲ ਨਿਰਮੂਲ ਹੈ ਕਿਉਂਕਿ ਜਦੋਂ ਇਸ ਬੋਲ-ਚਾਲ ਦੀ ਬੋਲੀ ਦੇ ਇਸ ਪਰਾਹਿਆਪਣ ਉਪਰ ਬੰਧੇਜ-ਰੂਪੀ ਪੈਟਰਨ ਲਾਗੂ ਕਰ ਵੀ ਦਿੱਤਾ ਜਾਂਦਾ ਹੈ ਤਦ ਵੀ ਇਹ ਬੋਲੀ ਕਵਿਤਾ ਵਿਚ ਢਲੀ ਹੋਣ ਦਾ ਪ੍ਰਮਾਣ ਨਹੀਂ ਦਿੰਦੀ। ਇਸ ਪ੍ਰਕਰਣ ਵਿਚ ਚੇਤਨਾ-ਪ੍ਰਵਾਹ ਦੀ ਵਿਧੀ ਅਨੁਸਾਰ ਰਚੀਆਂ ਰਚਨਾਵਾਂ ਨੂੰ ਲਿਆ ਜਾ ਸਕਦਾ ਹੈ। ਇਹ ਰਚਨਾਵਾਂ ਬੋਲ-ਚਾਲ ਦੀ ਬੋਲੀ ਵਿਚ ਵਾਪਰਦੇ ਪਰਾਹਿਆਪਣ ਨੂੰ ਵਧਾ ਚੜ੍ਹਾ ਕੇ, ਇਥੋਂ ਤੱਕ ਕਿ ਆਪਣੀ ਆਧਾਰ-ਸ਼ਿਲਾ ਬਣਾਕੇ, ਪੇਸ਼ ਕਰਦੀਆਂ ਹਨ। ਪਰ ਕਿਸੇ ਵੀ ਚੇਤਨਾ-ਪ੍ਰਵਾਹ ਨੂੰ ਸਮੂਰਤ ਕਰਨ ਵਾਲੀ ਰਚਨਾ ਨੂੰ ਕਵਿਤਾ ਹੋਣ ਦੀ ਉਪਾਧੀ ਨਹੀਂ ਦਿਤੀ ਜਾ ਸਕਦੀ। ਇਸ ਤਰ੍ਹਾਂ ਦੀ ਕਿਸੇ ਰਚਨਾ ਵਿਚੋਂ ਵੀ ਕਾਵਿਕਤਾ ਦੀ ਗੰਧ ਉਦੈ ਹੁੰਦੀ ਮਹਿਸੂਸ ਨਹੀਂ ਹੁੰਦੀ। ਵੱਧ ਤੋਂ ਵੱਧ ਉਹਨਾਂ ਦੁਆਲੇ ਕਾਵਿਕਤਾ ਦਾ ਮੱਧਮ ਹੋ ਰਿਹਾ ਪਰਵਾਰ ਹੀ ਕਲਪਿਤ ਕੀਤਾ ਜਾ ਸਕਦਾ ਹੈ। □

[392 ਐਲ, ਮਾਡਲ ਟਾਊਨ, ਲੁਧਿਆਣਾ]

□

## ਸੰਤ ਸਿੰਘ ਸੇਖੋਂ ਦੀਆਂ ਕੁਝ ਉਤਕ੍ਰਿਸ਼ਟ ਰਚਨਾਵਾਂ

ਨਾਟਕ : ਮਿੱਤਰ ਪਿਆਰਾ. ਮੋਇਆਂ ਸਾਰ ਨਾ ਕਾਈ, ਦਮਯੰਤੀ

ਨਾਵਲ : ਲਹੂ ਮਿੱਟੀ, ਬਾਬਾ ਆਸਮਾਨ

ਕਹਾਣੀਆਂ : ਤੀਜਾ ਪਹਿਰ, ਅੱਧੀ ਵਾਟ, ਕਾਮੇ ਤੇ ਜੋਧੇ, ਸਮਾਚਾਰ

ਆਲੋਚਨਾ : ਸਾਹਿਤਿਆਰਥ, ਸ਼ਿਰੋਮਣੀ ਪੰਜਾਬੀ ਕਵੀ

## ਪੂੰਜੀਵਾਦ ਤੇ ਵਿਸ਼ਵ-ਵਿਦਿਆਲੇ

ਰੇਮੰਡ ਚਾਲੀਨਰ

ਹੋਰ ਪੂੰਜੀਵਾਦੀ ਸੰਸਥਾਵਾਂ ਵਾਂਗ ਕਾਲਜਾਂ ਤੇ ਵਿਸ਼ਵਵਿਦਿਆਲਿਆਂ ਨੇ ਸਮਾਜ ਵਿਚ ਆਪਣੇ ਰੋਲ ਬਾਬਤ ਭਰਮ ਪਾਲੇ ਹੋਏ ਹਨ। ਵਿਨਾਸ਼ਕਾਰ ਸ਼ਕਤੀਆਂ ਦੇ ਟਾਕਰੇ ਵਿਚ ਇਹ ਰੋਲ ਸਾਵੀਂ ਤੇ ਸੁਖਾਵੀਂ ਕਾਰਜ ਪ੍ਰਣਾਲੀ ਚਲਾਉਣ ਵਿਚ ਸਹਾਈ ਹੁੰਦਾ ਹੈ। ਉੱਚ ਸਿੱਖਿਆ ਦੇ ਸਥਾਨ ਘਟੋ ਘਟ ਮਿਥ ਅਨੁਸਾਰ ਆਪਣੀ ਗਿਆਨ ਦੀ ਖੋਜ ਵਿਚ ਪੂਰੀ ਅਕਾਦਮਿਕ ਆਜ਼ਾਦੀ ਨਾਲ ਕ੍ਰਿਆਸ਼ੀਲ ਹੁੰਦੇ ਹਨ। ਪਰਸਪਰ ਵਿਰੋਧੀ ਖ਼ਿਆਲ ਬਿਨਾਂ ਕਿਸੇ ਰੁਕਾਵਟ ਜਾਂ ਵਿਘਨ ਦੇ ਪ੍ਰਗਟ ਕੀਤੇ ਜਾਂਦੇ ਹਨ, ਤੇ ਉਨ੍ਹਾਂ ਦੇ ਟਾਕਰੇ 'ਚੋਂ ਸਚਾਈ ਉਭਰਦੀ ਹੈ।

**ਸੰਗੀਨ ਇਤਰਾਜ਼**—ਉਪਰ ਦੱਸੀ ਗਈ ਅਵਸਥਾ 'ਤੇ ਘੋਰ ਆਪੱਤੀ ਕੀਤੀ ਜਾਂਦੀ ਹੈ। ਪਹਿਲੀ ਇਹ ਕਿ ਪ੍ਰਤਿਯੋਗੀ ਬਰਾਬਰੀ ਦੇ ਆਧਾਰ 'ਤੇ ਨਹੀਂ ਚਲਦੇ। ਚੌਪੜ ਦਾ ਪਾਸਾ ਵੱਡਿਆਂ ਵੱਲ ਹੀ ਭਾਰਾ ਰਹਿੰਦਾ ਹੈ, ਉਦਾਹਰਣ ਵਜੋਂ, ਨੌਜਵਾਨ ਨਿਪੁੰਨ-ਇੰਜਨੀਅਰਾਂ ਦਾ ਇਕ ਛੋਟਾ ਸਮੂਹ, ਜੋ ਬ੍ਰਿਟਿਸ਼ ਲੇਲੈਂਡ ਤੋਂ ਕਿਤੇ ਵਧੀਆ ਕਾਰ ਬਣਾ ਸਕਦਾ ਹੈ, ਮੋਟਰ-ਉਦਯੋਗ ਵਿਚ ਵੱਡੇ ਉਦਯੋਗਪਤੀਆਂ ਦੇ ਮੁਕਾਬਲੇ ਖੜਾ ਨਹੀਂ ਹੋ ਸਕਦਾ। ਏਸੇ ਤਰ੍ਹਾਂ ਹੀ ਰਾਜਨੀਤੀ ਵਿਚ ਹੁੰਦਾ ਹੈ: ਕ੍ਰਾਂਤੀਕਾਰੀ, ਵੱਡੇ ਸਥਾਪਿਤ ਰਾਜਨੀਤਕਾਂ ਦੇ ਮੁਕਾਬਲੇ ਜਿਨ੍ਹਾਂ ਦੀ ਮਾਸ-ਮੀਡੀਆ ਤਕ ਆਸਾਨ ਪਹੁੰਚ ਹੁੰਦੀ ਹੈ, ਛੋਟੇ ਰਸਾਲਿਆਂ 'ਤੇ ਨਿਰਭਰ ਹੋਣ ਕਰ ਕੇ ਸਪਸ਼ਟ ਅਸੁਵਿਧਾ ਵਿਚ ਹੁੰਦੇ ਹਨ।

ਦੂਜੀ ਆਪੱਤੀ ਇਹ ਕਿ ਆਰਥਿਕ ਸ਼ਕਤੀਆਂ ਤੇ ਰਾਜਨੀਤਕ ਖਿਆਲਾਂ ਦਾ ਮੁਕਾਬਲਾ ਸੁਤੰਤਰ ਹਾਲਤਾਂ ਵਿਚ ਹੋਣ ਦੀ ਬਜਾਏ ਪੂੰਜੀਵਾਦ ਦੇ ਦਮਨਸ਼ੀਲ ਪ੍ਰਸੰਗ ਵਿਚ ਹੁੰਦਾ ਹੈ। ਪ੍ਰਣਾਲੀ ਲਈ ਖ਼ਤਰਨਾਕ ਕਿਸੇ ਵੀ ਚੀਜ਼ ਨੂੰ ਦਰੜਿਆ ਜਾ ਸਕਦਾ ਹੈ: ਐਡਮ ਸਮਿਥ ਦੇ 'ਅਦਿਖ ਹੱਥ' ਤੋਂ ਵੱਖਰਾ ਇਕ ਛੁਰੇ ਵਾਲਾ ਹੱਥ ਵੀ ਹੈ।

ਪੂੰਜੀਵਾਦ ਦੇ ਢੰਡੋਰਚੀ ਬੇਸ਼ਕ ਇਹ ਦੋ ਮਹੱਤਵਪੂਰਣ ਰੁਕਾਵਟਾਂ ਭੁੱਲਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਲਈ ਇਹ ਭਰਮ ਪਾਲਣਾ ਜ਼ਰੂਰੀ ਹੈ ਕਿ ਆਰਥਿਕ ਤੌਰ 'ਤੇ ਜਾਂ ਰਾਜਨੀਤੀ ਵਿਚ ਜੋ ਚੋਟੀ 'ਤੇ ਪਹੁੰਚੇ ਹਨ ਉਹ ਆਪਣੀ ਕਾਬਲੀਅਤ ਕਰ ਕੇ ਪਹੁੰਚੇ ਹਨ। ਉਹ ਕਹਿੰਦੇ ਹਨ ਕਿ ਲੇਬਰ ਤੇ ਕੰਜ਼ਰਵੇਟਿਵ ਲੀਡਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਢੁਕਵੀਂ ਤੇ ਸਾਵੀਂ ਸੋਚ ਵਾਲੇ ਹਨ, ਜੋ ਰਾਜ ਕਰਦੇ ਹਨ।

**ਸਥਾਪਤੀ ਦੇ ਸਤੰਭ**—ਵਿਦਿਅਕ ਅਦਾਰੇ ਵਿਚ ਵੀ ਏਹੀ ਅਸੂਲ ਲਾਗੂ ਹੁੰਦਾ ਹੈ। ਪ੍ਰੋਫ਼ੈਸਰ ਕਾਬਲੀਅਤ ਦੇ ਆਧਾਰ 'ਤੇ ਨਿਯੁਕਤ ਹੋਏ ਮੰਨੇ ਜਾਂਦੇ ਹਨ। ਉਹ ਆਪਣੇ ਹੋਰਨਾਂ ਭਾਈਆਂ ਤੋਂ ਵਧੇਰੇ ਸਿਆਣੇ, ਵਧੇਰੇ ਸੂਝਵਾਨ ਤੇ ਵਿਦਵਾਨ ਮੰਨੇ ਜਾਂਦੇ ਹਨ। ਜੇ ਪਹਿਲਾਂ ਨਹੀਂ ਤਾਂ ਨਿਯੁਕਤੀ ਦੇ ਬਾਅਦ ਉਹ ਯੂਨੀਵਰਸਿਟੀ--ਸਥਾਪਤੀ ਦੇ ਸਤੰਭ ਬਣ ਜਾਂਦੇ ਹਨ

ਤ ਪ੍ਰਤਿਕ੍ਰਿਆਵਾਦੀ ਬਿਆਨ ਦਿੰਦੇ ਹਨ । ਕਮਿਸ਼ਨ ਵਿਚ ਬੈਠਕੇ ਉਹ ਉੱਨਤੀ ਦੀ ਧਾਰਾ ਨੂੰ ਠਲ੍ਹ ਪਾਉਣ ਵਿਚ, ਕੀਮਤਾਂ ਤੇ ਆਮਦਨੀ ਬੋਰਡ ਵਿਚ ਉਜਰਤ ਘੱਟ ਰੱਖਣ ਵਿਚ ਮਦਦ ਕਰਦੇ ਹਨ ਅਤੇ ਆਮ ਤੌਰ 'ਤੇ ਰਾਜ-ਕਰਦੀ ਜਮਾਤ ਦੀ ਚੋਖੀ ਗਿਣਤੀ ਵਿਚ ਪੇਪਰਾਂ ਤੇ ਭਾਸ਼ਣਾਂ ਦੁਆਰਾ ਸੇਵਾ ਕਰਦੇ ਹਨ । ਇਤਿਹਾਸ ਗਵਾਹ ਹੈ ਕਿ ਹਮੇਸ਼ਾ ਵਿਸ਼ਵ ਵਿਦਿਆਲਿਆਂ ਦੇ ਪ੍ਰਸਿਧ ਦਿਮਾਗਾਂ ਨੇ ਮੌਜੂਦਾ ਸਮਾਜਕ-ਪ੍ਰਣਾਲੀ ਦੀ ਤਕੀਆ-ਬਾਜ਼ੀ ਕੀਤੀ ਹੈ । ਰਾਜ-ਕਰਦੀ ਜਮਾਤ ਵਾਸਤੇ ਇਹ ਵਿਸ਼ਵਾਸ ਕਰਨਾ, ਕਿ ਇਹ ਸੱਚ ਦੀ ਭਾਲ ਕਰਨ ਵਾਲੇ ਲੋਕਾਂ ਦੀ ਆਜ਼ਾਦ ਖਿਆਲੀ ਕਰਕੇ ਹੋਇਆ ਹੈ, ਬੜਾ ਸੁਖਦਾਈ ਹੈ । ਇਸ ਤਰ੍ਹਾਂ ਰਾਜ ਕਰਦੀ ਜਮਾਤ ਆਪਣੇ ਆਪ ਨੂੰ ਸਮਾਜ ਵਿਚ ਸੱਚ ਦੀ ਪ੍ਰਤੱਖ ਮੂਰਤ ਸਮਝਦੀ ਹੈ । ਮਾਰਕਸਵਾਦੀ ਇਸ 'ਤੇ ਬਿਲਕੁਲ ਸਹੀ ਉਜਰ ਕਰਦੇ ਹਨ । [ਲੇਖਕ ਦੱਸਣਾ ਚਾਹੁੰਦਾ ਹੈ] ਆਜ਼ਾਦ-ਖ਼ਿਆਲੀ 'ਤੇ ਕੀ ਕੀ ਰੁਕਾਵਟਾਂ ਲਗਾਈਆਂ ਗਈਆਂ ਹਨ ।

ਸਭ ਤੋਂ ਪਹਿਲੀ ਤੇ ਮੁੱਖ ਰੁਕਾਵਟ ਹੈ, ਆਰਥਿਕ । ਵਿਸ਼ਵ ਵਿਦਿਆਲੇ ਆਰਥਿਕ ਤੌਰ 'ਤੇ ਨਿਰਭਰ ਹਨ, ਸੋ ਬਾਹਰਲੀਆਂ ਸੰਸਥਾਵਾਂ ਤੋਂ ਲਈ ਆਰਥਿਕ ਸਹਾਇਤਾ ਉਨ੍ਹਾਂ ਦੀ ਦਿਸ਼ਾ ਨੂੰ ਪ੍ਰਭਾਵਿਤ ਕਰਦੀ ਹੈ । ਕਲੌਂਤ ਨੂੰ ਪੈਸੇ ਦੇ ਕੇ ਮਨ-ਭਾਉਂਦਾ ਗੀਤ ਕੌਣ ਨਹੀਂ ਸੁਣ ਸਕਦਾ । ਪਿੱਛੇ ਜਿਹੇ ਸੱਸੈਕਸ ਵਿਸ਼ਵ ਵਿਦਿਆਲੇ [ਇੰਗਲੈਂਡ] ਵਿਚ ਅਜੇਹੀ ਹੀ ਗੜਬੜ ਸੀ ਜਦੋਂ ਪ੍ਰੋਫੈਸਰ ਅਸਾ ਬ੍ਰਿਗਜ਼ ਨੇ ਬਚਾਉ ਵਿਚ ਕਿਹਾ ਸੀ ਕਿ ਵਿਸ਼ਵਵਿਦਿਆਲੇ ਨੂੰ ਅਮਰੀਕਾ ਦੀ ਇਕ ਫ਼ਰਮ ਤੋਂ, ਜੋ ਵੀਅਤਨਾਮ ਵਿਚ ਵਰਤੇ ਜਾਣ ਲਈ ਹਥਿਆਰ ਬਣਾਉਂਦੀ ਸੀ ਧਨ ਲੈਣ ਦਾ ਅਧਿਕਾਰ ਹੈ । ਉਨ੍ਹਾਂ ਨੇ ਕਿਹਾ ਕਿ ਫ਼ਰਮ ਨੇ ਇਹ ਧਨ ਨਿਰੋਲ ਖੋਜ ਵਾਸਤੇ ਦਿੱਤਾ ਹੈ ਤੇ ਇਸ ਖੋਜ ਦੇ ਇਸਤੇਮਾਲ 'ਤੇ ਕੋਈ ਪਾਬੰਦੀਆਂ ਨਹੀਂ ਲਗਾਈਆਂ । ਇਸ ਲਈ ਇਸ ਨਾਲ ਅਕਾਦਮਿਕ ਆਜ਼ਾਦੀ ਨੂੰ ਕੋਈ ਖ਼ਤਰਾ ਨਹੀਂ ।

ਪਰ ਪ੍ਰੋ: ਬ੍ਰਿਗਜ਼ ਨੇ ਅਜਿਹੀਆਂ ਗ੍ਰਾਂਟਾਂ ਦੇ ਅੰਤਰ-ਵਿਆਪੀ ਖ਼ਤਰਿਆਂ ਨੂੰ ਅਣਗੌਲੇ ਕਰ ਦਿੱਤਾ ਹੈ । ਅਮਰੀਕਨ ਵਿਸ਼ਵ ਵਿਦਿਆਲਿਆਂ ਵਿਚ ਇਹ ਅਮਲ ਇੰਗਲੈਂਡ ਨਾਲੋਂ ਵਧੇਰੇ ਵਧ ਚੁੱਕਾ ਹੈ । ਇਸ ਗੱਲ ਨੂੰ ਸਹੀ ਰੂਪ ਵਿਚ ਜਨਰਲ ਆਈਜ਼ਨਹੋਵਰ ਨੇ 1956 ਵਿਚ ਆਪਣੀ ਪ੍ਰਧਾਨਗੀ ਦੀ ਮਿਆਦ ਖ਼ਤਮ ਹੋਣ ਦੇ ਮੌਕੇ 'ਤੇ ਦੱਸਿਆ । ਉਸ ਭਾਸ਼ਣ ਵਿਚ ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਅਮਰੀਕਨ ਜੀਵਨ ਤੇ ਬੁੱਧੀਜੀਵੀਆਂ ਉੱਤੇ ਮਿਲਟਰੀ-ਉਦਯੋਗਿਕ ਖ਼ਬਤ ਹਾਵੀ ਹੋ ਰਹੀ ਹੈ । ਅਗਲੇ ਵਰ੍ਹੇ ਇਕ ਸਰਵੇਖਣ ਰਾਹੀਂ ਪਤਾ ਲੱਗਿਆ ਕਿ 84% ਖੋਜ ਮਿਲਟਰੀ ਸਰਗਰਮੀ ਨਾਲ ਸੰਬੰਧਿਤ ਹੈ । ਬਾਅਦ ਵਿਚ 'ਵਿਦਿਆ ਬਾਰੇ ਅਮਰੀਕਨ ਕੌਂਸਿਲ' ਨੇ ਕਿਹਾ ਕਿ ਜੇ ਇਹ ਧਨ ਰਾਸ਼ੀ ਨਾ ਮਿਲੇ ਤਾਂ ਬਹੁਤ ਸਾਰੇ ਵਿਸ਼ਵਵਿਦਿਆਲਿਆਂ ਦੀ ਖੋਜ ਦੀ ਖ਼ਸਲਤ ਹੀ ਬਦਲ ਜਾਵੇ (ਨਤੀਜੇ ਵਜੋਂ ਉਨ੍ਹਾਂ ਦੇ ਵਿਦਿਅਕ-ਪ੍ਰੋਗਰਾਮ 'ਤੇ ਅਸਰ ਪਵੇਗਾ) । ਬਹੁਤ ਸਾਰੀ ਖੋਜ ਬਿਲਕੁਲ ਬੰਦ ਹੀ ਕਰਨੀ ਪਵੇਗੀ । ਬਾਕੀ ਕਾਂਟ ਛਾਂਟ ਕਰ ਦਿੱਤੀ ਜਾਵੇਗੀ ।

**ਮਿਲਟਰੀ ਕੜੀ**—ਦਬਾਉ ਥਲੇ ਆ ਕੇ ਵਿਸ਼ਵਵਿਦਿਆਲੇ ਮਿਲਟਰੀ-ਸੰਪਰਕ ਵਾਲੀਆਂ ਫ਼ਰਮਾਂ ਦੀ ਚਾਪਲੂਸੀ ਕਰਦੇ ਰਹੇ । ਵਿਕਾਸ, ਪਦ-ਉਨਤੀ, ਸ਼ੁਹਰਤ, ਸਭ 'ਹਾਂ' ਨਾਲ ਬੰਨ੍ਹੇ

ਹੋਏ ਹਨ । ਇਸ ਤੋਂ ਇਲਾਵਾ ਇਲਾਕਾਈ ਆਰਥਿਕ ਖੁਸ਼ਹਾਲੀ ਵੀ, ਉਨ੍ਹਾਂ ਦੇ ਫੈਸਲਿਆਂ 'ਤੇ ਨਿਰਭਰ ਹੈ : ਅਕਸਰ ਹਥਿਆਰ ਬਣਾਉਣ ਵਾਲਾ ਕਾਰਖਾਨਾ ਉਥੇ ਲਾਇਆ ਜਾਂਦਾ ਹੈ ਜਿਥੇ ਗਵਾਂਢੀ ਵਿਸ਼ਵਵਿਦਿਆਲਾ ਸਹਿਯੋਗੀ ਹੁੰਦਾ ਹੈ। ਇਕ ਵਾਰ ਮਿਲਟਰੀ ਕੜੀ ਬਣ ਜਾਣ ਬਾਅਦ, ਤਗੜੀ ਕਾਇਆ-ਪਲਟ ਹੋ ਜਾਂਦੀ ਹੈ। ਹਾਰਵਰਡ ਯੂਨੀਵਰਸਿਟੀ ਦੇ ਡੀਨ ਮੈਕਜਾਰਜ ਬੰਡੀ ਨੇ ਇਹ ਮੰਨਿਆ ਕਿ "ਯੂਨੀਵਰਸਿਟੀ ਦਾ ਵਾਤਾਵਰਣ ਸ੍ਰੇਣੀ-ਬਧ ਸੰਧੀਆਂ ਨਾਲ ਆਸਾਨੀ ਨਾਲ ਭ੍ਰਸ਼ਟ ਕੀਤਾ ਜਾ ਸਕਦਾ ਹੈ।" ਖੋਜ-ਨਤੀਜੇ ਛਾਪਣ ਦੀ ਖੁਲ੍ਹ ਖ਼ਤਮ ਹੋ ਚੁੱਕੀ ਹੈ। ਜਦ ਤੋਂ ਗੈਰ ਵਿਦਿਅਕ ਮਾਪ-ਦੰਡ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ ਕਿਸੇ ਵੀ ਆਸਾਮੀ 'ਤੇ ਸਿਆਣੇ ਵਿਅਕਤੀ ਨੂੰ ਨਿਯੁਕਤ ਕਰਨ ਦਾ ਯੂਨੀਵਰਸਿਟੀ ਦਾ ਅਧਿਕਾਰ ਜਾਂਦਾ ਰਿਹਾ ਹੈ। ਇਸਦੇ ਉਲਟ ਸਕਿਉਰਟੀ-ਮੈਨ ਕਿਸੇ ਦੀ ਵਿਅਕਤੀਗਤ ਤੇ ਬੌਧਿਕ ਸਰਗਰਮੀਆਂ ਦੀ ਟੋਹ ਲੈਂਦਾ ਫਿਰਦਾ ਹੈ।

**ਸ਼ਸਤਰੀ ਕਾਰਖਾਨੇ**—ਆਪਣਾ ਸਾਲਾਨਾ ਮਿਲਟਰੀ ਬਜਟ 230 ਕਰੋੜ ਪੌਂਡ ਹੋਣ ਕਰਕੇ ਬ੍ਰਿਟਿਸ਼ ਸਰਕਾਰ ਮਿਲਟਰੀ-ਖੋਜ ਪ੍ਰਾਜੈਕਟ ਦੀ ਲਾਗਤ-ਸਾਰਥਕਤਾ ਬਾਰੇ ਚਿੰਤਾਤੁਰ ਹੈ। ਸਰਕਾਰ ਨੇ ਵਿਸ਼ਵਵਿਦਿਆਲਿਆਂ ਨਾਲ ਸਮਝੌਤਾ ਕੀਤਾ ਹੋਇਆ ਹੈ ਕਿ ਉਹ ਰਵਾਇਤੀ ਅਕਾਦਮਿਕ ਆਜ਼ਾਦੀ ਘਟਾਉਣ ਤਾਂ ਕਿ ਸ੍ਰੇਣੀ-ਬਧ ਪ੍ਰਾਜੈਕਟਾਂ 'ਤੇ ਵਧੇਰੇ ਕੰਮ ਕੀਤਾ ਜਾ ਸਕੇ। ਜਿਵੇਂ ਪ੍ਰੋਫੈਸਰ ਬਰਨਲ ਨੇ ਸੰਕੇਤ ਕੀਤਾ ਹੈ ਕਿ ਕਾਰਜ-ਪ੍ਰਣਾਲੀ ਵਿਚ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਵਿਸ਼ਵਵਿਦਿਆਲਿਆਂ ਨੂੰ ਸ਼ਸਤਰੀ ਕਾਰਖਾਨਿਆਂ ਦੇ ਅਧੀਨ ਕਰ ਦੇਣਗੀਆਂ।

ਸਿਧਾਂਤਕ ਭੌਤਿਕ ਵਿਗਿਆਨ ਵਿਚ ਹੁਣ ਦੁਨੀਆਂ ਦੇ ਚੋਟੀ ਦੇ ਸਾਇੰਸਦਾਨਾਂ ਵਾਸਤੇ ਮਿਲ ਕੇ ਕੰਮ ਕਰਨ ਬਾਰੇ ਸੋਚਣਾ ਏਨਾ ਸੰਭਵ ਨਹੀਂ ਜਿੰਨਾ ਦੋ ਵੱਡੀਆਂ ਜੰਗਾਂ ਦੇ ਵਿਚਕਾਰਲੇ ਸਾਲਾਂ ਵਿਚ ਸੀ। ਸੀ. ਪੀ. ਸਨੋਅ ਨੇ ਵੀ ਸੰਕੇਤ ਦਿੱਤਾ ਹੈ ਕਿ ਹੁਣ ਕੋਈ ਖਿਆਤੀ ਪ੍ਰਾਪਤ ਰੂਸੀ ਸਾਇੰਸਦਾਨ ਖੋਜ-ਟੀਮ ਦਾ ਮੈਂਬਰ ਨਹੀਂ ਬਣ ਸਕਦਾ।

**ਪ੍ਰੋਫੈਸਰ/ਉਦਮ ਕਰਤਾ**—ਵਿਸ਼ਵਵਿਦਿਆਲਿਆਂ ਅਤੇ ਸਮੁੱਚੇ ਪੂੰਜੀਵਾਦੀ ਉਦਯੋਗ ਵਿਚਕਾਰ ਵਧ ਰਹੇ ਸੰਬੰਧਾਂ ਦਾ ਇਕ ਪੱਖ ਹੈ : ਸੈਨਾਵਾਦ ਨਾਲ ਸੰਬੰਧ। ਇਕ ਸਰਵੇਖਣ ਰਾਹੀਂ ਪਤਾ ਲੱਗਦਾ ਹੈ ਕਿ ਅਮਰੀਕਨ ਕਾਲਜਾਂ ਦੇ ਵੀਹ ਪ੍ਰਤੀਸ਼ਤ ਪ੍ਰਧਾਨ ਇਕ ਜਾਂ ਵਧੇਰੇ ਬੋਰਡਾਂ ਦੇ ਡਾਇਰੈਕਟਰ ਹਨ ; ਚਾਲੀ ਪ੍ਰਤੀਸ਼ਤ ਕਾਲਜ ਉਦਯੋਗ ਦੇ ਕੰਮ-ਕਾਜ ਵਿਚ ਭਾਗ ਲੈਂਦੇ ਹਨ, ਪੰਜਾਹ ਪ੍ਰਤੀਸ਼ਤ ਉਦਯੋਗਪਤੀ ਇਕ ਜਾਂ ਵਧੇਰੇ ਕਾਲਜ-ਬੋਰਡਾਂ ਦੇ ਮੈਂਬਰ ਹਨ, ਪੈਂਹਠ ਪ੍ਰਤੀਸ਼ਤ ਕੰਪਨੀਆਂ ਕਾਲਜਾਂ ਦੇ ਖੋਜ-ਪ੍ਰੋਗਰਾਮ ਦੀ ਮਾਲੀ ਸਹਾਇਤਾ ਕਰਦੀਆਂ ਹਨ।

ਹੈਰਾਨੀ ਵਾਲੀ ਗੱਲ ਨਹੀਂ ਜਦੋਂ ਕੈਲੀਫੋਰਨੀਆ ਯੂਨੀਵਰਸਿਟੀ ਦੇ ਪੁਰਾਣੇ ਮੁਖੀ ਕਲਾਰਕ ਕੇਰ ਨੇ ਕਿਹਾ : ਯੂਨੀਵਰਸਿਟੀ ਤੇ ਉਦਯੋਗ ਵਧੇਰੇ ਸਮਰੂਪ ਬਣ ਰਹੇ ਹਨ। ਜਦੋਂ ਯੂਨੀਵਰਸਿਟੀ ਕੰਮ ਵਿਚ ਰੁੱਝ ਜਾਂਦੀ ਹੈ, ਤਾਂ ਪ੍ਰੋਫੈਸਰ-ਘਟੋ ਘੱਟ ਕੁਦਰਤੀ ਤੇ ਕੁਝ ਸਮਾਜਕ ਵਿਗਿਆਨਾਂ ਵਿਚ-ਉਦਮ ਕਰਤਾ ਵਾਲੇ ਲੱਛਣ ਅਪਣਾ ਲੈਂਦੇ ਹਨ...... ਯੂਨੀਵਰਸਿਟੀ ਇਕ ਅਜਿਹੀ ਜੰਤਰ-ਵਿਧੀ ਹੈ ਜੋ ਪ੍ਰਬੰਧਕੀ ਰਾਜ ਤੇ ਧਨ ਰਾਸ਼ੀ ਦੇਣ ਵਾਲੀਆਂ ਸੰਸਥਾਵਾਂ ਰਾਹੀਂ ਚਲਦੀ ਹੈ। ਅਕਸਰ ਧਨ ਸੂਖਮ ਢੰਗ ਨਾਲ ਇਸ ਦੇ ਫੈਸਲਿਆਂ ਨੂੰ ਪ੍ਰਭਾਵਿਤ

ਕਰਦਾ ਹੈ । ਫ਼ੇਰ ਵੀ ਅਧਿਕਾਰੀ ਕਦੇ-ਕਦੇ ਇਹ ਮੰਨ ਲੈਂਦੇ ਹਨ ਕਿ ਉਨ੍ਹਾਂ ਦੀ ਸਾਰੀ ਰਾਜਨੀਤੀ 'ਤੇ ਅਰਥ-ਵਿਵਸਥਾ ਦਾ ਅਸਰ ਹੈ । ਕੀਲ ਯੂਨੀਵਰਸਿਟੀ ਦੇ ਸ਼ੁਰੂ ਸਾਲਾਂ ਵਿਚ ਇਸੇ ਤਰ੍ਹਾਂ ਹੋਇਆ । ਯੂਨੀਵਰਸਿਟੀ ਅਧਿਕਾਰੀਆਂ ਦਾ ਵਿਸ਼ਵਾਸ ਸੀ ਕਿ ਕਰਾਕਰੀ-ਉਦਯੋਗ ਵਿਚੋਂ ਧਨ ਇਕੱਠਾ ਹੋ ਸਕਦਾ ਹੈ ਜੇ ਉਹ ਮਾਲੀ ਮਦਦਗਾਰਾਂ ਦੀ ਸਲਾਹ ਲੈਂਦੇ ਰਹਿਣ : ਵਿਦਿਆਰਥੀਆਂ ਨੂੰ ਖੱਬੇ-ਪੱਖੀ ਕਲੱਬ ਬਣਾਉਣ ਤੋਂ ਰੋਕਿਆ ਗਿਆ ; ਇਕ ਲੈਕਚਰਰ ਦੀ ਨਿਯੁਕਤੀ ਇਸ ਕਾਰਣ ਰੱਦ ਕਰ ਦਿੱਤੀ ਗਈ ਕਿ ਉਹ ਸਾਮਵਾਦੀ ਪਾਰਟੀ ਦਾ ਮੈਂਬਰ ਸੀ; 'ਸਾਮਵਾਦ' 'ਤੇ ਚਲਦਾ ਇਕ ਕੋਰਸ ਬੰਦ ਕਰ ਦਿਤਾ ਗਿਆ । ਇਸੇ ਤਰ੍ਹਾਂ ਦੀ ਹੀ ਇਕ ਉਦਾਹਰਣ ਲੈਨਕਾਸਟਰ ਯੂਨੀਵਰਸਿਟੀ ਵਿਚ ਮਿਲਦੀ ਹੈ ।

ਮਾਲੀ ਮਦਦ ਬਾਰੇ ਸਾਰੰਸ਼ ਇਹ ਕਿ ਉੱਚ ਵਿਦਿਆ ਲਈ ਬਾਹਰਲੀ ਮਾਇਕ ਮਦਦ ਇਸ ਨੂੰ ਪੂੰਜੀਵਾਦੀ ਤੱਤਾਂ ਦੇ ਅਸਰ ਹੇਠਾਂ ਕਮਜ਼ੋਰ ਬਣਾਉਂਦੀ ਹੈ : ਮੁਖ ਆਸਾਮੀਆਂ 'ਤੇ ਅਜੇਹੇ ਵਿਅਕਤੀਆਂ ਦੀ ਨਿਯੁਕਤੀ ਕਰ ਕੇ ਜਿਨ੍ਹਾਂ ਤੋਂ ਕੋਈ ਖ਼ਤਰਾ ਨਾ ਹੋਵੇ, ਇਸ ਨੂੰ ਹੱਦੋਂ-ਵਧ ਸਾਵਧਾਨ ਬਣਾਉਂਦੀ ਹੈ ; ਤੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਸਥਾਪਤੀ ਨਾਲ ਜੋੜਦੀ ਹੈ ।

**ਮੌਜੂਦਾ ਅਸ਼ਾਂਤੀ**—ਵਿਦਿਆਰਥੀਆਂ ਵਿਚ ਮੌਜੂਦਾ ਅਸ਼ਾਂਤੀ ਦੀ ਤਰੰਗ ਇਕ ਨਵੀਂ ਗੱਲ 'ਤੇ ਰੌਸ਼ਨੀ ਪਾਉਂਦੀ ਹੈ : ਯੂਨੀਵਰਸਿਟੀ ਰਾਹੀਂ ਵਿਦਿਆਰਥੀਆਂ ਦੀ ਜਾਸੂਸੀ । ਜਾਸੂਸ ਵਿਦਿਆਰਥੀਆਂ ਦੀਆਂ ਵਿਅਕਤੀਗਤ, ਪੜ੍ਹਾਈ ਸੰਬੰਧੀ ਤੇ ਹੋਰ ਰੁਝਾਨਾਂ ਬਾਰੇ ਰੀਪੋਰਟਾਂ ਤਿਆਰ ਕਰਦੇ ਹਨ । ਕਈ ਅਧਿਆਪਕਾਂ ਨੂੰ ਆਪਣੇ ਸਾਥੀ ਅਧਿਆਪਕਾਂ ਤੇ ਵਿਦਿਆਰਥੀਆਂ ਬਾਰੇ ਰੀਪੋਰਟ ਤਿਆਰ ਕਰਨ ਲਈ ਕਿਹਾ ਜਾਂਦਾ ਹੈ । ਸਟਾਫ਼ ਤੇ ਵਿਦਿਆਰਥੀਆਂ ਦੀ ਤਫ਼ਤੀਸ਼ ਕੀਤੀ ਜਾਂਦੀ ਹੈ ਸਿਰਫ ਇਸ ਲਈ ਕਿ ਪੂੰਜੀਵਾਦੀ ਅੰਸ਼ ਇਹ ਚਾਹੁੰਦੇ ਹਨ । ਇੰਗਲੈਂਡ ਦੇ ਹਰ ਕਾਲਜ ਤੇ ਯੂਨੀਵਰਸਿਟੀ ਬਾਰੇ ਉਨ੍ਹਾਂ ਕੋਲ ਰੀਪੋਰਟ ਪੁੱਜਦੀ ਹੈ । ਯੂਨੀਵਰਸਿਟੀ ਵਿਚ ਹੋਈਆਂ ਨਿਯੁਕਤੀਆਂ ਦੀ ਜਾਂਚ ਸਿਰਫ ਇਸ ਲਈ ਕੀਤੀ ਜਾਂਦੀ ਹੈ ਤਾਂ ਕਿ "ਔਖਿਆਈ ਪੈਦਾ ਕਰਨ ਵਾਲੇ ਅੰਸ਼" ਦਾਖ਼ਲ ਨਾ ਹੋ ਜਾਣ, ਕਿਉਂਕਿ ਉਹ ਯੂਨੀਅਨ ਦੇ ਚੰਗੇ ਮੈਂਬਰ ਸਿੱਧ ਹੁੰਦੇ ਹਨ ।

ਦੂਜੀ ਗੱਲ, ਖਤਰਨਾਕ ਸਮਝੇ ਜਾਣ ਵਾਲੇ ਵਿਅਕਤੀਆਂ ਦੀ ਜਾਂਚ-ਪੜਤਾਲ, ਨੀਤੀ ਦੇ ਰੂਪ ਵਿਚ ਕੀਤੀ ਜਾਂਦੀ ਹੈ । ਯੂਨਾਨ ਵਿਚ ਮਿਲਟਰੀ-ਜੁੰਡਲੀ ਨੇ ਹਰੇਕ ਵਿਅਕਤੀ ਬਾਰੇ ਸੰਭਵ ਜਾਣਕਾਰੀ ਇਕੱਤਰ ਕੀਤੀ ਹੋਈ ਹੈ । ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਸਾਰੇ ਸੰਭਾਵੀ ਵਿਰੋਧੀ, ਨਾਟੋ (NATO) ਦੀ ਮਦਦ ਨਾਲ, ਪਕੜ ਲਏ ਹਨ । ਇੰਗਲੈਂਡ ਵਿਚ ਵੀ ਇਸ ਗੱਲ ਦੀ ਸੰਭਾਵਨਾ ਹੈ ।

ਤੀਜੇ, ਯੂਨੀਵਰਸਿਟੀ ਅਧਿਕਾਰੀ ਆਪਣੇ ਆਪ ਨੂੰ ਪੂੰਜੀਵਾਦੀ ਸੰਸਥਾ ਦੇ ਤੌਰ 'ਤੇ ਸੁਰਖਿਅਤ ਰਖਣ ਵਾਸਤੇ, ਫੁੱਟ-ਪਾਊ ਤੇ ਖਤਰਨਾਕ ਅੰਸ਼ਾਂ 'ਤੇ ਕੜੀ ਨਿਗਾਹ ਰਖਦੇ ਹਨ ।

**ਅਸਮਰੱਥ ਬੁਧੀਜੀਵੀ**—ਬੁਧੀਜੀਵੀਆਂ 'ਚ ਬਗਾਵਤ ਫੈਲਣ ਦੀ ਸੰਭਾਵਨਾ ਹੈ । ਇਸ ਦੇ ਕੁਝ ਕਾਰਣ ਪ੍ਰੋ: ਸੀ. ਰਾਈਟ ਮਿਲਜ਼ ਨੇ ਇਸ ਤਰ੍ਹਾਂ ਰੇਖਾਂਕਿਤ ਕੀਤੇ ਸਨ :

ਨਿਰਣਾਇਕ-ਮਤ ਦੇ ਕੇਂਦਰੀਕਰਣ ਨੇ ਬੁਧੀਜੀਵੀਆਂ ਨੂੰ ਅਸਮਰਥ ਬਣਾ ਦਿਤਾ ਹੈ ਤੇ ਉਨ੍ਹਾਂ ਵਿਚ ਨਿਰਾਸਤਾ ਦੀ ਭਾਵਨਾ ਪੈਦਾ ਹੋ ਗਈ ਹੈ, ਜਦੋਂ ਮੌਜੂਦਾ ਸਮਾਜਕ ਪ੍ਰਣਾਲੀ ਉਹਨਾਂ ਨੂੰ ਕਿਸੇ ਕੰਮੋਂ ਰੋਕਣ ਲਈ ਸਾਰੇ ਕਾਰਗਰ ਸੰਸਥਾਈ ਦਰਵਾਜ਼ੇ ਬੰਦ ਕਰਦੀ ਹੈ ਤਾਂ ਉਹ ਕੁਝ ਕਰਨ ਦੀ ਜ਼ਰੂਰਤ ਸ਼ਿੱਦਤ ਨਾਲ ਮਹਿਸੂਸਦੇ ਹਨ । ਜ਼ਾਹਰਾ ਤੌਰ ਤੇ ਉਨ੍ਹਾਂ ਨੂੰ ਬਾਹਰ ਜਾ ਕੇ ਪ੍ਰਣਾਲੀ

ਦੇ ਵਿਰੁੱਧ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇੰਗਲੈਂਡ ਦੇ ਬੁਧੀਜੀਵੀਆਂ ਵਿਚ ਇਸ ਰੌਂ ਦਾ ਇਕ ਹੋਰ ਕਾਰਣ ਸਮਾਜੀ ਗਣ-ਤੰਤਰ ਦਾ ਫੇਲ੍ਹ ਹੋਣਾ ਹੈ। ਰਾਜਨੀਤਕ ਤੌਰ 'ਤੇ ਸਰਕਾਰ ਦਾ ਦਿਵਾਲੀਆ ਪਨ ਸਪਸ਼ਟ ਹੈ।

**ਸਰਬ ਅਧਿਕਾਰਵਾਦ**—ਇੰਗਲੈਂਡ ਦਾ ਰਾਜਨੀਤਕ ਖੇਤਰ ਵਿਚ ਦਿਵਾਲਾ, ਜਨਤਾ ਨਾਲ ਕੀਤੇ ਵਾਅਦੇ-ਖ਼ਾਸ ਤੌਰ 'ਤੇ ਵਿਦਿਅਕ ਖੇਤਰ ਵਿਚ-ਪੂਰੇ ਨਾ ਕਰਨੇ, ਸਰਬ ਅਧਿਕਾਰਵਾਦ ਵਲ ਜਾਣ ਦੀਆਂ ਨਿਸ਼ਾਨੀਆਂ ਹਨ। ਕਿਉਂਕਿ ਜਦੋਂ ਸ਼ਕਤੀਸ਼ਾਲੀ ਅੰਸ਼ ਆਲੋਚਕਾਂ ਦੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦੇ ਤਾਂ ਉਹ ਹੋਰ ਰਾਹ ਇਖ਼ਤਿਆਰ ਕਰ ਲੈਂਦੇ ਹਨ। ਵਿਸ਼ਵ ਵਿਦਿਆਲਿਆਂ ਵਿਚ ਹੋ ਰਹੀ ਜਾਸੂਸੀ ਨੂੰ ਏਸ ਸੰਦਰਭ ਵਿਚ ਵਿਚਾਰਨਾ ਹੈ। ਯੂਨੀਵਰਸਿਟੀ ਅਧਿਕਾਰੀ ਅਕਾਦਮਿਕ ਆਜ਼ਾਦੀ ਦੇ ਰਖਵਾਲੇ ਬਣ ਕੇ ਨਿਰਾ ਪਖੰਡ ਕਰਦੇ ਹਨ ਕਿਉਂਕਿ ਉਹ ਇਸ ਵਾਸਤੇ ਕਰਦੇ ਕੁਝ ਵੀ ਨਹੀਂ। 'ਆਜ਼ਾਦ ਖਿਆਲੀ' ਬਾਰੇ ਕੋਈ ਕਿਵੇਂ ਸੋਚ ਸਕਦਾ ਹੈ, ਕਿਉਂਕਿ ਜਦੋਂ ਵੀ ਕੋਈ ਵਿਦਿਆਰਥੀ ਅਜਿਹਾ ਕਰਨ ਦਾ ਹੌਂਸਲਾ ਕਰਦਾ ਹੈ ਤਾਂ ਉਹ ਸਾਰੀਆਂ ਨੌਕਰੀਆਂ ਤੋਂ ਹੱਥ ਧੋ ਲੈਂਦਾ ਹੈ, ਪੁਲੀਸ ਤੰਗ ਕਰਦੀ ਹੈ ਤੇ ਸ਼ਾਇਦ ਦੇਸ਼ ਵਿਚ ਲਾਗੂ ਆਪਾਤ ਕਾਲੀਨ ਅਵਸਥਾ ਵਿਚ ਉਸ ਨੂੰ ਗ੍ਰਿਫਤਾਰ ਵੀ ਕਰ ਲਿਆ ਜਾਵੇ।

ਉੱਚ ਵਿਦਿਅਕ ਸੰਸਥਾਵਾਂ 'ਤੇ ਲਾਈਆਂ ਦੋ, ਮਾਲੀ ਮਦਦ ਤੇ ਜਾਸੂਸੀ, ਪਾਬੰਦੀਆਂ ਤੋਂ ਇਲਾਵਾ ਇਕ ਹੋਰ ਕਿਸਮ ਦੀ ਪਾਬੰਦੀ ਹੈ—ਖੋਜ ਦੇ ਖੇਤਰ ਵਿਚ। ਵਿਗਿਆਨ ਦੀ ਖੋਜ ਉਤੇ ਮਿਲਟਰੀ ਆਪਣਾ ਮਹੱਤਵਪੂਰਨ ਅਸਰ ਪਾ ਸਕਦੀ ਹੈ, ਇਹ ਕਿਸੇ ਤੋਂ ਛੁਪਿਆ ਨਹੀਂ। ਸਗੋਂ ਅਨੇਕਾਂ ਸਮਾਜਕ ਤੇ ਇਤਿਹਾਸਕ ਮਸਲਿਆਂ ਬਾਰੇ ਹੋ ਰਹੀ ਖੋਜ ਵੀ ਦਫਤਰੀ ਰੁਕਾਵਟਾਂ ਨਾਲ ਅਸੰਭਵ ਬਣਾਈ ਜਾਂਦੀ ਹੈ।

ਪੂੰਜੀਵਾਦੀ ਸਰਕਾਰ ਦੀ ਵਿਦੇਸ਼ੀ-ਨੀਤੀ ਬਾਰੇ ਤਾਂ ਖੋਜ ਕੀਤੀ ਜਾ ਸਕਦੀ ਹੈ ਪਰ ਅਜਿਹੀ ਹੀ ਖੋਜ ਗ੍ਰਹਿ-ਨੀਤੀ ਬਾਰੇ ਕਰਨੀ ਅਸੰਭਵ ਹੈ। ਇਹ ਗੱਲ ਖਾਸ ਤੌਰ 'ਤੇ ਇੰਗਲੈਂਡ ਵਿਚ ਪੂਰੀ ਤਰ੍ਹਾਂ ਸਹੀ ਉਤਰਦੀ ਹੈ। ਸੱਚ ਤਾਂ ਇਹ ਹੈ ਕਿ ਸਾਨੂੰ ਹੁਣ ਪੂੰਜੀਵਾਦ ਦੇ ਫ਼ੈਸਲਾਕੁਨ ਦਿਨ ਦਾ ਇੰਤਜ਼ਾਰ ਹੈ, ਤੇ ਉਹ ਹੈ ਸਮਾਜਵਾਦੀ ਇਨਕਲਾਬ ਦਾ ਆਉਣਾ।

**ਸਮਾਜਵਾਦ ਵਾਸਤੇ ਘੋਲ**—ਸਮਾਜਵਾਦ ਵਾਸਤੇ ਘੋਲ ਕਰਦੇ ਹੋਏ ਅਸਾਂ ਗਣਤੰਤਰਾਤਮਕ ਆਜ਼ਾਦੀ ਦੇ ਅਧਿਕਾਰਾਂ ਦੀ ਰਖਵਾਲੀ ਕਰਨੀ ਹੈ। ਜਰਮਨ ਵਿਦਿਆਰਥੀ ਨੇਤਾ ਰੂਦੀ ਦਤਸ਼ਕੇ ਨੇ ਕੁਝ ਇਸ ਤਰ੍ਹਾਂ ਕਿਹਾ ਸੀ: ਸਮਾਜੀ ਗਣਤੰਤਰੀਕਰਨ ਦੀ ਸਭ ਤੋਂ ਵਧੇਰੇ ਸੁਚੇਤ ਤੇ ਕ੍ਰਿਆਸ਼ੀਲ ਮੁਖ਼ਾਲਫ਼ਤ ਯੂਨੀਵਰਸਿਟੀ ਵਿਚ ਹੁੰਦੀ ਹੈ। ਦੂਜੀ ਵੱਡੀ ਜੰਗ ਦੇ ਬਾਅਦ ਜਰਮਨੀ ਵਿਚ ਗਣਤੰਤਰਾਤਮਕ ਚੇਤਨਤਾ ਦੀ ਮਹੱਤਵਪੂਰਣ ਸ਼ੁਰੂਆਤ ਤੇ ਹਮਲੇ ਵਜੋਂ ਵਿਦਿਆਰਥੀ ਵਿਰੋਧੀ-ਪਖ ਨੂੰ ਪੁਲੀਸ ਦੇ ਡਰਾਵੇ ਨਾਲ ਤੇ ਕਥਿਤ ਅੰਦੋਲਨਕਾਰੀਆਂ ਨੂੰ ਸਜ਼ਾ ਦੇ ਕੇ ਖ਼ਤਮ ਕਰਨਾ ਅਸਾਂ ਸਭ ਨੇ ਵੇਖਿਆ ਸੀ।

ਜੋ ਜਰਮਨੀ ਵਾਸਤੇ ਸੱਚ ਹੈ ਉਹ ਇੰਗਲੈਂਡ ਤੇ ਬਾਕੀ ਦੇਸ਼ਾਂ ਵਿਚ ਵੀ ਉਤਨਾ ਹੀ ਲਾਗੂ ਹੁੰਦਾ ਹੈ। □

ਅਨੁਵਾਦਕ : ਸੇਵਾ ਸਿੰਘ

# ਕਿਹੋ ਜਿਹੇ ਸਮਿਆਂ ਵਿਚ

ਹਰਿਭਜਨ ਹਲਵਾਰਵੀ

ਮੈਂ ਅਕਸਰ ਸੋਚਿਆ ਕਰਦਾਂ
ਕਿਹੋ ਜਿਹੇ ਸਮਿਆਂ ਵਿਚ ਹਾਂ ਜੀ ਰਹੇ ਅਸੀਂ
ਜੇ ਜੀਣਾ ਇਸੇ ਦਾ ਨਾਂ ਹੈ
ਕਿ ਸਾਲਾਂ ਦੇ ਸਾਲ ਲੰਘ ਜਾਣ
ਸਾਥੋਂ ਉੱਕਾ ਹੀ ਬੇਖ਼ਬਰ
ਖ਼ਿਆਲ ਉਲਝ ਜਾਣ
ਕੁਝ ਸੰਸਿਆਂ ਦੀਆਂ ਗੁਝਲਾਂ ਸੁਲਝਾਉਂਦੇ ਹੋਏ
ਧੁੰਧਲੀ ਜਿਹੀ ਆਸ 'ਚੋਂ'
ਕਿਸੇ ਅਣਪਛਾਤੀ ਖ਼ੁਸ਼ੀ ਦੇ ਨਕਸ਼ ਫੜਦੇ ਹੋਏ ।

ਖ਼ੁਸ਼ੀ ਤਾਂ ਕਦੇ ਵੀ ਨਹੀਂ ਮਿਲੀ
ਸੱਜਰੇ ਖਿੜੇ ਫੁਲ ਦੀ ਖ਼ੁਸ਼ਬੋ ਵਾਂਗ
ਨਿਰਛਲ ਬਾਲੜੀ ਮੁਸਕਾਣ ਵਾਂਗ
ਤਪਦੀ ਜ਼ਮੀਨ 'ਤੇ
ਅਚਣਚੇਤ ਡਿਗੀਆਂ ਪਾਣੀ ਦੀਆਂ ਬੂੰਦਾਂ ਵਾਂਗ
ਇਹ ਤਾਂ ਜਦੋਂ ਵੀ ਮਿਲੀ ਹੈ
ਕਿਸੇ ਬਹੁਤ ਪੁਰਾਣੀ ਤੇ ਉਦਾਸ ਤਸਵੀਰ ਦੇ
ਬਰਫ਼ ਵਾਂਗ ਭਰੇ ਹੋਏ
ਸਫ਼ੈਦ ਤੇ ਬੇਨਕਸ਼
ਉਲਟੇ ਪਾਸੇ ਵਾਂਗ ਹੀ ਮਿਲੀ ਹੈ ।

ਇਹ ਸਭ ਉਂਜ ਹੀ ਕਿਉਂ ਨਹੀਂ
ਪਹਿਲੇ ਇਸ਼ਕ ਦੀ ਸ਼ਿੱਦਤ ਜਿਹਾ
ਇਹ ਸਭ ਇੰਜ ਹੀ ਕਿਉਂ ਹੈ
ਗਿੱਲੀ ਲਕੜੀ ਵਾਂਗ ਕੁਝ ਧੁਖਦਾ
ਜ਼ਿਹਨ ਵਿਚ ਭਰਦਾ ਦਮ ਘੁੱਟਵੀਂ ਹਵਾੜ ।

**ਮੇਰੇ ਯਾਰੋ !**
ਤੁਸੀਂ ਵੀ ਕਦੇ ਸੋਚਿਆ ਹੈ
ਕਿਹੋ ਜਿਹੇ ਸਮਿਆਂ ਵਿਚ ਹਾਂ ਜੀ ਰਹੇ ਅਸੀਂ । ☐

[ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

## ਮੋਹਨਜੀਤ ਤੇ ਮਸਖ਼ਰਾ

[ਕਵਿਤਾ 'ਚਿੱਟੀ ਵਾਸਕਟ, ਮਸਖ਼ਰਾ ਤੇ ਮੈਂ' ਦੇ ਸੰਦਰਭ ਵਿਚ]

ਸ਼ਹਰਯਾਰ

ਸ਼ਾਇਰ ਮੋਹਨਜੀਤ ਦਾ ਮੈਨੀਫ਼ੈਸਟੋ ਹੈ "ਸ਼ਬਦਾਂ ਦਾ ਮੈਨੂੰ ਕਰੇਜ਼ ਹੈ। ਚਿਤਰਾਂ 'ਚ ਜੀਊਣਾ ਮੇਰੀ ਪ੍ਰਕ੍ਰਿਤੀ ਹੈ—ਗਾਲ੍ਹਾਂ ਮੇਰੀ ਹਾਬੀ ਹੈ—ਇਹਨਾਂ 'ਚੋਂ ਜੋ ਸੌਖੀ ਤਰ੍ਹਾਂ ਮਿਲ ਸਕਦਾ ਹੈ ਮੇਰੇ ਕੋਲ ਹੈ।"[1] ਮੋਹਨਜੀਤ ਦੀ ਕਵਿਤਾ ਇਨ੍ਹਾਂ 'ਸੇਧ ਅਸੂਲਾਂ' ਦੀ ਪੁਸ਼ਟੀ ਕਰਦੀ ਹੈ ਤੇ ਇਹ ਲੀਹਾਂ ਮੋਹਨਜੀਤ ਦੀ ਕਵਿਤਾ ਸਮਝਣ ਵਿਚ ਸਹਾਈ ਹੋ ਸਕਦੀਆਂ ਹਨ।

ਜੇ ਸ਼ਬਦਾਂ ਦੀ 'ਕਰੇਜ਼' ਇਕ ਹੱਦ ਤਕ ਸ਼ਬਦਾਂ ਦੀਆਂ ਵੱਖੋ ਵੱਖ 'ਸ਼ੇਡਜ' ਮੋਹਨਜੀਤ ਦੀ ਕਾਵਿ-ਬੁਣਤੀ 'ਤੇ ਧੂੜ ਦਿੰਦੀ ਹੈ ਤਾਂ ਅਗਾਂਹ ਮੋਹਨਜੀਤ ਲਈ ਸ਼ੇਡਜ਼ ਭਰਮ-ਜਲੀ ਵੀ ਬਣ ਜਾਂਦੀਆਂ ਹਨ।

'ਗੁੰਬਦ ਵਿਚ ਪਾਗਲ ਬਣੀ ਫਿਰਦੀ ਹੈ ਮੇਰੀ ਆਪਣੀ ਖਰ੍ਹਵੀ ਆਵਾਜ਼'

ਇਸ ਭਰਮ-ਜਲੀਆਂ ਦੇ ਗੁੰਬਦ ਦਾ ਅਰਧ-ਵਿਆਸ ਤੁਹਾਥੋਂ ਦੋਮੇਲ ਤਕ ਦੀ ਦੂਰੀ ਵੀ ਹੋ ਸਕਦੀ ਹੈ ਤੇ 'ਸ਼ੁਹਦੀ ਹਿਰਸ ਵਾਲੇ ਨੂੰ ਕੰਨ ਅੱਖੀਂ' ਵੇਖਦੇ ਮਸਖ਼ਰੇ ਦੀ ਅੱਖ ਦੀ ਪੁਤਲੀ ਵੀ।

ਜਿਉਂ ਹੀ ਤੁਸੀਂ ਮੋਹਨਜੀਤ ਦੀ ਸ਼ਬਦ-ਲੀਲਾ 'ਚੋਂ ਨਿਕਲਣ ਲਈ ਛਟਪਟਾਉਗੇ, ਅੱਗੇ ਉਸਦੀ ਚਿਤਰਾਂ 'ਚ ਜਿਉਣ ਵਾਲੀ ਪ੍ਰਕਿਰਤੀ ਖੜ੍ਹੀ ਹੈ। ਸ਼ਾਇਰ ਲਈ ਚਿਤਰ ਲਿਖਣ ਲਈ ਉਹੋ 35+5 ਅੱਖਰ ਤੇ 11 ਮਾਤਰਾਂ ਹੀ ਪ੍ਰਾਪਤ ਹਨ। ਇਥੇ 'ਸ਼ੇਡਜ਼' ਚਿਤਰ ਬਣ ਜਾਂਦੇ ਹਨ। ਮੋਹਨਜੀਤ ਚਿਤਰਾਂ ਦੇ ਸ਼ਬਦ ਬਣਾਵੇਗਾ ਤੇ ਤੁਸੀਂ ਸ਼ਬਦਾਂ ਦੇ ਚਿਤਰ। ਡਾ: ਹਰਿਭਜਨ ਸਿੰਘ ਚਾਹਵੇ ਤਾਂ ਇਸ ਨੂੰ ਪਾਰਗਾਮੀ ਕਾਰਜ ਦੀ ਸੰਗਿਆ ਵੀ ਦੇ ਦਏਗਾ। ਸ਼ਾਇਦ ਇਹੋ ਕਾਰਨ ਹੈ ਕਿ ਉਸ ਨੇ ਸਭ ਤੋਂ ਵੱਧ ਵਿਅਕਤੀ ਚਿਤਰ ਲਿਖੇ ਹਨ ਤੇ ਕੁਝ ਇਕ ਸੰਵਾਦ ਚਿਤਰ ਵੀ। ਚਿਤਰਾਂ ਲਈ ਮੋਹ ਉਸ ਦੀ ਪ੍ਰਕ੍ਰਿਤੀ ਦਾ ਅਹਿਮ ਅੰਗ ਹੈ। ਵਿਅਕਤੀ-ਚਿਤਰ ਲਈ ਤੁਹਾਡੇ ਕੋਲ ਇਕ ਮਾਡਲ ਹੈ ਤੇ ਆਪਣੇ ਚਿਤਰ ਦੀ ਸਫਲਤਾ ਅਸਫਲਤਾ ਲਈ ਪੈਮਾਨਾ ਵੀ। ਇਸ ਲਈ ਇਹ ਸਿਰਜਣਾ ਨਾਲੋਂ ਸ਼ਿਲਪ ਦੇ ਜ਼ਿਆਦਾ ਨਜ਼ਦੀਕ ਹੈ।

ਹੁਣ ਜਾ ਕੇ ਇਨ੍ਹਾਂ ਸ਼ਬਦਾਂ ਤੇ ਚਿਤਰਾਂ ਦਾ ਸਮੂਰਤੀਕਰਣ ਹੁੰਦਾ ਹੈ, ਜਦੋਂ ਗਾਲ੍ਹਾਂ ਉਸਦੀ 'ਹਾਬੀ' ਬਣਦੀਆਂ ਹਨ। ਗਾਲ੍ਹਾਂ ਕੱਢਣੀਆਂ ਉਸ ਦੀ ਮਜਬੂਰੀ ਨਹੀਂ ਹਾਬੀ ਹੈ। ਤੇ ਹਾਬੀ ਮੱਧ ਵਰਗੀ ਵਿਹਲੇ ਸਮਿਆਂ ਨੂੰ 'ਸਕਾਰਥੇ' ਲਾਉਣ ਦਾ ਬਹਾਨਾ। ਉਹੋ ਸ਼ਬਦ ਤੇ ਉਹੋ ਚਿਤਰ ਗਾਲ੍ਹਾਂ ਬਣਦੇ ਹਨ। ਇਨ੍ਹਾਂ ਗਾਲ੍ਹਾਂ ਲਈ ਇਕ ਜਮਾਤ ਉਸ ਨੂੰ ਹੀਰੋ ਵੀ ਬਣਾ ਸਕਦੀ ਹੈ, ਦੂਜੀ ਜਮਾਤ ਆਪਣੇ ਵੱਕਾਰ ਦਾ ਸਵਾਲ ਵੀ। ਪਰ ਉਹ ਕਹਿੰਦਾ ਹੈ ਇਹ ਮੇਰੀ 'ਹਾਬੀ' ਹੈ। ਤੇ ਜਿਸ ਕੋਲ ਹਾਬੀ ਲਈ 'ਵਕਤ' ਹੋਏ ਵੱਕਾਰ ਦਾ ਸਵਾਲ ਬਨਾਉਣ ਵਾਲੀ ਜਮਾਤ ਸਮਝੀ ਜਾਂਦੀ ਹੈ ਕਿ 'ਧੰਦੇ ਲੱਗਿਆਂ' ਇਹ ਗਾਲ੍ਹਾਂ ਨਹੀਂ ਕੱਢੇਗਾ। ਇਸ ਨੂੰ ਸੁਪਨੇ ਦਿਉ, ਇਹ ਗਾਲ੍ਹਾਂ ਕੱਢਣ ਦੀ ਬਜਾਏ ਸੌਂ ਜਾਏਗਾ। ਸ਼ਾਇਦ ਇਹੋ ਕਾਰਨ ਹੈ ਕਿ 'ਉਦੋਂ ਨਕਸ਼ਾ ਬਦਲਦਾ ਹੈ' ਉਸਦੀ ਕਵਿਤਾ ਦਾ

ਸੁਭਾਵਕ ਸੁਰ ਨਹੀਂ, ਮੁਹਾਵਰਾ ਨਹੀਂ ਤੇ ਇਸ ਨੂੰ ਉਹ ਪ੍ਰਾਪਤੀ ਮੰਨਣ ਲਈ ਵੀ ਤਿਆਰ ਨਹੀਂ ।

ਇਹ ਤਿੰਨੇ ਚੀਜ਼ਾਂ, ਮੋਹਨਜੀਤ ਦੀ ਸਿਰਜਣ ਪ੍ਰਕਿਰਿਆ ਦਾ ਅੰਗ ਹਨ (ਇਸ ਕਥਨ ਵਿਚ ਉਹ ਅਧੂਰਾ ਵੀ ਹੋ ਸਕਦਾ ਹੈ । ਸ਼ਬਦ ਆਖ਼ਰ ਸ਼ਬਦ ਹਨ, ਤੇ ਸ਼ਬਦਾਂ ਦੀ ਇਕ ਸੀਮਾ ਹੈ) ਤੇ ਇਨ੍ਹਾਂ 'ਚੋਂ ਜੋ 'ਸੌਖੀ ਤਰ੍ਹਾਂ' ਮਿਲ ਸਕਦਾ ਹੈ ਉਸ ਕੋਲ ਹੈ । ਇਹ ਗੱਲ ਉਸ ਦੇ ਮੱਧ ਵਰਗੀ ਸੁਭਾ ਲਈ ਬਹੁਤ ਰਾਸ ਆਉਣ ਵਾਲੀ ਹੈ । ਉਹ ਪ੍ਰਾਪਤ ਸਹੂਲਤਾਂ ਦੀਆਂ ਹੱਦਾਂ ਉਲੰਘਣ ਦਾ ਖ਼ਤਰਾ ਨਹੀਂ ਸਹੇੜਦਾ । 'ਕੰਧ ਟੱਪ ਕੇ ਗੁਲਾਬੀ ਫੁੱਲ' ਨਹੀਂ ਤੋੜਦਾ ।[2] ਇਸੇ ਲਈ ਇਸ ਨਾਟਕ ਦਾ ਉਹ ਮਸਖਰਾ ਹੈ, ਨਾ ਨਾਇਕ ਹੈ, ਨਾ 'ਨਾਇਕਾ' ਦਾ ਅਪਹਰਣ ਕਰਤਾ ।

ਉਸਦੀ ਵਿਅਕਤੀ ਚਿਤਰਾਂ ਦੀ ਪੁਸਤਕ ਵੀ 'ਤੁਰਦੇ ਫਿਰਦੇ ਮਸਖ਼ਰੇ' (ਅੰਮ੍ਰਿਤਸਰ, ਹਰਣਾਖਸ਼ ਪਬਲੀਕੇਸ਼ਨਜ਼, 1976) ਹੈ । ਉਹ ਇਨ੍ਹਾਂ ਸਾਰਿਆਂ ਨੂੰ ਨਾਟਕ ਤੋਂ ਬੇਖਬਰ ਵੀ ਨਹੀਂ ਰੱਖਣਾ ਚਾਹੁੰਦਾ ਪਰ ਭੂਮਿਕਾ ਵੀ ਦੇਂਦਾ ਹੈ ਤਾਂ ਸਿਰਫ ਮਸਖਰੇ ਦੀ, ਫੀਊਡਲ ਸਮਿਆਂ ਵਿਚ ਜਿਸ ਦਾ ਰੋਲ ਵਿਅੰਗ ਰਾਹੀਂ (ਚੋਭ ਰਾਹੀਂ ਨਹੀਂ) ਦਰਸ਼ਕਾਂ ਦੀਆਂ ਦਮਿਤ ਭਾਵਨਾਵਾਂ ਦਾ ਵਿਰੇਚਨ ਕਰਨਾ ਹੁੰਦਾ ਸੀ ।

ਇਸ ਪਰਿਪੇਖ ਵਿਚ ਵਿਚਾਰਨਜੋਗ ਉਸ ਦੀ ਸਰਬੋਤਮ ਕਵਿਤਾ 'ਚਿੱਟੀ ਵਾਸਕਟ ਮਸਖਰਾ ਤੇ ਮੈਂ'[3] ਹੈ ਜਿਸ 'ਚੋਂ ਸਿਰਫ ਮਸਖਰੇ ਬਾਰੇ ਵਿਚਾਰ ਕੀਤੀ ਜਾਏਗੀ । ਇਥੇ ਮੋਹਨਜੀਤ ਦੀ ਰੁਮਾਂਟਿਕ ਦ੍ਰਿਸ਼ਟੀ ਫੇਰ ਸ਼ਬਦਾਂ ਦੇ ਮੋਹ ਵਿਚ ਪੈ ਜਾਂਦੀ ਹੈ । ਚਿੱਟੀ ਵਾਸਕਟ ਨਾਲ ਸੰਬੰਧਤ ਵਿਅਕਤਿਤਵ ਆਪਣੀ ਤੀਖਣਤਾ ਗੁਆ ਬਹਿੰਦਾ ਹੈ । ਵਾਸਕਟ ਪੰਜਾਬੀ ਲੋਕ-ਜੀਵਨ ਵਿਚ ਇਕ ਖਾਸ ਕਿਸਮ ਦੇ 'ਤਿਉਹਾਰੀ ਰੁਮਾਂਸਵਾਦ' ਨਾਲ ਸੰਬੰਧਤ ਹੈ[4] ਜਿਸ ਨੂੰ ਉਸ ਦੇ ਸਭਿਆਚਾਰਕ ਇਤਿਹਾਸ ਤੋਂ ਨਿਖੇੜਨਾ ਏਡਾ ਆਸਾਨ ਨਹੀਂ ।

ਮੋਹਨਜੀਤ ਦੀ ਕਵਿਤਾ ਜਿਨ੍ਹਾਂ ਨੂੰ ਮੁਖ਼ਾਤਿਬ ਹੈ, ਅਜੇ ਅਰਥ ਸੰਚਾਰ ਦੀ ਸਮੱਸਿਆ ਉਨ੍ਹਾਂ ਦੇ ਬਰੂਹੀਂ ਬੈਠੀ ਹੈ । ਜਿਨ੍ਹਾਂ ਨੂੰ ਉਸ ਦੀ ਕਵਿਤਾ ਗਾਲ੍ਹ ਵਾਂਗ ਲਗਦੀ ਹੈ ਉਹਨਾਂ ਬਾਰੇ ਕਿਹਾ ਜਾ ਚੁੱਕਾ ਹੈ । ਹਾਰ ਕੇ ਸ਼ਾਇਰ ਸਵੈ-ਸੰਬੋਧਨ ਦੇ ਆਹਰ ਵਿਚ ਲੱਗ ਜਾਂਦਾ ਹੈ ।

"ਕਿਸੇ ਪਨਵਾੜੀ ਨੇ ਦੱਸਿਆ ਸੀ ਕਿ-ਮਾਂ ਕੱਥਾ ਲਾਉਂਦੀ ਹੈ. ਪਤਨੀ ਚੂਨਾ । ਪੱਤ ਤੇ ਪਤੀ ਦੇ ਸੰਬੰਧਾਂ ਦੀ ਗੱਲ ਜਿੰਨੀ ਸੁਭਾਵਿਕਤਾ ਨਾਲ ਪਨਵਾੜੀ ਨੇ ਦੱਸੀ ਸੀ, ਸੋਚਦਾ ਹਾਂ, ਇੰਨੀ ਸੁਭਾਵਿਕਤਾ ਨਾਲ ਜੇ ਕਿਤੇ ਕਵਿਤਾ ਵੀ ਕਹੀ ਜਾਏ । ਕਹੀ ਜਾਏ ਤਾਂ ਮੈਨੂੰ ਤਾਰੇ ਤੋੜਨ ਦੀ ਕੀ ਲੋੜ ਹੈ"[5] । ਪ੍ਰੰਤੂ ਇਹ ਆਖਣ ਤੋਂ ਬਾਅਦ ਉਸ ਨੂੰ ਫਿਰ ਇਹ ਆਖਣ ਦੀ ਲੋੜ ਪੈਂਦੀ ਹੈ "ਅਕਲ ਦੇ ਧਨੀਆਂ ਨੂੰ ਹਾਲ ਦੀ ਘੜੀ ਇਹ ਗੱਲ ਸਮਝ ਨਹੀਂ ਆਉਂਦੀ । ਜਦੋਂ ਅਕਲ ਵਰਤਣ ਲਈ ਕੋਸ਼ਿਸ਼ ਦਾ ਜੁਗ ਆਵੇਗਾ ਸਾਡੀ ਵੀ ਸੁਣਵਾਈ ਹੋ ਜਾਏਗੀ"[6] । ਇਹੋ ਦੁਬਿਧਾ ਹੈ ਕਿ ਸਾਰੀ ਕਵਿਤਾ ਵਿਚ ਉਸ ਦੇ ਸੰਬੋਧਨ-ਵਰਗ ਬਦਲਦੇ ਰਹਿੰਦੇ ਹਨ ਤੇ ਇਸ ਅਦਲਾ-ਬਦਲੀ ਵਿਚ ਉਹ ਸੁਪਨਮਈ ਅਵਸਥਾ ਵਾਂਗ ਗੱਡ ਮੱਡ ਵੀ ਹੋ ਜਾਂਦੇ ਹਨ ।

ਤੇ ਹਾਂ : ਮਸਖਰਾ ਸਟੇਜ 'ਤੇ ਹੈ
ਜੰਗਲ ਜਾਣਦਾ ਹੈ : ਨਗਰ ਦੀ ਫਬਤ, ਮੁਕਟਾਂ ਦੇ ਸਹਾਰੇ ਵਿਗਸਦੀ ਹੈ
ਜੰਗਲ : ਵਗ ਰਿਹਾ ਦਰਿਆ ; ਨਗਰ : ਸੁੱਤਾ ਸਰੋਵਰ

'ਜੰਗਲ' ਦੀ ਜੰਗਲ ਵਰਗੀ **ਬੇਤਰਤੀਬ ਅਵਸਥਾ** ਹੀ ਜੰਗਲ ਦੇ ਸਿਰਫ 'ਜਾਨਣ' ਤਕ ਦੀ ਸੀਮਾ ਹੈ, ਨਹੀਂ ਤਾਂ ਜਾਨਣ ਤੋਂ ਬਾਅਦ ਕੀ ਨਹੀਂ ਹੋਂਦਾ ?

ਉਧਰ : ਵਲਗਰ ਫ਼ਿਲਮ ਆਪਣੀ ਚਾਲ ਚਲਦੀ ਜਾ ਰਹੀ ਹੈ
ਤੇ ਮਸਖਰਾ ਬਿਰਤੀ ਟਿਕਾਈ ਸੁਤੇ ਸਿੱਧ ਹਸਦਾ ਹੈ

ਵਲਗਰ ਫਿਲਮ ਦੀ ਰਫਤਾਰ ਬ-ਦਸਤੂਰ ਜਾਰੀ ਹੈ ਕਿਉਂਕਿ ਜੰਗਲ 'ਸਿਰਫ ਜਾਣਦਾ' ਹੈ ਤੇ ਮਸਖਰਾ 'ਬਿਰਤੀ ਟਿਕਾਈ ਸੁਤੇ ਸਿੱਧ ਹਸਦਾ ਹੈ'। ਇਕ ਅਪਾਹਜ ਇਤਿਹਾਸਕ ਚੇਤਨਾ ਦਾ ਇਹ ਮਰਸੀਆ ਵੀ ਹੈ ਤੇ ਸਾਰਿਆਂ ਦੇ ਮਸਖਰੇ ਹੋਣ ਦਾ ਸਰਾਪ ਵੀ।

ਕਈ ਦਫਾ ਉਹ ਗੱਲ ਛੇੜਨ 'ਤੇ ਵੀ ਆ ਜਾਂਦਾ ਹੈ। ਪਰ 'ਖ਼ੈਰ' 'ਖ਼ੈਰ ਛੱਡੋ' ਵਰਗੇ ਮੋਹਨਜੀਤੀਅਨ ਮੋਟਿਫ ਉਸ ਨੂੰ ਅੱਗੋਂ ਦੀ ਆ ਵਲਦੇ ਹਨ। ਉਸ ਨੂੰ ਡਰ ਪੈ ਜਾਂਦਾ ਹੈ ਕਿ ਇਉਂ ਕੀਤਿਆਂ ਉਸ ਦਾ ਰੋਲ ਬਦਲ ਜਾਏਗਾ। ਉਧਰ 'ਮਸਖਰੇ' ਅਤੇ 'ਚਿੱਟੀ ਵਾਸਕਟ' ਤੋਂ ਇਲਾਵਾ ਜਿਸ ਦਾ ਰੋਲ ਸੀ ਉਹ ਨਿਭਾ ਗਿਆ ਹੈ। ਸ਼ਾਇਰ ਉਸ ਦੇ ਰੋਲ ਤੋਂ ਪੈਦਾ ਹੋਣ ਵਾਲੀ ਸੰਵੇਦਨਾ ਨਾਲ ਝੂਣਿਆਂ ਜਾਂਦਾ ਹੈ ਤੇ ਮਸਖਰੇ ਦੇ ਤੇਵਰ ਬਦਲਣ ਲਗਦੇ ਹਨ :

ਹੁਣ ਪਰਸੋਂ ਜਦੋਂ ਮੈਂ ਘਰ ਪਰਤਣਾ ਹੈ
ਮੇਰੇ ਹਾਣੀ ਦੀ ਲੰਮੀ ਹੇਕ ਮਿਰਜ਼ੇ ਦੀ ਨਹੀਂ ਆਉਣੀ ਗੁਆਢੋਂ
ਬੱਸ ਬੁੱਢੀ ਮਾਂ ਕੋਈ ਅੱਖਾਂ 'ਚੋਂ ਦਰਿਆ ਠੱਲ੍ਹਦੀ ਹੋਈ ਬਾਰ ਖੋਹਲੇਗੀ
ਤੇ ਭਰਿਆ ਗੱਚ ਮੇਰੇ ਮੱਥੇ ਦੀ ਬਲਦੀ ਚਿਖਾ ਵਿਚ ਪਾ ਕੇ ਫਰੋਲੇਗੀ ;
ਜੀਣ ਜੋਗਾ ਕਿਹੜੀਆਂ ਲੰਮੀਆਂ ਪੜ੍ਹਾਈਆਂ ਕਰਨ ਤੁਰਿਆ ਏ ?
ਮਾਵਾਂ ਨਾਲ ਵੀ ਕੋਈ ਇੰਝ ਕਰਦਾ ਏ, ਕਿਤੇ ਮਿਲਿਆ ਤਾਂ ਆਖੀਂ
ਇੱਛਰਾਂ ਅੰਨ੍ਹੀ ਦਾ ਸੁੱਕਾ ਬਾਗ ਤੈਨੂੰ ਸੱਦਦਾ ਸੀ

ਪਹਿਲੀ ਵਾਰ ਮਸਖਰੇ ਦੀ ਅੱਖ ਸਿੰਮਦੀ ਹੈ । ਤੇ ਸਿੰਮਦੀਆ ਨਜ਼ਰਾਂ ਵੇਂਹਦੀਆਂ ਨੇ 'ਕਿਸੇ ਦਿਨ ਸ਼ਾਇਦ, ਮੇਰੇ ਘਰ ਦਾ ਬਾਰ ਵੀ ਈਕਣ ਹੀ ਖੁਲ੍ਹੇਗਾ।'

ਉਸ ਨੂੰ ਲਗਦਾ ਹੈ ਕਿ ਮੈਨੂੰ ਆਪਣੀ ਭੂਮਿਕਾ ਤਿਆਗਣੀ ਪਏਗੀ ਤੇ 'ਆਪਣੀ' ਭੂਮਿਕਾ ਨਿਭਾਉਣੀ ਪਏਗੀ। ਤੇ ਉਸ ਭੂਮਿਕਾ ਤੋਂ ਮਗਰੋਂ 'ਘਰਾਂ ਦੇ ਬਾਰ ਸ਼ਾਇਦ ਈਕਣ ਹੀ ਖੁਲ੍ਹਣਗੇ'। ਪਰ ਇਸ 'ਸ਼ਾਇਦ' ਦਾ ਕੋਈ ਕੀ ਕਰੇ । ਜੇ ਚਿਤਰਾਂ 'ਚ ਜਿਊਣਾ ਮੋਹਨਜੀਤ ਦੀ ਪ੍ਰਕਿਰਤੀ ਹੈ ਤਾਂ ਇਹ 'ਸ਼ਾਇਦ' ਉਸ ਦੀ ਕਵਿਤਾ ਦੀ ਪ੍ਰਕਿਰਤੀ ਹੈ। □

ਹਵਾਲੇ :


1. ਇਕੱਤੀ ਫਰਵਰੀ, ਮਾਰਚ 1976, ਪੰਨਾ 14.
2. ਕੰਧ ਟੱਪ ਕੇ ਗੁਲਾਬੀ ਫੁੱਲ ਤੋੜਿਆ ਮਿੱਤਰਾਂ ਨੇ ਬਾਗ ਦੇ ਵਿਚੋਂ (ਲੋਕ ਗੀਤ)
3. ਮੋਹਨਜੀਤ, ਵਰਵਰੀਕ, ਅੰਮ੍ਰਿਤਸਰ, 1976, ਪੰਨਾ 20.
4. ਗਲ ਪਾ ਕੇ ਵਾਸਕਟ ਕਾਲੀ, ਮੁਰੱਬਿਆਂ ਵਾਲੀ ਕਿ ਸ਼ੌਂਕਣ ਮੇਲੇ ਦੀ, (ਗੀਤ-ਨੂਰਪੁਰੀ)
5. ਇਕੱਤੀ ਫਰਵਰੀ, ਮਾਰਚ 1976, ਪੰਨਾ 15.
6. ਉਹੋ ਪੰਨਾ

## ਬੱਕਰੀ ਦੀ ਮੌਤ

ਲੋਕ ਨਾਥ

ਸੁੱਕੇ ਹੋਏ ਤਾਲਾਬ ਦੇ ਕੰਢੇ 'ਤੇ
ਬੜਾ ਸ਼ੋਰ ਹੈ – ਕਿ
ਮੌਸਮੀ ਹਾਦਸੇ ਸੰਨਿਆਸੀ ਹੋ ਗਏ ਨੇ

ਬੱਕਰੀ ਜਦ ਖੂਹ ਵਿਚ ਝਾਕਦੀ ਹੈ
ਤਾਂ ਉਸ ਨੂੰ ਸ਼ੇਰ ਦਿਸਦਾ ਏ
ਇਸੇ ਲਈ ਤਾਂ
ਉਹ ਥਣਾਂ ਨੂੰ ਕੁਝ ਹੋਰ ਸਮਝੀ ਬੈਠੀ ਹੈ

ਪਰ
ਸੁੱਕੇ ਹੋਏ ਤਾਲਾਬ ਦੇ ਕੰਢੇ 'ਤੇ
ਬੈਠਾ ਬੁੱਢਾ ਪਿੱਪਲ
ਸਿਰਫ ਹਸਦਾ ਏ :
ਸ਼ਾਇਦ ਉਸ ਨੂੰ ਆਪਣੇ ਤਜਰਬੇ ਦਾ ਮਾਣ ਹੈ—

ਖੂਹ ਵਿਚ ਇਕ ਡੱਡੂ ਹੈ
ਇਕ ਸ਼ਿਕਾਰੀ ਦਾ ਤੀਰ
ਇਕ ਸ਼ਹੀਦ ਦੀ ਖੋਪੜੀ

ਬੱਕਰੀ ਜਦ ਖੂਹ ਵਿਚ ਝਾਕਦੀ ਹੈ
ਤਾਂ ਉਸ ਨੂੰ ਸ਼ੇਰ ਦਿਸਦਾ ਏ—
ਸੁੱਕੇ ਹੋਏ ਤਾਲਾਬ ਦੇ
ਸਭ ਜੀਵ ਜੰਤੂ—
ਮਰਨ ਕਿਨਾਰੇ ਨੇ
ਪਰ ਬੁੱਢਾ ਪਿੱਪਲ ਕੁਝ ਹੋਰ ਸਮਝੀ ਬੈਠਾ ਹੈ

ਬੱਕਰੀ ਤਾਲਾਬ ਕੰਢੇ ਨਹੀਂ ਆਉਂਦੀ
ਬੁੱਢਾ ਪਿੱਪਲ ਤੁਰ ਨਹੀਂ ਸਕਦਾ
ਜੀਵ ਜੰਤੂ ਮਰਨ ਕਿਨਾਰੇ ਨੇ......

ਅੱਜ ਕਲ੍ਹ ਜੇ ਬੰਦਾ ਸੋਚੇ ਵੀ
ਤਾਂ ਕੀ ਸੋਚੇ !
ਬੱਕਰੀ ਦੀ ਮੌਤ ਦੇ ਸਿਵਾ ☐

[ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

# ਚਾਨਣ ਦਾ ਹਾਣੀ

ਰਘੁਬੀਰ ਢੰਡ

ਸੰਨ 1952 । ਅੰਮ੍ਰਿਤ ਵੇਲਾ ॥

ਇਕ ਕਠਪੁਤਲੀ ਫਿਲਪੀਨੀ ਕਮਾਂਡਰ ਨੂੰ, ਮਾਂ ਦੇ ਦੁੱਧ ਨਾਲ ਗ਼ੱਦਾਰੀ ਕਰਨ ਵਾਲੇ, ਇਕ ਹੋਰ ਫਿਲਪੀਨੀ ਨੇ, ਕੋਈ ਭੇਦ-ਭਰੀ ਖ਼ਬਰ ਆ ਸੁਣਾਈ । ਭੇਦ ਭਰੀ ਖ਼ਬਰ ਦਾ ਜਿਵੇਂ ਖਾਸਾ ਹੁੰਦਾ ਹੈ—ਉਹ ਇਕ ਧਿਰ ਲਈ ਮੁਹਲਕ ਹੁੰਦੀ ਹੈ ਤੇ ਦੂਜੀ ਲਈ ਬਹੁ-ਮੁੱਲੀ ।

ਸੁਣਦਿਆਂ ਹੀ ਫਿਲਪੀਨੀ ਕਮਾਂਡਰ ਦੇ ਚਿਹਰੇ 'ਤੇ ਇਕ ਖਚਰੀ ਮੁਸਕਾਣ ਫੈਲ ਗਈ । ਉਹਨੇ ਟਾਊਟ ਨੂੰ ਨੋਟ ਪੇਸ਼ ਕੀਤੇ—ਜਿਵੇਂ ਕਿਸੇ ਰਾਜੇ ਨੇ ਕਿਸੇ ਝੋਲੀ ਚੁੱਕ ਨੂੰ ਜ਼ੈਲਦਾਰੀ ਬਖ਼ਸ਼ ਦਿਤੀ ਹੋਵੇ, ਜਾਂ ਆਪਣੀ ਧੀ ਪੇਸ਼ ਕਰਨ ਆਏ ਸਰਦਾਰ ਨੂੰ ਮੁਰੱਬੇ ਬਖ਼ਸ਼ ਦਿੱਤੇ ਹੋਣ, ਜਾਂ ਕਿਸੇ ਲੋਕ-ਦੁਸ਼ਮਣ ਸਰਕਾਰ ਨੇ ਸਾਈ 'ਤੇ ਨਜ਼ਮਾਂ ਵੇਲਣ ਵਾਲਿਆਂ ਅਤੇ ਖ਼ੂਨ ਨਾਲ ਦਸਖ਼ਤ ਕਰਕੇ ਦੇਣ ਵਾਲਿਆਂ ਦੇ ਅਹੁਦੇ ਵਧਾ ਦਿਤੇ ਹੋਣ... .....ਟਾਊਟ ਦੁਆਵਾਂ ਦਿੰਦਾ ਦਫਾ ਹੋਇਆ ।

ਫਿਲਪੀਨੀ ਕਮਾਂਡਰ ਨੇ ਟੈਲੀਫੂਨ ਚੁਕਿਆ । ਬੜੀ ਛੇਤੀ ਛੇਤੀ ਗੱਲਾਂ ਹੋਈਆਂ—ਸਭ ਕੁਝ ਤਹਿ ਹੋ ਗਿਆ ।

ਸੂਰਜ ਪੂਰੇ ਜੋਬਨ 'ਚ ਚੜ੍ਹਿਆ ਸੀ । ਗੇਰੂਏ ਪਹਾੜ ਦੇ ਪਿੰਡਿਆਂ 'ਤੇ ਤਾਰੇ ਨੱਚ ਰਹੇ ਸਨ । ਰਾਤ ਫਿਲਪੀਨ ਦੀਆਂ ਅੱਖਾਂ ਦੇ ਤਾਰਿਆਂ ਨੇ ਬੜਾ ਤਕੜਾ ਸ਼ਬਖ਼ੂਨ ਮਾਰਿਆ ਸੀ । ਤੇਲ ਦੇ ਭੰਡਾਰ ਅਜੇ ਤੱਕ ਵੀ ਜਲ ਰਹੇ ਸਨ । ਹੱਕ ਲਈ ਜੂਝ ਮਰਨ ਵਾਲੇ ਗੁਰੀਲੇ ਕੁਝ ਸਸਤਾਉਣ ਲੱਗੇ ਸਨ । ਅੱਗ 'ਚੋਂ ਲੰਘੇ ਉਹਨਾਂ ਦੇ ਬੇਦਾਗ ਨੇਤਾ ਅਗਲੇ ਸ਼ਬਖ਼ੂਨ ਦੀ ਯੋਜਨਾ ਵਿਚ ਜੁਟੇ ਸਨ, ਕਿ ਇਕਾ ਇਕ ਅਸਮਾਨ 'ਚੋਂ ਅੱਗ ਵਰ੍ਹਨ ਲੱਗ ਪਈ ।

ਜਿੰਨੀ ਛੇਤੀ ਹੋ ਸਕਿਆ ਕੈਂਪ ਖਾਲੀ ਕੀਤਾ ਗਿਆ । ਉਸ ਸੈਕਟਰ ਦੇ ਇਨਚਾਰਜ ਗੁਰੀਲਾ ਕਰਨਲ ਨੇ ਉੱਨਾ ਚਿਰ ਭੱਜਣ ਤੋਂ ਨਾਂਹ ਕਰ ਦਿੱਤੀ ਜਿੰਨਾਂ ਚਿਰ ਸਾਰੇ ਖੁਫੀਆ ਕਾਗਜ਼-ਪੱਤਰ, ਜ਼ਖ਼ਮੀਆਂ ਅਤੇ ਸ਼ਹੀਦਾਂ ਨੂੰ ਸਾਭ ਨਾ ਲਿਆ ਗਿਆ । ਫਿਰ ਵੀ ਅਜਿਹੀ ਹਾਲਤ ਵਿਚ ਸੌ ਫ਼ੀਸਦੀ ਦਰੁਸਤੀ ਸੰਭਵ ਨਹੀਂ ਹੁੰਦੀ। ਦੋ ਵਿਅਕਤੀ—ਇਕ ਲੰਮਾ ਗੋਰਾ ਆਦਮੀ, ਦੂਜੀ ਕਾਲੇ ਲਿਸ਼ਕਦੇ ਵਾਲਾਂ ਵਾਲੀ ਕੁੜੀ—ਦੁਸ਼ਮਣ ਦੇ ਕਾਬੂ ਆ ਗਏ । ਉਹਨਾਂ ਨੂੰ ਬੰਨ੍ਹ ਰਫਲਾਂ ਦੀ ਛਾਂ ਹੇਠ ਤੋਰ ਲਿਆ ਗਿਆ ।

ਕੁੜੀ ਨੇ ਮੂੰਹ 'ਤੇ ਡਿਗਦੇ ਵਾਲ ਛੰਡੇ ਅਤੇ ਆਪਣੇ ਸਾਥੀ ਨੂੰ ਪੁਛਣ ਲੱਗੀ—ਤੈਨੂੰ ਪੱਕਾ ਪਤੈ ਨਾ, ਵਿਲੀਅਮ, ਕਿ ਕਾਮਰੇਡ ਕਰਨਲ ਕੈਂਪ 'ਚੋਂ ਠੀਕ ਠਾਕ ਨਿਕਲ ਗਿਆ ਸੀ ?

ਹਾਂ, ਸੀਲੀਆ, ਮੈਨੂੰ ਪੱਕਾ ਪਤੈ !

ਸ਼ੁਕਰ ਏ, ਉਹ ਯਾਂਕੀਆਂ ਅਤੇ ਪਾਲਤੂ ਕੁਤਿਆਂ ਦੇ ਹੱਥ ਨਹੀਂ.........

ਕੁੜੀ ਦੇ ਗੱਲ ਹਾਲੀ ਮੂੰਹ ਵਿਚ ਹੀ ਸੀ ਕਿ ਫਿਲਪੀਨੀ ਕਮਾਂਡਰ ਦਾ ਇਸ਼ਾਰਾ ਪਾ, ਇਕ

ਸਾਰਜੈਂਟ ਨੇ ਕੁੜੀ ਦੀ ਪਿੱਠ 'ਤੇ ਰਫਲ ਦਾ ਬੱਟ ਮਾਰਦਿਆਂ ਆਖਿਆ—ਸ਼ੱਟ ਅੱਪ।

ਕੁੜੀ ਨੇ ਦੰਦ ਪੀਹੇ, ਘੂਰੀ ਵੱਟੀ..... ਫਿਰ ਚੁੱਪ ਕਰ ਗਈ, ਅਤੇ ਇਸ ਤਪਦੀ ਦੁਪਹਿਰ ਵਿਚ ਭੁਜਦੇ ਆਪਣੇ ਫਿਲਪੀਨ ਦੇ ਪਹਾੜਾਂ ਵਲ ਤੱਕਣ ਲੱਗ ਪਈ। ਤਕਦਿਆਂ ਤਕਦਿਆਂ ਉਹਦਾ ਸਾਰਾ ਮੁਲਕ—ਉਹਦਾ ਪਿਆਰਾ ਫਿਲਪੀਨ ਉਹਦੀਆਂ ਅੱਖਾਂ ਅੱਗੇ ਵਿਛ ਗਿਆ। ਉਹਦਾ ਵਤਨ ਜੀਹਨੂੰ ਤਹਿਜ਼ੀਬ ਚਾਰਨ ਲਈ ਸੈਂਕੜੇ ਵਰ੍ਹੇ ਸਪੇਨ ਨੇ ਚੂਸਿਆ, ਦੂਜੀ ਵੱਡੀ ਲੜਾਈ ਸਮੇਂ ਜਪਾਨੀ ਆ ਕਾਬਜ਼ ਹੋਏ......ਫਿਰ ਲਿੰਕਨ ਦੇ ਅਮ੍ਰੀਕਾ ਨੇ ਜਪਾਨੀ ਫਾਸ਼ੀਆਂ ਨੂੰ ਹਰਾ ਆਜ਼ਾਦ ਕਰਵਾ ਦਿੱਤਾ ਪਰ ਬੜੀ ਫਿਕਰਮੰਦੀ ਨਾਲ ਮਹਿਸੂਸ ਕੀਤਾ ਕਿ ਹਾਲੀ ਫਿਲਪੀਨੀ ਲੋਕ ਢੋਰ ਦੇ ਢੋਰ ਨੇ। ਆਜ਼ਾਦੀ ਵਰਗੀ ਖੂਬਸੂਰਤ ਸ਼ੈਅ ਦੀ ਆਪ ਰਖਿਆ ਨਹੀਂ ਕਰ ਸਕਦੇ। ਇਸੇ ਲਈ ਫਿਲਪੀਨ ਵਿਚ ਆਪਣੀ ਦਰਿਆ-ਦਿਲੀ ਦਾ ਸਬੂਤ ਦਿੱਤਾ। ਸਰਕਾਰ ਫਿਲਪੀਨੀ ਹੀ ਬਣਾ ਦਿੱਤੀ। ਉਸ ਸਰਕਾਰ ਨੇ ਫਿਲਪੀਨ ਨੂੰ ਇਕ ਗਣਤੰਤਰ ਕਰਾਰ ਦੇ ਕੇ ਆਪਣੇ ਅਸਲੀ ਡੈਮੋਕਰੇਟ ਹੋਣ ਦਾ ਸਬੂਤ ਦੇ ਦਿੱਤਾ।

ਪਰ ਲੋਕਾਂ ਦਾ ਦਿਮਾਗ ਖਰਾਬ ਹੋ ਗਿਆ ਸੀ। ਆਖਣ ਲਗ ਪਏ—ਕੀਮਤਾਂ ਅਸਮਾਨੀਂ ਚੜ੍ਹ ਗਈਆਂ ਨੇ; ਰਿਸ਼ਵਤ ਤੇ ਭਰਿਸ਼ਟਾਚਾਰ ਦਾ ਬੋਲ-ਬਾਲਾ ਹੈ; ਹਾਕਮ ਕਰੋੜਾਂ ਡਾਲਰ ਹੂੰਝ ਹੂੰਝ ਬਿਦੇਸ਼ੀ ਬੈਂਕਾਂ ਭਰ ਰਹੇ ਨੇ ਅਤੇ ਉਹਨਾਂ ਦੇ ਨਾਲਾਇਕ ਕੋੜਮਿਆਂ ਨੂੰ ਕਾਰਖਾਨੇ ਲਾਉਣ ਲਈ ਕੌਡੀਆਂ ਦੇ ਭਾਅ ਜ਼ਮੀਨਾਂ ਦਿਤੀਆਂ ਜਾ ਰਹੀਆਂ ਨੇ; ਬੇਕਾਰੀ ਬਹੁਤ ਵਧ ਗਈ ਹੈ; ਗ਼ਰੀਬੀ ਕਿਰ ਕਿਰ ਪੈ ਰਹੀ ਹੈ; ਪੁਲਸ ਠਾਣੇ ਬੁੱਚੜਖਾਨੇ ਬਣੇ ਹੋਏ ਨੇ, ਅਮ੍ਰੀਕਨ ਸਾਮਾਰਾਜ ਦੀ ਅਸੀਂ ਝੋਲੀ 'ਚ ਡਿਗ ਪਏ ਹਾਂ।

ਲੋਕਾਂ ਦਾ ਦਿਮਾਗ ਠੀਕ ਕਰਨ ਲਈ ਹਾਕਮਾਂ ਨੇ ਬੜੇ ਠਰ੍ਹਮੇ ਨਾਲ ਸਮਝਾਉਣ ਦਾ ਯਤਨ ਕੀਤਾ:

ਵੇਖੋ ਹਮਵਤਨ ਭੈਣੋ ਤੇ ਭਰਾਵੋ। ਤੁਹਾਨੂੰ ਫ਼ਿਲਪੀਨੀ ਰਿਪਬਲਿਕ ਦੇ ਦੁਸ਼ਮਣ ਸਿਆਸਤ-ਦਾਨਾਂ ਨੇ ਗੁਮਰਾਹ ਕੀਤਾ ਹੋਇਆ ਹੈ। ਤੁਸੀਂ ਹਮੇਸ਼ਾ ਆਪਣੇ ਹੱਕਾਂ ਨੂੰ ਵੇਖਦੇ ਹੋ, ਫਰਜ਼ਾਂ ਨੂੰ ਨਹੀਂ। ਇਹੀ ਤਾਂ ਗ਼ੁਲਾਮ ਜ਼ਹਿਨੀਅਤ ਹੁੰਦੀ ਹੈ। ਜਦੋਂ ਮੁਲਕ ਆਜ਼ਾਦ ਹੁੰਦਾ ਹੈ ਕੀਮਤਾਂ ਵੀ ਆਜ਼ਾਦ ਹੋ ਉਪਰ ਚੜ੍ਹ ਜਾਂਦੀਆਂ ਨੇ; ਰਿਸ਼ਵਤ-ਭਰਿਸ਼ਟਾਚਾਰ ਵੀ ਆਜ਼ਾਦੀ ਦਾ ਹੀ ਚਿੰਨ੍ਹ ਹੈ, ਰਿਸ਼ਵਤ ਹੁਣ ਬਾਹਰ ਨਹੀਂ ਜਾਂਦੀ, ਸਿੱਕਾ ਆਪਣੇ ਮੁਲਕ 'ਚ ਹੀ ਰਹਿੰਦਾ ਹੈ, ਬਾਹਰਲੇ ਮੁਲਕਾਂ ਦੀਆਂ ਬੈਂਕਾਂ 'ਚ ਪੈਸੇ ਜਮ੍ਹਾਂ ਕਰਵਾਉਣ ਦੀਆਂ ਉਜਾਂ ਵੀ ਵਿਰੋਧੀ ਪਾਰਟੀਆਂ ਦਾ ਪ੍ਰਾਪੇਗੰਡਾ ਹੈ, ਬੇਕਾਰੀ ਦੀ ਗੱਲ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤੀ ਹੈ-ਕਿਥੇ ਨਹੀਂ ਬੇਕਾਰੀ? ਸਾਡੇ ਲੋਕਾਂ ਦੇ ਹੱਡਾਂ 'ਚ ਹਰਾਮ ਵੜਿਆ ਹੋਇਆ ਹੈ। ਕੰਮ ਕਰਨ ਵਾਲੇ ਨੂੰ ਕੋਈ ਘਾਟਾ ਨਹੀਂ। ਹੁਣ ਅਸੀਂ ਗਰੀਬੀ ਹਟਾ ਕੇ ਹੀ ਦਮ ਲੈਣਾ ਹੈ। ਸਾਡੀ ਪੁਲੀਸ ਆਦਰਸ਼ਕ ਪੁਲੀਸ ਹੈ। ਇਹਦੇ ਬਿਨਾਂ ਰਿਪਬਲਿਕ ਸੁਰਖਿਅਤ ਨਹੀਂ। ਅਮਨ-ਕਾਨੂੰਨ ਕਾਇਮ ਰਖਣਾ ਬੜਾ ਜ਼ਰੂਰੀ ਹੁੰਦਾ ਹੈ। ਅਮ੍ਰੀਕਾ ਨੂੰ ਸਾਮਰਾਜ ਆਖਣ ਵਾਲੇ ਅੰਨ੍ਹੇ ਹਨ। ਇਹ ਆਜ਼ਾਦ ਦੁਨੀਆਂ ਦਾ ਪਹਿਰੇਦਾਰ ਹੈ। ਜੇ ਅਮ੍ਰੀਕਾ ਦੀ ਛਤਰ ਛਾਇਆ ਨਾ ਹੋਵੇ ਤਾਂ ਸ਼ਾਮ ਨੂੰ ਰੂਸ ਤੇ ਚੀਨ ਸਾਨੂੰ ਨਿਗਲ ਜਾਣ।

ਇਨੀਆਂ ਜ਼ੋਰਦਾਰ ਦਲੀਲਾਂ ਸੁਣਨ ਦੇ ਬਾਵਜੂਦ ਲੋਕਾਂ ਦਾ ਦਿਮਾਗ ਖ਼ਰਾਬ ਤੋਂ ਖਰਾਬ

ਤਰ ਹੁੰਦਾ ਗਿਆ। ਉਹ ਥਾਂ ਥਾਂ ਮੁਜ਼ਾਹਰੇ ਕਰਨ ਲਗ ਪਏ। ਪਾਰਲੀਮੈਂਟ ਦਾ ਘੇਰਾਓ ਹੋਣ ਲਗਿਆ। ਹਾਕਮ ਜਮਾਤ ਦੇ ਆਪਣੇ ਵਿਚ ਅੰਤਰ ਵਿਰੋਧ ਤਿਖੇ ਹੋਣ ਲੱਗੇ। ਪ੍ਰਧਾਨ ਨੇ ਭਰੇ ਪਰ ਦ੍ਰਿੜ ਦਿਲ ਨਾਲ ਮੁਲਕ ਵਿਚ ਐਮਰਜੈਂਸੀ, ਪ੍ਰੈਸ ਸੈਂਸਰਸ਼ਿਪ, ਸ਼ਹਿਰੀ ਆਜ਼ਾਦੀ ਦੇ ਖਾਤਮੇ ਦਾ ਐਲਾਨ ਕਰ ਦਿਤਾ—ਸਾਡੇ ਪਿਆਰੇ ਫਿਲਪੀਨ ਨੂੰ ਅੰਦਰਲੀਆਂ ਤੇ ਬਾਹਰਲੀਆ ਦੁਸ਼ਮਣ ਤਾਕਤਾਂ ਤੋਂ ਖਤਰਾ ਹੋਣ ਕਰਕੇ ਮਜਬੂਰਨ ਇਹ ਕਦਮ, ਵਿਧਾਨ ਅਨੁਸਾਰ, ਚੁਕਿਆ ਗਿਆ ਹੈ।

ਰੇਡੀਓ ਤੇ ਸਰਕਾਰੀ ਆਵਾਜ਼ਾਂ ਗੂੰਜਣ ਲਗੀਆਂ। ਲੋਕਾਂ ਨੂੰ ਝੂਠ ਚਾਰਿਆ ਜਾਣ ਲਗਿਆ। ਅਖ਼ਬਾਰ ਸਿਰਫ ਸਰਕਾਰੀ ਝੂਠ ਦੇ ਇਸ਼ਤਿਹਾਰ ਬਣਕੇ ਰਹਿ ਗਏ। ਅਖ਼ਬਾਰਾਂ ਸਨ ਜਿਵੇਂ ਰੇਪ ਕੀਤੀਆਂ ਕੰਜਕਾਂ ਹੋਣ। ਸਪਰੇਟਾ ਦੁਧ ਹੋਵੇ, ਜਿਹੜਾ ਸਿਰਫ ਬੀਮਾਰਾਂ ਲਈ ਹੀ ਗੁਣਕਾਰੀ ਹੁੰਦਾ ਹੈ।

ਪਰ ਇਹ ਸਾਰਾ ਚੀਕ ਚਿਹਾੜਾ, ਗਰਿਫਤਾਰੀਆਂ, ਬੁਚੜਖਾਨਿਆਂ 'ਚ ਤਸੀਹੇ, ਰਾਤ ਦੀਆਂ ਤਾਰੀਕੀਆਂ 'ਚ ਕੀਤੇ ਕਤਲ, ਜ਼ਬਾਨਾਂ 'ਤੇ ਲਾਈਆਂ ਮੁਹਰਾਂ ਜਨੂੰਨ ਵਾਲਿਆਂ ਦੇ ਕਦਮਾਂ ਨੂੰ ਰੋਕ ਨਾ ਸਕੇ।

ਦਸਤਿ ਸਯਾਦ ਭੀ ਆਜਜ਼ ਹੈ ਕਫਿ ਗੁਲਚੀਂ ਭੀ
ਬੂਇ ਗੁਲ ਠਹਿਰੀ ਹੈ ਨਾ ਬੁਲਬੁਲ ਕੀ ਜ਼ੁਬਾਂ ਠਹਿਰੀ ਹੈ। (ਫ਼ੈਜ਼)

ਉਹ ਸੱਚ ਦੀ ਸ਼ਮ੍ਹਾਂ ਫ਼ਰੋਜ਼ਾਂ ਕਰਨ ਲਈ ਪਹਾੜਾਂ ਤੇ ਜੰਗਲਾਂ ਵਿਚ ਚਲੇ ਗਏ। ਮੁਲਕ ਦੀ ਸਰਕਾਰ ਨੇ ਲੋਕਾਂ ਦਾ ਦਿਮਾਗ ਠੀਕ ਕਰਨ ਲਈ ਮੁਲਕ ਨੂੰ ਅਮ੍ਰੀਕਾ ਦੇ ਹਵਾਲੇ ਕਰ ਦਿੱਤਾ ਅਤੇ ਫਿਲਪੀਨੀ ਲੋਕਾਂ ਨੂੰ ਪਹਿਲੀ ਵਾਰ ਪਤਾ ਲਗਿਆ ਕਿ ਸਾਮਰਾਜ ਅਤੇ ਪਿਛਾਂਹ ਖਿਚੂ ਤਾਕਤਾਂ ਦੇ ਕਾਬਜ਼ ਹੋਣ ਦਾ ਅਸਲੀ ਕਾਰਣ ਉਹੀ ਦੇਸੀ ਸਰਕਾਰਾਂ ਬਣਦੀਆਂ ਹਨ ਜਿਹੜੀਆਂ ਇਹਨਾਂ ਤਾਕਤਾਂ ਤੋਂ ਖਤਰੇ ਦਾ ਸਭ ਤੋਂ ਵਧ ਡੌਰੂ ਖੜਕਾਉਂਦੀਆਂ ਹਨ।

× × × × × ×

ਬੜਾ ਹੁੰਮਸ ਸੀ।

ਸੀਲੀਆ ਦੀਆਂ ਅੱਖਾਂ, ਗੱਲ੍ਹਾਂ ਅਤੇ ਗਰਦਣ 'ਤੇ ਮੁੜ੍ਹਕਾ ਲੜਨ ਲਗ ਗਿਆ। ਬੰਨ੍ਹੇ ਹੱਥਾਂ ਨਾਲ ਕਿਵੇਂ ਪੂੰਝੇ ? ਉਹਨੇ ਆਪਣੀਆਂ ਗੱਲ੍ਹਾਂ ਵਾਰੀ ਵਾਰੀ ਆਪਣੇ ਸੱਜੇ-ਖੱਬੇ ਮੋਢਿਆਂ 'ਤੇ ਰਗੜੀਆਂ ਅਤੇ ਫਿਰ ਆਪਣੇ ਪੀੜਾਂ-ਲੱਦੇ ਫਿਲਪੀਨ ਦੇ ਤਪਦੇ ਪਹਾੜਾਂ ਵਲ ਤੱਕਣ ਲੱਗ ਪਈ। ਕਿੰਨਾਂ ਕੁੜ ਸੂਲਾਂ ਵਾਂਙ ਉਹਦੇ ਅੰਗ ਅੰਗ ਨੂੰ ਵਿੰਨ੍ਹਣ ਲੱਗ ਪਿਆ.........

ਚੁੱਪ ਵਰਗੇ ਸ਼ਾਂਤ ਪਹਾੜ ਕਿੰਝ ਤਪਦੇ ਪੱਥਰਾਂ ਨੂੰ ਆਪਣੀ ਹਿੱਕ ਨਾਲ ਘੁੱਟੀ ਖਲੋਤੇ ਸਨ; ਕਿੰਝ ਅਮ੍ਰੀਕਨ ਬੰਬਾਂ ਨੇ ਦਰਖਤ, ਨਦੀਆਂ ਤੇ ਆਵਾਜ਼ਾਂ ਬੁਝੇ ਹੋਏ ਚੂਨੇ ਵਾਂਗ ਪਥਰਾ ਕੇ ਰਖ ਦਿਤੀਆਂ ਸਨ। ਕਿੰਝ ਉਹਦੇ ਮੁਲਕ ਦੀ ਫ਼ੌਜ ਆਪਣੇ ਹੀ ਲੋਕਾਂ ਨੂੰ ਕਤਲ ਕਰ ਰਹੀ ਸੀ। ਅੱਜ ਉਹਨੇ ਕੇਡੇ ਨਿਖਰੇ ਰੂਪ 'ਚ ਵੇਖ ਲਿਆ ਸੀ ਕਿ ਲੋਕਾਂ ਦੀ ਫੌਜ ਤੋਂ ਬਿਨਾਂ ਹਰ ਫ਼ੌਜ ਜ਼ਾਲਮ ਹੁੰਦੀ ਹੈ। ਉਹ ਹਰ ਹਾਲਤ ਵਿਚ ਲੋਕਾਂ ਦੇ ਵਿਰੁਧ ਭੁਗਤਦੀ ਹੈ ਚਾਹੇ ਉਹਨੇ ਕੋਈ ਵੀ ਬੁਰਕਾ ਕਿਉਂ ਨਾ ਪਾਇਆ ਹੋਵੇ।

ਫਿਰ ਲੋਕ-ਮੁਕਤੀ ਫ਼ੌਜ ਦੇ ਚਿਹਰੇ ਉਹਦੇ ਸਾਹਵੇਂ ਘੁੰਮਣ ਲੱਗੇ। ਉਹਦੀ ਤਪਦੀ ਹਿੱਕ 'ਚ ਠੰਢ ਪੈ ਗਈ। ਇਹ ਕੇਹੇ ਚਿਹਰੇ ਹੁੰਦੇ ਨੇ ਜਿਹੜੇ ਹਰ ਇਮਤਿਹਾਨ 'ਚ ਆਪਣੀ ਆਤਮਾ ਜੀਂਦੀ ਰਖਦੇ ਨੇ। ਇਹਨਾਂ ਦੀਆਂ ਉਂਗਲਾਂ ਜਦੋਂ ਰਫ਼ਲ ਦੇ ਘੋੜੇ 'ਤੇ ਨੱਚਦੀਆਂ ਨੇ ਤਾਂ ਸੂਰਜ ਨੂੰ ਅਹਿ-

ਸਾਸ ਹੋ ਜਾਂਦਾ ਹੈ ਕਿ ਹੁਣ ਕਿਆਮਤ ਦਾ ਦਿਨ ਬਹੁਤ ਦੂਰ ਚਲਿਆ ਗਿਆ ਹੈ। ਲੋਕਾਂ ਦਾ ਦਰਦ ਇਹਨਾਂ ਦੀਆਂ ਅੱਖਾਂ ਵਿਚ ਹੰਝੂ ਬਣ ਚਮਕਦਾ ਹੈ ਜਿਵੇਂ ਖਾਰੀ ਝੀਲ 'ਚ ਤੜਕੇ ਦਾ ਤਾਰਾ ਡਲ੍ਹਕਦਾ ਹੈ। ਜਦੋਂ ਇਹਨਾਂ ਦਾ ਰਾਸ਼ਨ ਤੇ ਗੋਲੀਆਂ ਮੁੱਕ ਜਾਂਦੀਆਂ ਨੇ ਇਹ ਰਫ਼ਲਾਂ ਦੀਆਂ ਮੈਗਜ਼ੀਨਾਂ 'ਚ ਆਪਣੇ ਦਿਲ ਭਰ ਦਿੰਦੇ ਨੇਂ। ਅਤੇ ਜਦੋਂ ਇਹ ਜੂਝ ਮਰਦੇ ਨੇ ਤਾਂ ਹਜ਼ਾਰਾਂ ਨਵੇਂ ਹੱਥ ਇਹਨਾਂ ਦੀਆਂ ਰਫਲਾਂ ਫੜਨ ਲਈ ਉਲਰ ਪੈਂਦੇ ਨੇ...ਉਦੋਂ ਇਕ ਹੋਰ ਜ਼ਿੰਦਗੀ ਸ਼ੁਰੂ ਹੋ ਜਾਂਦੀ ਹੈ—ਪਹਿਲੀ ਨਾਲੋਂ ਹਰ ਤਰ੍ਹਾਂ ਨਾਲ ਬਲਵਾਨ ਤੇ ਸੁੰਦਰ।

ਸੀਲੀਆ ਨੇ ਆਪਣੇ ਸਾਥੀ ਵਲ ਤਕਿਆ। ਇਕ ਵਿਸ਼ਵਾਸ, ਇਕ ਅਡੋਲਤਾ ਦਾ ਪੁੰਜ। ਇਕ ਅਮ੍ਰੀਕਨ, ਵਿਲੀਅਮ ਪੋਮਰਾਏ, ਜਿਹੜਾ ਦੂਜੀ ਲੜਾਈ ਵੇਲੇ ਅਮ੍ਰੀਕਨ ਫੌਜ ਦਾ ਇਕ ਅੰਗ ਬਣ ਜਪਾਨੀਆਂ ਨਾਲ ਲੜਨ ਆਇਆ ਸੀ, ਪਰ ਜਦੋਂ ਜਪਾਨੀ ਹਾਰ ਗਏ ਅਤੇ ਉਹਨਾਂ ਦੀ ਥਾਂ ਉਹਦੀ ਆਪਣੀ ਫੌਜ ਨੇ ਛਾਉਣੀਆਂ ਪਾ ਲਈਆਂ ਤਾਂ ਉਹਦੀਆਂ ਅੰਨ੍ਹੀਆਂ ਅੱਖਾਂ ਚਿਰਾਗ ਵਾਂਙ ਖੁਲ੍ਹ ਗਈਆਂ। ਸਾਰੇ ਸਾਮਰਾਜੀਆਂ ਦਾ ਕਿਰਦਾਰ ਇਕੋ ਜਿਹਾ ਹੀ ਹੁੰਦਾ ਹੈ।

× × × ×

ਜਦੋਂ ਦੋਹਾਂ ਨੂੰ ਫੌਜੀ ਟ੍ਰਿਬੂਨਲ ਸਾਹਵੇਂ ਪੇਸ਼ ਕੀਤਾ ਗਿਆ ਤਾਂ ਵਿਲੀਅਮ ਪੋਮਰਾਏ ਨੇ ਆਪਣੀ ਸਪਸ਼ਟ ਸੋਚ ਸ਼ਬਦਾਂ ਵਿਚ ਬਿਆਨਦਿਆਂ ਆਖਿਆ:

ਮੈਂ 1916 ਵਿਚ ਇਕ ਅਮ੍ਰੀਕਨ ਸ਼ਹਿਰ 'ਚ ਜੰਮਿਆ ਸਾਂ। ਪਹਿਲੇ ਛੱਬੀ ਸਾਲ ਮੈਂ ਉਥੇ ਹੀ ਗੁਜ਼ਾਰੇ। ਮੈਂ ਅਮ੍ਰੀਕਾ ਤੋਂ ਬਾਹਰ ਦੂਜੇ ਮਹਾਂ ਯੁੱਧ ਵਿਚ ਹੀ ਗਿਆ—ਆਸਟਰੇਲੀਆ ਤੋਂ ਜਾਪਾਨ ਤੱਕ। 1944 ਵਿਚ ਫ਼ਾਸ਼ੀਆਂ ਤੋਂ ਫਿਲਪੀਨ ਜਿੱਤ ਲਿਆ। ਪਰ ਮੈਂ ਵੇਖਿਆ ਕਿ ਅਮ੍ਰੀਕਨ ਸਾਮਰਾਜ ਨੇ ਫਿਲਪੀਨੀਆਂ ਨੂੰ ਨਵ-ਬਸਤੀਵਾਦੀ ਆਜ਼ਾਦੀ ਦਿਤੀ। ਇਕ ਅਮ੍ਰੀਕਨ ਦੇ ਰੂਪ 'ਚ ਮੇਰੇ ਸਾਹਵੇਂ ਦੋ ਰਾਹ ਸਨ: ਇਸ ਪਖੰਡ ਨੂੰ ਪ੍ਰਵਾਨ ਕਰਨਾ ਜਾਂ ਰੱਦ ਕਰਨਾ। ਮੈਂ ਇਹਨੂੰ ਰੱਦ ਕਰ ਦਿਤਾ। ਪ੍ਰਵਾਨ ਇਹ ਕੀਤਾ ਕਿ ਫਿਲਪੀਨ ਫਿਲਪੀਨੀ ਲੋਕਾਂ ਦਾ ਹੈ। ਸਪਸ਼ਟ ਚੋਣ ਦਾ ਤਕਾਜ਼ਾ ਸੀ ਕਿ ਫਿਲਪੀਨੀ ਲੋਕਾਂ ਨਾਲ ਵਚਨ-ਬੱਧ ਹੋਵਾਂ। ਮੈਂ ਇਸ ਫਿਲਪੀਨੀ ਗੁਰੀਲਾ ਕੁੜੀ, ਸੀਲੀਆ ਨਾਲ ਵਿਆਹ ਕਰਵਾ ਲਿਆ। ਮੈਂ ਫਿਲਪੀਨੀ ਦੇਸ਼ ਭਗਤਾਂ ਦੀ ਅਗਵਾਈ ਹੇਠ ਲੜਿਆ, ਭੁੱਖਾ ਰਿਹਾ ਤੇ ਇਹਨਾਂ ਦੇ ਦੁੱਖਾਂ-ਸੁੱਖਾਂ 'ਚ ਸ਼ਰੀਕ ਹੋਇਆ। ਮੈਂ ਸਮਝਦਾ ਹਾਂ ਇਹਨਾਂ ਦੀ ਭਲਾਈ ਸਾਡੀ ਭਲਾਈ ਹੈ। ਮੈਂ ਕੌਮਾਂਤਰੀਵਾਦ ਦਾ ਧਾਰਨੀ ਹਾਂ। ਸਾਰੀ ਦੁਨੀਆਂ ਦੇ ਲੋਕ ਇਕੋ ਬਰਾਦਰੀ ਦੇ ਜੀਵ ਹੋਣ ਕਰਕੇ ਭਰਾ ਹਨ। ਮੇਰਾ ਅਟੱਲ ਵਿਸ਼ਵਾਸ ਹੈ ਕਿ ਉਹ ਦਿਨ ਜ਼ਰੂਰ ਆਵੇਗਾ ਜਦੋਂ ਸਾਰੇ ਭੇਦ-ਭਾਵ, ਹੱਦਾਂ-ਬੰਨੇ ਢਹਿ ਢੇਰੀ ਹੋ ਜਾਣਗੇ। ਮੈਨੂੰ ਮਾਣ ਹੈ ਕਿ ਮੇਰੀ ਰਫ਼ਲ ਸਾਮਰਾਜ ਦੇ ਵਿਰੁਧ ਭੁਗਤੀ ਹੈ। ਮੇਰਾ ਬਿਆਨ ਖਤਮ ਹੈ। ਮੈਂ ਤੁਹਾਥੋਂ ਨਹੀਂ ਇਤਿਹਾਸ ਤੋਂ ਬਰੀ ਹੋਣਾ ਚਾਹੁੰਦਾ ਹਾਂ।

ਦੋਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਪਰ ਦਸ ਸਾਲ ਪਿਛੋਂ ਉਹਨਾਂ ਨੂੰ, ਲੋਕ-ਰਾਇ ਦੇ ਦਬਾਓ ਹੇਠ, ਛੱਡ ਦਿੱਤਾ ਗਿਆ। ਪੋਮਰਾਏ ਨੇ ਕੈਦ 'ਚ ਉਹ ਕਹਾਣੀਆਂ ਲਿਖੀਆਂ ਜਿਨ੍ਹਾਂ ਦੇ ਪਲਾਟ ਉਹਨੇ ਆਪ ਆਪਣੇ ਪਿੰਡੇ 'ਤੇ ਹੰਢਾਏ ਜਾਂ ਆਪਣੀ ਕਲਾਕਾਰ ਨੀਝ ਨਾਲ ਆਪਣੇ ਸਾਹਵੇਂ ਵਾਪਰਦੇ ਤੱਕੇ। ਉਹਨਾਂ ਚੋਂ ਇਕ ਕਹਾਣੀ 'ਵਾਪਸੀ' ਇਥੇ ਦੇਣ ਦਾ ਮਾਣ ਲੈ ਰਿਹਾ ਹਾਂ। □

[14, ਥੌਰਨਬਰੀ ਡਰਾਈਵ, ਬਰੈਡਫੋਰਡ-3, ਯੂ. ਕੇ.]

# ਵਾਪਸੀ

ਵਿਲੀਅਮ ਪੌਮਰਾਏ

ਜੀਪ ਹੌਲੀ ਹੌਲੀ ਇਕ ਫਿਲਪੀਨੀ ਕਸਬੇ ਦੀ ਗਲੀ ਵਿਚ ਦਾਖਲ ਹੋਈ । ਉਸ ਵਿਚ ਇਕੋ ਇਕ ਅਮ੍ਰੀਕਣ ਅਫ਼ਸਰ ਸੀ ਜਿਹੜਾ ਵਾਰ ਵਾਰ ਆਪਣਾ ਸਿਰ ਬਾਹਰ ਕਢ ਗਲੀ ਵਿਚਲੇ ਘਰਾਂ ਨੂੰ ਘੂਰ ਰਿਹਾ ਸੀ । ਦੋ ਤਿੰਨ ਵਾਰ ਉਹਨੇ ਜੀਪ ਖੜ੍ਹੀ ਕੀਤੀ, ਗਹੁ ਨਾਲ ਤੱਕਿਆ, ਪਰ ਫਿਰ ਤੁਰ ਪਿਆ । ਅੰਤ ਵਿਚ ਉਹ ਖੁੰਘਰਿਆਲੇ ਬਾਂਸਾਂ ਦੀ ਵਾੜ 'ਚ ਘਿਰੇ ਇਕ ਲਕੜੀ ਦੇ ਘਰ ਅੱਗੇ ਖਲੋ ਗਿਆ ਤੇ ਜੀਪ ਬੰਦ ਕਰ ਦਿਤੀ । ਚਿੱਟੇ ਖੁਸ਼ਬੂਦਾਰ ਫ਼ੁੱਲਾਂ ਵਿਚੋਂ ਦੀ ਸਾਹਮਣੀ ਡਿਓਢੀ ਨਜ਼ਰ ਆ ਰਹੀ ਸੀ ।

ਘਰ ਦੇ ਨਾਲ ਇਕ ਦੁਕਾਨ ਸੀ । ਕਾਊਂਟਰ 'ਤੇ ਸ਼ੀਸ਼ੇ ਦੇ ਮਰਤਬਾਨਾਂ ਦੀ ਕਤਾਰ ਸਜੀ ਹੋਈ ਸੀ । ਉਸ ਵਿਚ ਬੈਠੇ ਬੰਦੇ ਆਉਣ ਵਾਲੇ ਅਮ੍ਰੀਕਣ ਨੂੰ ਘੂਰ ਘੂਰ ਤਕਣ ਲਗ ਪਏ ।

ਕੁਝ ਚਿਰ ਅਮ੍ਰੀਕਣ ਅਫ਼ਸਰ ਸਟੇਰਿੰਗ 'ਤੇ ਛਾਤੀ ਟਿਕਾ ਉਸ ਘਰ ਵਲ ਤਕਦਾ ਰਿਹਾ, ਤਕਦਾ ਰਿਹਾ । ਦੋ ਨਿੱਕੇ ਬੱਚੇ, ਗਲੀਂ ਸਿਰਫ ਬੁਨੈਣਾਂ, ਧੂੜ ਲਿਬੜੇ ਨੰਗੇ ਚਿੱਤੜ, ਪਤਾ ਨਹੀਂ ਕਿਥੋਂ ਜੀਪ ਕੋਲ ਆ ਕੇ ਖਲੋ ਗਏ । ਉਹ ਚੁਪ-ਚਾਪ ਤੇ ਬੇ-ਹਿੱਸ ਤਕਦੇ ਰਹੇ । ਅਫਸਰ ਨੇ ਉਹਨਾਂ ਵਲ ਤੱਕ ਕੇ ਆਪਣਾ ਸਿਰ ਹਿਲਾਉਂਦਿਆਂ ਆਖਿਆ—ਸੌਰੀ, ਨੋ ਚਿਯੁਇੰਗ ਗਮ !

ਉਹ ਚੁਪ-ਚਾਪ ਬਿਨਾਂ ਅੱਖ ਝਮਕਿਆਂ ਉਹਨੂੰ ਘੂਰਦੇ ਰਹੇ । ਜਦੋਂ ਹੀ ਉਹ ਜੀਪ 'ਚੋਂ ਬਾਹਰ ਨਿਕਲਿਆ ਉਹ ਭੱਜ ਪਏ ।

ਅਫ਼ਸਰ ਨੇ ਵਾੜ ਦੀ ਖਿੜਕੀ ਖੋਲ੍ਹੀ, ਅੰਦਰ ਲੰਘਿਆ ਅਤੇ ਖਿੜਕੀ ਮੁੜ ਉਦਾਂ ਹੀ ਬੰਦ ਕਰ ਦਿਤੀ । ਉਹ ਲੰਮੀਆਂ ਲੰਮੀਆਂ ਲੱਤਾਂ ਵਾਲਾ ਇਕ ਲੰਮਾ ਆਦਮੀ ਸੀ ਜਿਹੜਾ ਡਿਉਢੀ ਦੀਆਂ ਇਕੋ ਵਾਰ ਦੋ ਦੋ ਪੌੜੀਆਂ ਚੜ੍ਹ ਗਿਆ । ਅੰਦਰ ਢਿਲਕੀਆਂ ਜਿਹੀਆਂ ਕੁਰਸੀਆਂ ਖ਼ਾਲੀ ਸਨ । ਪਰ ਬੂਹਾ ਅੱਧਾ ਖੁਲ੍ਹਾ ਸੀ । ਉਹਨੇ ਸੁਹਦਿਆਂ ਵਾਂਗ ਆਪਣੀ ਟੋਪੀ ਖਿੱਚੀ ਅਤੇ ਬੂਹੇ 'ਤੇ ਦਸਤਕ ਦੇ ਦਿਤੀ । ਆਪ ਆਪਣੇ ਹੱਥ ਪਿਛਾਂਹ ਕਰ ਖਲੋ ਗਿਆ । ਉਹਦੇ ਬੁਲ੍ਹਾਂ 'ਤੇ ਖਿਸਿਆਨਾ ਜਿਹਾ ਹਾਸਾ ਸੀ ।

ਕੁਝ ਪਲਾਂ ਪਿਛੋਂ ਅੰਦਰ ਹਲਕੀ ਜਿਹੀ ਆਵਾਜ਼ ਸੁਣਾਈ ਦਿੱਤੀ । ਬੂਹਾ ਖੁਲ੍ਹਿਆ, ਤੇ ਇਕ ਜਵਾਨ ਔਰਤ ਕੁਝ ਝਿਜਕਦੀ ਹੋਈ ਸਾਹਮਣੇ ਆ ਖਲੋਤੀ । ਉਹ ਸਾਦਾ ਜਿਹੇ ਘਰੇਲੂ ਲਿਬਾਸ ਵਿਚ ਸਾਫ਼ ਗਰਭਵਤੀ ਨਜ਼ਰ ਆ ਰਹੀ ਸੀ । ਉਹ ਬਿਨਾਂ ਕੁਝ ਕਹੇ ਖਲੋਤੀ ਰਹੀ ਤੇ ਉਡੀਕਦੀ ਰਹੀ ਕਿ ਆਉਣ ਵਾਲਾ ਕੀ ਕਹਿਣਾ ਚਾਹੁੰਦਾ ਹੈ ।

—ਕਾਟਿਨਡਿਗ ਪਰਿਵਾਰ ਏਥੇ ਈ ਰਹਿੰਦਾ ਏ ਨਾ ? ਅਮ੍ਰੀਕਣ ਨੇ ਸਿੱਧਾ ਖਲੋਂਦਿਆਂ ਪੁਛਿਆ । ਉਹਦੀ ਮੁਸਕਾਣ ਸੁੰਗੜ ਗਈ ।

—ਮੈਂ ਮਿਸਜ਼ ਕਾਟਿਨਡਿਗ ਆਂ ।

—ਤਾਂ ਤੂੰ ਉਹਨਾਂ ਦੀ ਕੋਈ ਰਿਸ਼ਤੇਦਾਰ ਹੋਵੇਂਗੀ, ਮੈਂ ਤੈਨੂੰ ਪਹਿਲਾਂ ਤਾਂ ਕਦੀ ਏਥੇ ਨਹੀਂ ਸੀ ਵੇਖਿਆ ।

—ਨਹੀਂ, ਉਹ ਬੋਲੀ, ਤੁਸੀਂ ਅੰਦਰ ਲੰਘ ਆਵੋ ।

ਅਫ਼ਸਰ ਨੇ ਜ਼ਰਾ ਕੁ ਮੱਥਾ ਵੱਟਿਆ ; ਆਪਣੀ ਟੋਪੀ ਲਾਹੀ, ਅਤੇ ਅੰਦਰ ਲੰਘ ਬਹੁੜੇ ਜਿਹੇ ਫਰਨੀਚਰ ਵਾਲੇ ਕਮਰੇ ਵਲ ਸਰਸਰੀ ਨਜ਼ਰ ਮਾਰ ਕਹਿਣ ਲਗਿਆ—ਇਹ ਕਮਰਾ ਤਾਂ ਬਹੁਤਾ ਨਹੀਂ ਬਦਲਿਆ......ਘਰ 'ਚ ਹੋਰ ਨਹੀਂ ਕੋਈ ?

— ਤੁਸੀਂ ਜ਼ਰਾ ਬੈਠੋ, ਕਹਿ ਉਹ ਬੂਹੇ 'ਤੇ ਟੰਗੇ ਖੱਦਰ ਦੇ ਫਿੱਕੇ ਜਿਹੇ ਪਰਦੇ ਉਹਲੇ ਅਲੋਪ ਹੋ ਗਈ । ਅਫਸਰ ਢਿੱਲੀ ਜਿਹੀ ਕੁਰਸੀ 'ਤੇ ਬਹਿ ਗਿਆ । ਕੁਰਸੀ ਦੀ ਸ਼ਕਲ ਹੁਣ ਪਹਿਲਾਂ ਵਰਗੀ ਨਹੀਂ ਸੀ ਰਹੀ ।

ਫਿਰ ਪਰਦਾ ਹਟਿਆ । ਇਕ ਆਦਮੀ ਆਪਣੀ ਹਥੇਲੀ ਨਾਲ ਸਿਰ ਦੇ ਵਾਲ ਪਲੋਸਦਾ ਅੰਦਰ ਆਇਆ । ਅਮ੍ਰੀਕਣ ਨੂੰ ਵੇਖਦਿਆਂ ਹੀ ਉਹਦੇ ਜਿਵੇਂ ਪੈਰ ਜੰਮ ਗਏ ।

ਫਿਲਪੀਨੀ ਇਕ ਛੋਟੇ ਕੱਦ ਅਤੇ ਪਿਚਕੀਆਂ ਗਲ੍ਹਾਂ ਵਾਲਾ ਮਨੁੱਖ ਸੀ, ਜੀਹਦੀਆਂ ਪੁੜ-ਪੁੜੀਆਂ ਕੋਲੋਂ ਵਾਲ ਝੜਨੇ ਸ਼ੁਰੂ ਹੋ ਗਏ ਸਨ । ਖੜੀਆਂ ਕਰੀਜ਼ਾਂ ਤੋਂ ਜਾਪਦਾ ਸੀ ਜਿਵੇਂ ਉਹ ਹੁਣੇ ਹੁਣੇ ਹੀ ਕਮੀਜ਼ ਪਾ ਕੇ ਆਇਆ ਹੋਵੇ ।

—ਹੈਲੋ, ਪਾਲ, ਉਹਨੇ ਆਖਿਆ ਅਤੇ ਫਿਰ ਅਮ੍ਰੀਕਣ ਦਾ ਹੱਥ ਜਾ ਫੜਿਆ ।

—ਟੋਨੀ ! ਅਮ੍ਰੀਕਣ ਨੇ ਹੱਥ ਫੜਦਿਆਂ ਆਖਿਆ ।

—ਮੈਨੂੰ ਤੇ ਸ਼ੱਕ ਹੋਣ ਲਗ ਪਿਆ ਸੀ ਕਿ ਕਿਤੇ ਮੈਂ ਗ਼ਲਤ ਥਾਂ 'ਤੇ ਤਾਂ ਨਹੀਂ ਆ ਗਿਆ ?

—ਮੈਂ ਕਦੀ ਸੋਚਿਆ ਤੱਕ ਨਹੀਂ ਸੀ ਕਿ ਅਸੀਂ ਤੈਨੂੰ ਫੇਰ ਵੀ ਕਦੀ ਮਿਲਾਂਗੇ । ਲੰਮੇ ਆਦਮੀ ਵੱਲ ਵੇਖ ਫਿਲਪੀਨੀ ਨੇ ਆਖਿਆ । ਉਹਦੇ ਨਕਸ਼ਾਂ 'ਤੇ ਕੋਈ ਮੁਸਕਾਣ ਨਹੀਂ ਸੀ ।

—ਮੈਨੂੰ ? ਪਰ ਕਿਉਂ ਨਹੀਂ ?.........ਇਹ, ਯਾਰ, ਨਿੱਕੀ ਜਿਹੀ ਤਾਂ ਦੁਨੀਆਂ ਹੈ । ਫੌਜ ਚੱਕਰ ਲਾ ਮੁੜ ਉਥੇ ਹੀ ਆ ਜਾਂਦੀ ਹੈ । ਉਹਨੇ ਫਿਲਪੀਨੀ ਦਾ ਹੱਥ ਹੋਰ ਘੁੱਟਿਆ ।

—ਕਿੰਨਾ ਕੁ ਚਿਰ ਹੋ ਗਿਆ ? ਚੌਦਾਂ, ਪੰਦਰਾਂ ਸਾਲ ?

—ਹਾਂ, ਚੌਦਾਂ, ਪੰਦਰਾਂ ਸਾਲ । ਫਿਲਪੀਨੀ ਨੇ ਉਸੇ ਗੰਭੀਰਤਾ ਨਾਲ ਉੱਤਰ ਦਿੱਤਾ ।

—ਪਰ ਏਸ ਥਾਂ ਤੋਂ ਤਾਂ ਇੰਝ ਬਿਲਕੁਲ ਨੀ ਲਗਦਾ । ਮੇਰੇ ਖ਼ਿਆਲ 'ਚ ਤੁਸੀਂ ਫਰਨੀਚਰ ਵੀ ਨਹੀਂ ਹਿਲਾਇਆ । ਅੰਦਰ ਵੜਦਿਆਂ ਹੀ ਜਾਪਿਆ ਜਿਵੇਂ ਮੈਂ ਆਪਣੇ ਹੀ ਘਰ ਆ ਗਿਆ ਹੋਵਾਂ ।

ਫਿਲਪੀਨੀ ਦੇ ਬੁਲ੍ਹਾਂ 'ਤੇ ਨਿੱਕੀ ਜਿਹੀ, ਵਿਅੰਗਮਈ ਮੁਸਕਾਣ ਆਈ । ਬੋਲਿਆ :

—ਤੈਨੂੰ ਸੱਚੀਂ ਇਉਂ ਲਗਦੈ ?

—ਬਿਲਕੁਲ ! ਅਸੀਂ ਇਥੇ ਕੇਡੀਆਂ ਖੁਸ਼-ਘੜੀਆਂ ਬਿਤਾਈਆਂ ਨੇ ! ਨਹੀਂ ?

ਫਿਲਪੀਨੀ ਦੇ ਬੁਲ੍ਹਾਂ 'ਤੇ ਫਿਰ ਉਹੀ ਨਿੱਕੀ-ਵਿਅੰਗਮਈ ਮੁਸਕਾਣ ਆਈ। ਬੋਲਿਆ—ਖੁਸ਼ੀ ਨੂੰ ਯਾਦ ਕਰਨਾ ਚੰਗਾ ਹੁੰਦੈ......ਬੈਠ ਜਾ ਪਾਲ।

—ਬਜ਼ੁਰਗ ਕਿਥੇ ਐ ? ਅਮ੍ਰੀਕਣ ਨੇ ਕੁਰਸੀ 'ਤੇ ਬਹਿੰਦਿਆਂ ਪੁਛਿਆ।

—ਮੇਰਾ ਬਾਪ ? ਫਿਲਪੀਨੀ ਨੇ ਪੁਛਿਆ। ਫਿਰ ਆਪ ਹੀ ਕਹਿਣ ਲਗਿਆ—ਮੇਰਾ ਬਾਪ ਜੰਗ ਤੋਂ ਤਿੰਨ ਸਾਲ ਪਿਛੋਂ ਮਰ ਗਿਆ ਸੀ। ਉਹਤੋਂ ਇਕ ਸਾਲ ਪਿਛੋਂ ਮਾਂ ਵੀ ਤੁਰਦੀ ਹੋਈ।

—ਟੋਨੀ ! ਸੱਚੀਂ ਮੈਨੂੰ ਬੜਾ ਹੀ ਦੁਖ ਹੋਇਆ ਹੈ। ਅਮ੍ਰੀਕਣ ਨੇ ਤਿਊੜੀਆਂ ਪਾ ਕੇ ਸਿਰ ਹਿਲਾਂਦਿਆਂ ਗੱਲ ਜਾਰੀ ਰੱਖੀ—ਸੱਚ-ਮੁੱਚ ਏਹ ਬੜੀ ਦੁਖਦਾਈ ਖ਼ਬਰ ਐ ! ਮੈਨੂੰ ਤਾਂ ਬਜ਼ੁਰਗ ਚੰਗਾ ਹੀ ਬਹੁਤ ਲਗਦਾ ਸੀ ; ਅਤੇ ਤੇਰੀ ਮਾਂ ਵੀ। ਆਖਰ ਗੱਲ ਕੀ ਹੋਈ ?

—ਬਹੁਤ ਸਾਰੀਆਂ ਗੱਲਾਂ ਨੇ ਜੀਹਨਾਂ ਨਾਲ ਉਹਦਾ ਦਿਲ ਟੁੱਟ ਗਿਆ ਸੀ। ਤੂੰ ਸ਼ਾਇਦ ਏਹੀ ਆਖੇਂ ਕਿ ਉਹ ਜੰਗ ਦੇ ਅਸਰਾਂ ਕਰ ਕੇ ਹੀ ਮਰ ਗਿਆ ਹੋਵੇ।

—ਹਾਂ, ਮੈਨੂੰ ਪਤੈ, ਅਮ੍ਰੀਕਣ ਬੋਲਿਆ, ਉਹ ਤੁਹਾਡੇ ਲਈ ਕਾਫ਼ੀ ਔਖਾ ਸਮਾਂ ਸੀ। ਜਾਪਾਨੀਆਂ ਨੇ ਤੁਹਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ ਸੀ। ਮੈਨੂੰ ਬਜ਼ੁਰਗ ਦੀ ਮੌਤ ਦਾ ਬਹੁਤ ਦੁੱਖ ਐ।

ਬੂਹੇ ਦਾ ਪਰਦਾ ਹਟਿਆ ਅਤੇ ਉਹੀ ਜਵਾਨ ਔਰਤ ਟਰੇ ਵਿਚ ਇਕ ਗਲਾਸ ਤੇ ਇਕ ਬੀਅਰ ਦੀ ਬੋਤਲ ਲੈ ਆ ਗਈ। ਜਦੋਂ ਉਹ ਟਰੇ ਰਖ ਮੁੜਨ ਲੱਗੀ, ਫਿਲਪੀਨੀ ਨੇ ਆਪਣਾ ਹੱਥ ਉਹਦੀ ਬਾਂਹ ਨੂੰ ਛੁਹਾਂਦਿਆਂ ਆਖਿਆ—ਪਾਲ, ਏਹ ਮੇਰੀ ਪਤਨੀ ਐ, ਬੇਲਾ।

—ਹਾਂ, ਪਰ ਤੈਨੂੰ ਕੀ ਪਤਾ ਹੋ ਸਕਦੈ ? ਅਮ੍ਰੀਕਣ ਨੇ ਉਠਦਿਆਂ ਆਖਿਆ, ਕੀ ਹਾਲ ਐ, ਬੇਲਾ ? ਟੋਨੀ, ਟੋਨੀ, ਮੈਨੂੰ ਪਤਾ ਸੀ ਤੂੰ ਕਿਸੇ ਦਿਨ ਆਨੇ ਵਾਲੀ ਥਾਂ 'ਤੇ ਆ ਜਾਵੇਂਗਾ।

—ਬੇਲਾ, ਏਹ ਪਾਲ ਐ। ਤੈਨੂੰ ਯਾਦ ਹੋਵੇਗਾ ਮੈਂ ਤੈਨੂੰ ਪਾਲ ਬਾਰੇ ਦਸਿਆ ਸੀ।

—ਹਾਂ, ਮੈਨੂੰ ਯਾਦ ਏ। ਬੇਲਾ ਨੇ ਬਿਨਾਂ ਮੁਸਕਾਇਆਂ ਜਵਾਬ ਦਿੱਤਾ।

—ਤੇ ਕਿੰਨਾ ਕੁਝ ਯਾਦ ਐ ਮੈਨੂੰ ਏਸ ਥਾਂ ਬਾਰੇ। ਬੀਅਰ ਦਾ ਗਲਾਸ ਫੜੀ ਅਮ੍ਰੀਕਣ ਨੇ ਆਖਿਆ—ਮੈਂ ਟਰੱਕ ਵਿਚ ਕਿੰਨੇ ਸਾਰੇ ਬੰਦੇ ਏਥੇ ਲਿਆਂਦਾ ਸਾਂ। ਪਹਿਲਾਂ ਅਸੀਂ ਲੰਗਰ ਹਾਲ 'ਤੇ ਧਾਵਾ ਬੋਲ ਜਿੰਨਾ ਕੁਝ ਚੁਕਿਆ ਜਾ ਸਕਦਾ ਚੁੱਕ ਲਿਆਉਂਦੇ, ਫਿਰ ਫੀਸਟਾਂ ਉਡਾਂਦੇ—ਐਨ ਏਸੇ ਕਮਰੇ 'ਚ ਤੈਨੂੰ ਯਾਦ ਐ, ਟੋਨੀ ?

—ਮੈਨੂੰ ਯਾਦ ਏ। ਫਿਲਪੀਨੀ ਨੇ ਆਖਿਆ।

—ਉਦੋਂ ਮੈਂ ਸਿਰਫ ਸਟਾਫ਼ ਸਾਰਜੈਂਟ ਹੁੰਦਾ ਸਾਂ, ਅਮ੍ਰੀਕਣ ਨੇ ਗੱਲ ਜਾਰੀ ਰਖੀ, ਪਤਾ ਈ ਕਿਵੇਂ ਮੈਂ ਫ਼ੌਜੀ ਜ਼ਿੰਦਗੀ ਨੂੰ ਲਾਹਨਤਾਂ ਪਾਉਂਦਾ ਹੁੰਦਾ ਸਾਂ ? ਪਰ ਮੈਂ ਡਟਿਆ ਰਿਹਾ। ਮੈਨੂੰ ਕਮਿਸ਼ਨ ਮਿਲ ਗਿਆ ਤੇ ਹੁਣ ਮੈਂ ਮੁੜ ਏਥੇ ਆ ਗਿਆ ਹਾਂ। ਮੈਂ ਇੰਝ ਕਦੀ ਸੋਚਿਆ

ਵੀ ਨਹੀਂ ਸੀ । ਮੈਂ ਦਰਜਨਾਂ ਮੁਲਕਾਂ 'ਚ ਰਿਹਾ ਹਾਂ । ਪਰ ਖ਼ੂਬਸੂਰਤ ਫਿਲਪਾਇਨ ਵਰਗੀ ਗੱਲ ਕਿਥੇ ? ਹੁਣ ਮੈਂ ਫੌਜੀ ਅੱਡੇ 'ਚ ਆ ਗਿਆ । ਹਾਂ—ਅੱਡਾ,, ਫਿਲਪਾਇਨ ਵਿਚ ਇਕ ਨਿੱਕਾ ਅਮ੍ਰੀਕਾ ! ਅਮਨ ਦੀ ਫ਼ੌਜ ! ਕੰਮ ਸੌਖਾ ਏ । ਪਰ ਜੰਗ ਵੇਲੇ ਵਰਗੀਆਂ ਬਹਾਰਾਂ ਕਿਥੇ ?

ਉਹ ਬੀਅਰ ਦੀਆਂ ਚੁਸਕੀਆਂ ਲੈਂਦਾ ਰਿਹਾ ਅਤੇ ਗਲਾਸ ਦੇ ਕੰਢਿਆਂ ਉਤੋਂ ਦੀ ਫਿਲਪੀਨੀ ਨੂੰ ਘੂਰਦਾ ਰਿਹਾ ।

—ਤੇਰੀ ਭੈਣ ਕਿਥੇ ਐ, ਅਮ੍ਰੀਕਣ ਨੇ ਕਿਹਾ, ਨੀਤਾ ਕਿਥੇ ਐ ?

ਫਿਲਪੀਨੀ ਅਤੇ ਉਹਦੀ ਪਤਨੀ ਨੇ ਇਕ ਦੂਜੇ ਨਾਲ ਨਜ਼ਰਾਂ ਮਿਲਾਈਆਂ ।

—ਨੀਤਾ ਏਥੇ ਨੀ, ਫਿਲਪੀਨੀ ਨੇ ਕਿਹਾ, ਨੀਤਾ ਹੁਣ ਏਥੇ ਨੀ ਰਹਿੰਦੀ । ਉਹ...... ਮਨੀਲਾ ਰਹਿੰਦੀ ਐ ।

—ਅੱਛਾ ? ਬੜੀ ਮਾੜੀ ਗੱਲ ਐ, ਅਮ੍ਰੀਕਣ ਬੋਲਿਆ, ਮੈਂ ਨੀਤਾ ਨੂੰ ਜ਼ਰੂਰ ਮਿਲਣਾ ਚਾਹੁੰਨਾ । ਉਹਨੇ ਗਲਾਸ ਆਪਣੀਆਂ ਉਂਗਲਾਂ ਵਿਚ ਘੁੰਮਾਇਆ ਤੇ ਆਖਿਆ—ਮੇਰੇ ਖ਼ਿਆਲ 'ਚ ਹੁਣ ਤਾਂ ਉਹਦੀ ਸ਼ਾਦੀ ਵੀ ਹੋ ਗਈ ਹੋਵੇਗੀ ।

ਨਹੀਂ । ਫਿਲਪੀਨੀ ਨੇ ਉੱਤਰ ਦਿੱਤਾ—ਨਹੀਂ ਉਹਦੀ ਸ਼ਾਦੀ ਨਹੀਂ ਹੋਈ !

ਅਮ੍ਰੀਕਣ ਦਾ ਚਿਹਰਾ ਚਮਕ ਪਿਆ—ਤੁਸੀਂ ਉਹਦਾ ਪਤਾ ਦੱਸੋਗੇ ? ਮੈਂ ਜਲਦੀ ਹੀ ਮਨੀਲਾ ਜਾਣਾ ਹੈ ।

—ਉਹਦਾ ਪਤਾ ? ਫਿਲਪੀਨੀ ਬੋਲਿਆ, ਸਾਡੇ ਕੋਲ ਉਹਦਾ ਪਤਾ ਨਹੀਂ ਏ । ਨਹੀਂ ਨਾ,, ਬੇਲਾ ? ਉਹ ਕਿਤੇ ਹੋਰ ਚਲੀ ਗਈ ਏ ।

—ਚਲੀ ਗਈ ਐ ! ਅਮ੍ਰੀਕਣ ਨੇ ਘੂਰ ਕੇ ਦੋਹਾਂ ਵਲ ਵੇਖਿਆ...... ਇਹ ਬੜੀ ਮਾੜੀ ਗੱਲ ਐ । ਮੈਂ ਤਾਂ ਉਹਨੂੰ ਜ਼ਰੂਰ ਮਿਲਣਾ ਸੀ । ਬਾਕੀ ਦਾ ਗਲਾਸ ਉਹ ਗਟ ਗਟ ਕਰ ਕੇ ਪੀ ਗਿਆ ਤੇ ਫਿਰ ਗੰਭੀਰ ਹੋ ਕਹਿੰਦਾ ਗਿਆ—ਕੁਝ ਵੀ ਬਦਲਿਆ ਨੀ ਲਗਦਾ......ਪਰ ਸ਼ਾਇਦ ਲਗਦਾ ਵੀ ਐ । ਬੱਚਿਆਂ ਨੂੰ ਹੀ ਵੇਖੋ । ਹੁਣੇ ਹੁਣੇ ਮੈਂ ਦੋ ਬਚਿਆਂ ਨੂੰ ਬਾਹਰ ਮਿਲਿਆ ਸਾਂ । ਪਹਿਲਾਂ ਜਦੋਂ ਮੈਂ ਏਸ ਸ਼ਹਿਰ ਆਉਂਦਾ ਹੁੰਦਾ ਸੀ ਬੱਚੇ ਮੇਰੇ ਦੁਆਲੇ ਝੁਰਮਟ ਪਾ ਚੀਕਣ ਲਗ ਜਾਂਦੇ ਸਨ—ਚਿਯੂਇੰਗ ਗਮ, ਜੋ ! ਪਰ ਅੱਜ ਇਹਨਾਂ ਦੋ ਬੱਚਿਆਂ ਨੇ ਇਕ ਲਫ਼ਜ਼ ਤੱਕ ਨੀ ਬੋਲਿਆ । ਜਦੋਂ ਮੈਂ ਚਿਯੂਇੰਗ ਗਮ ਦਾ ਨਾਂ ਲਿਆ, ਉਹਨਾਂ ਮੇਰੀ ਗੱਲ ਤੱਕ ਨੀ ਸੁਣੀ । ਸਗੋਂ ਭੱਜ ਗਏ ।

—ਉਹ ਮੇਰੇ ਬੱਚੇ ਸਨ, ਫਿਲਪੀਨੀ ਨੇ ਆਖਿਆ, ਉਹਨਾਂ ਨੇ ਪਿਛਲੇ ਬੂਹੇ ਵਿਚੋਂ ਦੀ ਸਾਰੀ ਗੱਲ ਮੈਨੂੰ ਦੱਸ ਦਿਤੀ ਸੀ । ਮੈਂ ਆਪਣੇ ਬੱਚਿਆਂ ਨੂੰ ਸਿਖਾਇਆ ਹੈ ਕਿ ਕਦੀ ਵੀ ਕਿਸੇ ਅਮ੍ਰੀਕ......ਅਜਨਬੀ ਤੋਂ ਕੁਝ ਨਾ ਮੰਗਣਾ ।

—ਇੰਝ ਕਰਨਾ ਠੀਕ ਐ ? ਅਮ੍ਰੀਕਣ ਨੇ ਪੁਛਿਆ । ਫਿਰ ਉਹ ਇਕ ਦਮ ਚੁਪ ਹੋ ਗਿਆ । ਬਾਕੀ ਦੀ ਬੀਅਰ ਬੋਤਲ 'ਚੋਂ ਗਲਾਸ 'ਚ ਉਲਟਾਈ ਤੇ ਗੱਲ ਦਾ ਰੁਖ ਬਦਲਣ ਲਈ ਬੋਲਿਆ—ਟੋਨੀ, ਤੂੰ ਏਨੇ ਵਰ੍ਹੇ ਕੀ ਕਰਦਾ ਰਿਹਾ ?

ਫਿਲਪੀਨੀ ਉਠਿਆ ਅਤੇ ਕਮਰੇ 'ਚ ਫਿਰਨ ਲੱਗਿਆ । ਫਿਰ ਉਹ ਪਰਤਿਆ ਤੇ ਆਪਣੀ ਪਤਨੀ ਦੀ ਕੁਰਸੀ 'ਤੇ ਝੁਕ ਬੋਲਿਆ—ਮੈਂ ਏਨੇ ਵਰ੍ਹੇ ਕੀ ਕਰਦਾ ਰਿਹਾ ? ਚੰਗਾ ਹੁੰਦਾ ਜੇ ਤੂੰ

ਮੈਨੂੰ ਇਹ ਸਵਾਲ ਪੁਛਦਾ—ਟੋਨੀ, ਦੱਸ ਏਨੇ ਵਰ੍ਹੇ ਮੈਂ ਤੇਰੇ ਨਾਲ ਕੀ ਕਰਦਾ ਰਿਹਾ ?

ਅਮ੍ਰੀਕਣ ਨੇ ਉਹਦੇ ਵਲ ਘੂਰ ਕੇ ਤਕਿਆ ਅਤੇ ਬੋਲਿਆ—ਏਹ ਤੂੰ ਬੜੀ ਅਜੀਬ ਗੱਲ ਕੀਤੀ ਐ ! ਮੈਂ ਤੇਰਾ ਮਤਲਬ ਨੀ ਸਮਝਿਆ। ਮੈਂ ਤਾਂ ਤੇਰੇ ਨਾਲ ਕੋਈ ਬੁਰੀ ਨੀ ਕੀਤੀ।

—ਨਹੀਂ ਕੀਤੀ ? ਫ਼ਿਲਪੀਨੀ ਦੀ ਪਤਨੀ ਨੇ ਆਪਣੀ ਠੋਡੀ ਉਤਾਂਹ ਚੁਕਦਿਆਂ ਪੁਛਿਆ।

ਫਿਲਪੀਨੀ ਨੇ ਆਪਣੀ ਪਤਨੀ ਦੀ ਬਾਂਹ ਘੁੱਟ ਉਹਨੂੰ ਹੋਰ ਕੁਝ ਬੋਲਣ ਤੋਂ ਹੋੜਿਆ। ਫਿਰ ਗੱਲ ਦਾ ਰੁਖ ਬਦਲ ਕਹਿਣ ਲਗਿਆ—ਮੇਰਾ ਮਤਲਬ ਐ ਅਮ੍ਰੀਕਣ ਸਰਕਾਰ ! ਪਾਲ, ਸ਼ਾਇਦ ਤੈਨੂੰ ਯਾਦ ਨਹੀਂ ਸਾਡੀ ਇਕ ਚੌਲਾਂ ਦੀ ਮਿੱਲ ਹੁੰਦੀ ਸੀ। ਜਦੋਂ ਤੁਹਾਡੀ ਫੌਜ ਆਈ ਉਹਨੇ ਬੰਬਾਂ ਨਾਲ ਸਾਡੀ ਮਿੱਲ ਤਬਾਹ ਕਰ ਦਿੱਤੀ ਹਾਲਾਂਕਿ ਉਥੇ ਕੋਈ ਜਪਾਨੀ ਨਹੀਂ ਸੀ। ਫਿਰ ਵੀ ਬੰਬਾਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਅਸੀਂ ਬਿਲਕੁਲ ਨੰਗ ਹੋ ਗਏ। ਜਦੋਂ ਤੂੰ ਏਥੇ ਹੁੰਦਾ ਸੈਂ, ਤੈਨੂੰ ਪਤੈ, ਅਸੀਂ ਕਿੰਨੀ ਤੰਗੀ ਨਾਲ ਗੁਜ਼ਾਰਾ ਕਰਦੇ ਸਾਂ—ਸਿਰਫ਼ ਅਮ੍ਰੀਕਣ ਫੌਜੀਆਂ ਦੀ ਖ਼ੈਰਾਤ ਨਾਲ। ਪਰ ਉਦੋਂ ਇਕ ਆਸ ਸੀ ਕਿ ਏਸ ਨੁਕਸਾਨ ਦਾ ਇਵਜ਼ਾਨਾ ਸਾਨੂੰ ਜ਼ਰੂਰ ਮਿਲ ਜਾਵੇਗਾ। ਤੁਹਾਡੀ ਸਰਕਾਰ ਨੇ ਵਾਅਦਾ ਵੀ ਕੀਤਾ ਸੀ। ਪਰ ਆਖ਼ਰ ਸਾਨੂੰ ਕੀ ਮਿਲਿਆ ? ਬਹੁਤ ਹੀ ਥਹੁੜਾ। ਤੇ ਜਿਹੜਾ-ਥਹੁੜਾ-ਬਹੁਤਾ ਮਿਲਿਆ ਉਹ ਵਕੀਲਾਂ ਦੀਆਂ ਫੀਸਾਂ ਮੂੰਹ ਚਲਿਆ ਗਿਆ। ਇੰਝ ਸਿਰਫ਼ ਸਾਡੇ ਨਾਲ ਹੀ ਨਹੀਂ ਹੋਈ। ਸਾਡੇ ਵਰਗੇ ਹੋਰ ਵੀ ਬਥੇਰੇ ਨੇ। ਅਸੀਂ ਸਭ ਕੁਝ ਤੁਹਾਡੀ ਜੰਗ ਦੇ ਭੇਂਟ ਚੜ੍ਹਾ ਦਿਤਾ। ਪਰ ਹੁਣ ਸਾਨੂੰ, ਫਿਲਪੀਨੀਆਂ ਨੂੰ ਦੇਣ ਲਈ ਤੁਹਾਡੇ ਕੋਲ ਕੁਝ ਨਹੀਂ। ਸ਼ਾਇਦ ਸਭ ਕੁਝ ਉਸ ਫੌਜੀ ਅੱਡੇ ਲਈ ਚਾਹੀਦਾ ਹੈ—ਜਿਥੇ ਤੂੰ ਰਹਿੰਦਾ ਏਂ—ਜਿਥੇ ਤੇਰੇ ਕਹਿਣ ਅਨੁਸਾਰ ਜ਼ਿੰਦਗੀ ਬੜੀ ਸੌਖੀ ਹੈ।

—ਇਕ ਮਿੰਟ, ਟੋਨੀ, ਅਮ੍ਰੀਕਣ ਨੇ ਉਹਨੂੰ ਟੋਕਿਆ—ਇੰਝ ਮਹਿਸੂਸ ਕਰਨ ਵਿਚ ਤੇਰਾ ਕੋਈ ਬਹੁਤਾ ਕਸੂਰ ਨਹੀਂ। ਪਰ ਮੈਨੂੰ ਤਾਂ ਕਸੂਰਵਾਰ ਨਾ ਸਮਝ। ਜੇ ਮੇਰੇ ਵੱਸ ਹੋਵੇ ਤਾਂ ਜ਼ਰੂਰ ਤੇਰੀ ਸਹਾਇਤਾ ਕਰਾਂ। ਤੈਨੂੰ ਇਸ ਗੱਲ ਦਾ ਪਤਾ ਹੈ।

—ਤੂੰ ਪੁਛਿਆ ਸੀ ਮੈਂ ਕੀ ਕਰਦਾ ਹਾਂ, ਫਿਲਪੀਨੀ ਬੋਲਿਆ, ਘਰ ਦੇ ਨਾਲ ਤੂੰ ਔਹ ਸਟੋਰ ਵੇਖਿਆ ਸੀ—ਜਦੋਂ ਤੂੰ ਆਇਆ ਸੈਂ ? ਮੈਂ ਏਹ ਕੁਝ ਕਰਦਾ ਹਾਂ। ਬਿਸਕੁਟ ਤੇ ਗੋਲੀਆਂ ਵੇਚਦਾ ਹਾਂ।

—ਮੈਨੂੰ ਬੜਾ ਅਫ਼ਸੋਸ ਐ, ਟੋਨੀ, ਅਮ੍ਰੀਕਣ ਬੋਲਿਆ, ਮੇਰੇ ਲਾਇਕ ਕੋਈ ਸੇਵਾ ਦੱਸ। ਵੇਖ ! ਅੱਡੇ 'ਚ ਮੇਰੀ ਬਥੇਰੀ ਪਹੁੰਚ ਐ। ਮੈਂ ਚੀਜ਼ਾਂ ਦਾ ਟਰੱਕ ਲੱਦ ਕੇ ਤੈਨੂੰ ਲਿਆ ਦਿੰਦਾ ਹਾਂ। ਤੂੰ ਅਸਲੀ ਸਟੋਰ ਬਣਾ ਲੈ......

—ਨਹੀਂ ! ਫਿਲਪੀਨੀ ਨੇ ਹੱਥ ਉਤਾਂਹ ਚੁੱਕ ਤੇ ਆਪਣੀਆਂ ਅੱਖਾਂ ਬੰਦ ਕਰ ਅਮ੍ਰੀਕਣ ਅਫ਼ਸਰ ਦੀ ਗੱਲ ਟੁੱਕ ਘੱਤੀ।

—ਪਰ ਕਿਉਂ ? ਕੀ ਹਰਜ ਐ ਏਹਦੇ 'ਚ ? ਫੇਰ ਇੰਝ ਕਰਨ ਵਾਲਾ ਤੂੰ 'ਕੱਲਾ ਤਾਂ ਨੀ।

ਮੈਂ ਦਾਅਵੇ ਨਾਲ ਕਹਿ ਸਕਦਾਂ ਕਿ ਬਥੇਰਿਆਂ ਨੇ ਅਮ੍ਰੀਕਣ ਅੱਡੇ 'ਚੋਂ ਲੋਹੜੇ ਦੀ ਕਮਾਈ ਕੀਤੀ ਐ।

—ਮੈਨੂੰ ਇੰਝ ਸੁਣ ਕੇ ਹੈਰਾਨੀ ਨਹੀਂ ਹੋਈ, ਫਿਲਪੀਨੀ ਨੇ ਆਖਿਆ। ਕੁਰਸੀ ਦੀ ਪਿੱਠ 'ਤੇ ਟਿਕੇ ਉਹਦੇ ਹੱਥ ਚਿੱਟੇ ਹੋ ਗਏ।

—ਕਾਸ਼ ! ਤੇਰੀ ਭੈਣ ਨੀਤਾ ਏਥੇ ਹੁੰਦੀ। ਅਮ੍ਰੀਕਣ ਬੋਲਿਆ, ਨੀਤਾ ਨਾਲ ਹਮੇਸ਼ਾਂ ਹੀ ਕੰਮ ਦੀਆਂ ਗੱਲਾਂ ਹੁੰਦੀਆਂ ਸਨ।

—ਨੀਤਾ ! ਔਰਤ ਅਚਾਨਕ ਪਾਟ ਪਈ, ਨੀਤਾ ਬਾਰੇ ਕੋਈ ਗੱਲ ਨਾ ਕਰੀਂ।

ਫਿਲਪੀਨੀ ਨੇ ਆਪਣੀ ਪਤਨੀ ਦੀ ਬਾਂਹ ਫੜ ਉਹਨੂੰ ਹੋੜਨਾ ਚਾਹਿਆ ਪਰ ਉਹਨੇ ਆਪਣੇ ਪਤੀ ਦਾ ਹੱਥ ਝਟਕਦਿਆਂ ਕਹਿਣਾ ਸ਼ੁਰੂ ਕੀਤਾ—ਠੀਕ ਏ, ਜੇ ਤੂੰ ਏਹਨੂੰ ਨਹੀਂ ਦੱਸੇਂਗਾ ਤਾਂ ਮੈਂ ਦੱਸਾਂਗੀ.........ਆਪਣੇ ਸ਼ਬਦਾਂ ਦੀ ਸ਼ਿਦੱਤ ਨਾਲ ਉਸ ਅੱਧੀ ਝੁਕੀ ਹੋਈ ਨੇ ਅਮ੍ਰੀਕਣ ਨੂੰ ਸੰਬੋਧਨ ਕੀਤਾ—ਨੀਤਾ ਦੇ ਇਕ ਬੱਚਾ ਹੈ ! ਤਾਂ ਹੀ ਉਹ ਏਥੋਂ ਚਲੀ ਗਈ ਸੀ ! ਨੀਤਾ ਦੇ ਇਕ ਬੱਚਾ ਹੈ !

—ਬੱਚਾ ?

ਗਲਾਸ 'ਚੋਂ ਬੀਅਰ ਅਮ੍ਰੀਕਣ ਦੀ ਪੈਂਟ 'ਤੇ ਡੁਲ੍ਹ ਗਈ। ਉਹਨੇ ਗਲਾਸ ਕੁਝ ਜ਼ੋਰ ਨਾਲ ਮੇਜ਼ 'ਤੇ ਮਾਰਿਆ, ਕੁਰਸੀ ਦੀਆਂ ਬਾਹਾਂ ਫੜ ਅਗਾਂਹ ਵਲ ਝੁਕਦਿਆਂ ਬੋਲਿਆ—ਕੀ ਮਤਲਬ ?.........ਆਖਰ ਤੂੰ ਕਹਿਣਾ ਕੀ ਚਾਹੁੰਦੀ ਏਂ ?

—ਹਾਂ, ਔਰਤ ਬੋਲੀ, ਤੇਰਾ ਬੱਚਾ !

ਅਮ੍ਰੀਕਣ ਫਿਲਪੀਨੀ ਵਲ ਮੁੜਿਆ—ਟੋਨੀ ! ਤੂੰ ਤਾਂ ਮੈਨੂੰ ਬੇਵਕੂਫ ਨਹੀਂ ਬਣਾਏਂਗਾ। ਕੀ ਏਹ ਸੱਚ ਏ ?

—ਹਾਂ, ਏਹ ਸੱਚ ਏ। ਫਿਲਪੀਨੀ ਸਾਰੀ ਗੰਭੀਰਤਾ ਸਮੇਟੀ ਬੈਠਾ ਸੀ।

—ਪਰ ਮੈਨੂੰ ਤਾਂ ਏਹਦਾ ਉੱਕਾ ਹੀ ਪਤਾ ਨਹੀਂ ! ਨੀਤਾ ਨੇ ਮੈਨੂੰ ਦਸਿਆ ਤੱਕ ਨਹੀਂ।

—ਕਿਵੇਂ ਦਸਦੀ ਤੈਨੂੰ ? ਔਰਤ ਨੇ ਜ਼ੋਰ ਦੇ ਕੇ ਆਖਿਆ......ਉਹਨੂੰ ਕੀ ਪਤਾ ਸੀ ਤੂੰ ਕਿਥੇ ਏਂ......ਤੈਂ ਕੇਹੜਾ ਉਹਨੂੰ ਕਦੀ ਚਿੱਠੀ ਪਾਈ ਏ।

—ਮੈਨੂੰ ਪਹਿਲਾਂ ਸੂਚਿਤ ਕੀਤੇ ਬਿਨਾਂ ਬਾਹਰ ਭੇਜ ਦਿੱਤਾ ਸੀ। ਅਮ੍ਰੀਕਣ ਬੋਲਿਆ।

—ਪਰ ਤੂੰ ਖ਼ਤ ਤਾਂ ਪਾ ਸਕਦਾ ਸੈਂ। ਔਰਤ ਨੇ ਗੱਲ ਦੁਹਰਾਈ......ਤੇ ਹੁਣ ਤੂੰ ਮੁੜ ਆਇਆ ਏਂ ਅਤੇ ਹੁਣ ਉਥੋਂ ਮੁੜ ਸ਼ੁਰੂ ਕਰਨਾ ਚਾਹੁੰਦਾ ਏਂ ਜਿਥੇ ਛੱਡ ਕੇ ਗਿਆ ਸੈਂ, ਏਹੀ ਨਾ ?

—ਹੁਣ ਤੁਹਾਨੂੰ ਉਹਦਾ ਪਤਾ ਦੱਸਣਾ ਹੀ ਪਵੇਗਾ, ਅਮ੍ਰੀਕਣ ਨੇ ਆਖਿਆ, ਹੁਣ ਮੈਂ ਉਹ ਨੂੰ ਲੱਭ ਕੇ ਹੀ ਛੱਡਾਂਗਾ।

—ਮੈਂ ਇੰਝ ਨਹੀਂ ਕਰ ਸਕਦਾ। ਫਿਲਪੀਨੀ ਬੋਲਿਆ।

—ਅਸੀਂ ਕਦੀ ਇੰਝ ਨਹੀਂ ਕਰਾਂਗੇ। ਔਰਤ ਨੇ ਫ਼ੈਸਲਾਕੁਨ ਅਵਾਜ਼ 'ਚ ਆਖਿਆ।

—ਕੋਈ ਗੱਲ ਨੀ, ਮੈਂ ਆਪ ਉਹਨੂੰ ਲੱਭ ਲਵਾਂਗਾ। ਅਮ੍ਰੀਕਣ ਨੇ ਆਖਿਆ, ਮੈਂ ਕਿਸੇ ਨੂੰ

ਪੈਸੇ ਦੇ ਕੇ ਉਹਦਾ ਪਤਾ ਪੁੱਛ ਲਵਾਂਗਾ।

—ਉਹਨੂੰ ਉਹਦੇ ਹਾਲ 'ਤੇ ਹੀ ਛੱਡ ਦੇ । ਬਥੇਰੀ ਹੋ ਗਈ ਉਹਦੇ ਨਾਲ । ਔਰਤ ਬੋਲੀ ।

ਬਥੇਰੀ ਹੋ ਗਈ ? ਅਮ੍ਰੀਕਣ ਨੇ ਕਿਹਾ, ਉਹ ਤੰਗੀ 'ਚ ਹੋਵੇਗੀ। ਉਹਨੂੰ ਪੈਸਿਆਂ ਦੀ ਲੋੜ ਹੋਵੇਗੀ।

—ਪੈਸੇ ? ਫਿਲਪੀਨੀ ਬੋਲਿਆ, ਜੰਗੀ-ਹਰਜਾਨਾ ਦੇਣਾ ਚਾਹੁੰਦਾ ਏਂ ?

ਅਮ੍ਰੀਕਣ ਨੇ ਘੂਰਕੇ ਫਰਸ਼ ਵਲ ਤਕਿਆ। ਫਿਰ ਉਹਨੇ ਨਜ਼ਰਾਂ ਉਤਾਂਹ ਚੁਕੀਆਂ ਤੇ ਆਖਿਆ—ਜੇ ਤੁਸੀਂ ਮੇਰੀ ਦਲੇਰੀ ਦੀ ਦਾਦ ਨਹੀਂ ਦਿੰਦੇ ਨਾ ਦੇਵੋ......

ਫਿਲਪੀਨੀ ਚੁਪ-ਚਾਪ ਖਲੋਤਾ ਰਿਹਾ ਅਤੇ ਕੁਰਸੀ ਦੀ ਪਿੱਠ 'ਤੇ ਰਖੇ ਆਪਣੇ ਹੱਥ ਵਲ ਵੇਖਦਾ ਰਿਹਾ।

ਅਮ੍ਰੀਕਣ ਓਪਰਿਆਂ ਵਾਂਗ ਖਲੋ ਗਿਆ ਤੇ ਕਹਿਣ ਲਗਿਆ—ਵੇਖੋ ! ਬੱਚੇ ਲਈ ਵਧਣਾ ਫੁੱਲਣਾ ਬਹੁਤ ਜ਼ਰੂਰੀ ਐ, ਤੇ ਉਹਨੂੰ ਹਰ ਚੀਜ਼ ਦਾ ਪਤਾ ਵੀ ਲਗਣਾ ਚਾਹੀਦਾ ਹੈ। ਘੱਟੋ ਘੱਟ ਮੈਨੂੰ ਏਹ ਦੱਸ ਦੇਵੋ ਉਹ ਮੁੰਡਾ ਹੈ ਜਾਂ ਕੁੜੀ।

—ਏਹਦੇ ਨਾਲ ਕੀ ਫਰਕ ਪੈ ਜਾਵੇਗਾ। ਫਿਲਪੀਨੀ ਨੇ ਆਖਿਆ।

—ਮੈਂ ਉਹਦਾ ਬਾਪ ਹਾਂ। ਅਮ੍ਰੀਕਣ ਬੋਲਿਆ।

ਉਹ ਚੁਪ ਚਾਪ ਖਲੋਤੇ ਰਹੇ।

—ਕੀ ਤੁਸੀਂ ਨੀਤਾ ਨੂੰ ਦੱਸ ਦੇਵੋਗੇ ਕਿ ਮੈਂ ਏਥੇ ਆਇਆ ਸਾਂ ?

—ਕੀ ਫਾਇਦਾ ਹੈ ?

ਅਮ੍ਰੀਕਣ ਨੇ ਆਪਣੀ ਟੋਪੀ ਚੁੱਕੀ, ਉਹਨੂੰ ਆਪਣੀਆਂ ਉਂਗਲਾਂ 'ਚ ਮਰੋੜਦਿਆਂ ਬੋਲਿਆ —ਮੈਂ ਹੁਣ ਚਲਦਾ ਹਾਂ। ਯਕੀਨ ਕਰਨਾ, ਮੈਂ ਨਹੀਂ ਸਾਂ ਚਾਹੁੰਦਾ ਕਿ ਗੱਲ ਇੰਝ ਬਣ ਜਾਵੇ। ਮੈਂ ਠੀਕ ਕੰਮ ਕਰਨਾ ਚਾਹੁੰਦਾ ਸਾਂ।

ਫਿਲਪੀਨੀ ਤੇ ਉਹਦੀ ਪਤਨੀ ਦੋਵੇਂ ਚੁੱਪ ਰਹੇ। ਅਮ੍ਰੀਕਣ ਹੌਲੀ ਹੌਲੀ ਬੂਹੇ ਵਲ ਵਧਿਆ। ਫਿਰ ਮੁੜਿਆ ਤੇ ਕਹਿਣ ਲਗਿਆ—ਮੈਂ......ਅਲਵਿਦਾ !

ਉਹ ਬੂਹਾ ਲੰਘ, ਪੌੜੀਆਂ ਉਤਰਿਆ। ਪਹਿਲਾਂ ਹੌਲੀ ਹੌਲੀ ਅਤੇ ਫਿਰ ਤੇਜ਼ ਕਦਮ ਤੁਰਨ ਲਗ ਪਿਆ। ਜਦੋਂ ਉਹਨੇ ਖਿੜਕੀ ਖੋਲ੍ਹੀ ਤਾਂ ਚੀਂ ਚੀਂ ਦੀ ਵਾਜ ਕੁਝ ਜ਼ਿਆਦਾ ਹੀ ਆਈ। ਸਟੋਰ 'ਤੇ ਬੈਠੇ ਲੋਕਾਂ ਨੇ ਉਹਦੇ ਵਲ ਘੂਰ ਕੇ ਵੇਖਿਆ। ਉਹਨੇ ਜੀਪ ਸਟਾਰਟ ਕੀਤੀ ਤੇ ਇਕ ਦਮ ਘਰ ਦੇ ਸਾਹਮਣੇ ਵਾਪਸੀ ਮੋੜ ਕਟਿਆ।

ਪਲ ਪਲ ਤੇਜ਼ ਹੁੰਦੀ ਜਾਂਦੀ ਜੀਪ ਸੜਕ ਤੇ ਖੌਰੂ ਪਾਉਂਦੀ ਜਾ ਰਹੀ ਸੀ ਅਤੇ ਪਿਛੇ ਧੂੜ ਦੇ ਬੱਦਲ ਉਡਦੇ ਜਾ ਰਹੇ ਸਨ।

□

## ਇਕ ਕਵਿਤਾ

ਰਮਨ

ਉੱਡਦੀ ਉੱਡਦੀ ਸੁਣੀ ਹੈ ।
ਕਿ ਮੈਨੂੰ ਖੰਭ ਉੱਗ ਆਏ ਹਨ
ਕਿ ਮੈਂ ਕਾਲੇ ਅੰਬਰ ਨੂੰ ਉੱਡ ਜਾਵਾਂ
ਕਿ ਮੈਂ ਜ਼ਰਦ ਸੂਰਜ ਫੜ ਲਿਆਵਾਂ
ਤੇ ਲਿਆ ਕੇ ਧਰਤੀ 'ਤੇ ਬਰਸੀਮ ਦੇ ਖ਼ੇਤਿਆਂ 'ਚ ਬਦਲ ਦੇਵਾਂ
ਫੇਰ ਇਕ ਰੁੱਤ ਤੀਕ ਉਹਨੂੰ
ਸਾਡੇ ਕਿੱਲੇ ਬੱਧੇ ਡੰਗਰ ਪਸ਼ੂ ਚਰਦੇ ਰਹਿਣ ।

ਉੱਡਦੀ ਉੱਡਦੀ ਸੁਣੀ ਹੈ
ਕਿ ਹਰ ਘਰ ਕੋਈ ਨਾ ਕੋਈ ਹਾਕਮ ਜ਼ਰੂਰ ਹੁੰਦਾ ਹੈ
ਜੇਹੜਾ ਨਿਆਣਿਆਂ ਨੂੰ ਰਾਹ ਪਾਉਂਦਾ ਪਾਉਂਦਾ
ਰਾਹੋਂ ਬੇਰਾਹ—ਘਰੋਂ ਬੇਘਰ ਕਰ ਛੱਡਦਾ ਹੈ
ਘਰ ਬਨਾਉਣ ਦੀ ਖਾਹਸ਼ ਕਿਸੇ ਪਿਛਲੇ ਪੜਾਅ ਤੇ ਛੱਡਕੇ——

ਉਡਦੀ ਉਡਦੀ ਸੁਣੀ ਹੈ
ਕਿ ਮਹਾਰਾਜਾ ਜੇਹਲਮ 'ਚ ਡੁੱਬੀਆਂ ਤੋਪਾਂ ਕਢਵਾ ਕੇ
ਸ਼ਾਹ ਜ਼ਮਾਨ ਨੂੰ ਪੁਚਵਾ ਦੇਵੇਗਾ ।
ਕਿ ਮਹਿਬੂਬ ਕੁੜੀ ਦਾ ਬਾਬਲ ਵਰ ਢੂੰਡੇਗਾ,
ਤਾਂ ਆਖ਼ਰ ਆਪਣੀ ਹੀ ਬਰਾਦਰੀ 'ਚੋਂ ।
ਕਿ ਉਜੱੜੀਆਂ ਕਣਕਾਂ ਨੂੰ ਤੱਕ ਕੇ
ਕਿਸਾਨ ਬੇੜਾਂ ਵੱਟਣੀਆਂ ਛੱਡ ਦੇਣਗੇ
ਸਿਰੜੀ ਆਸ਼ਕ ਛੜੇ ਰਹਿ ਜਾਣਗੇ
ਸ਼ਾਇਦ ਮਾਪੇ ਸਿਸਕਦੇ ਮਰ ਜਾਣ
ਲਾਇਬਰੇਰੀਆਂ 'ਚ ਸੁੱਤੀ ਰਸਮ ਦੀ ਮੁਖ਼ਾਲਫ਼ਤ
ਸ਼ਾਇਦ ਵਿਧਵਾ ਹੀ ਰਹਿ ਜਾਵੇ
ਸ਼ਾਇਦ ਉਹ ਵੀ ਕਾਲੇ ਅੰਬਰ ਨੂੰ ਉੱਡ ਜਾਵੇ ।

ਉੱਡਦੀ ਉੱਡਦੀ ਸੁਣੀ ਹੈ.........
.........ਪਰ ਮੇਰਾ ਚਿੱਤ ਕਰਦਾ ਹੈ
ਉੱਡਦੀ ਉੱਡਦੀ ਦੇ ਗੁਲੇਲ ਮਾਰਾਂ
ਤੇ ਬੌਂਦਲਾ ਕੇ ਰੱਖ ਦਿਆਂ.........

[ਪਿੰਡ ਤੇ ਡਾਕਘਰ ਪੁੜੈਣ, ਜ਼ਿਲਾ ਲੁਧਿਆਣਾ]

# ਖੋਲ ਵਿਚਲਾ ਮਨੁੱਖ

ਅਤਰਜੀਤ

ਉਹ ਆਪਣੇ ਆਪ ਉਤੇ ਇਸ ਗੱਲੋਂ ਲਾਣ੍ਹਤਾਂ ਤੇ ਲਾਣ੍ਹਤਾਂ ਪਾ ਰਿਹਾ ਸੀ ਕਿ ਉਸ ਨੇ ਇਕ ਔਰਤ ਉਤੇ ਹੱਥ ਉਠਾਇਆ ਹੈ। ਭਾਵੇਂ ਕੁਝ ਵੀ ਸੀ। ਉਸ ਨੂੰ ਆਪਣੇ ਜ਼ਬਤ ਦਾ ਪੱਲੂ ਨਹੀਂ ਸੀ ਛੱਡਣਾ ਚਾਹੀਦਾ। ਉਹ ਆਪਣੇ ਵਿਚਾਰਾਂ ਰਾਹੀਂ ਇਸਤਰੀ ਮਰਦ ਦੇ ਪਵਿੱਤਰ ਹੱਕਾਂ ਦੀ ਤਰਜਮਾਨੀ ਕਰਨ ਦਾ ਦਾਅਵੇਦਾਰ ਅਖਵਾਉਂਦਾ ਸੀ ਪਰ ਅੱਜ ਉਹ ਕਮਰਾ ਛੱਡ ਕੇ ਜਾ ਰਿਹਾ ਸੀ। ਸਾਮਾਨ ਉਸ ਨੇ ਰਿਕਸ਼ੇ ਵਿਚ ਰਖਵਾਉਣਾ ਆਰੰਭ ਦਿਤਾ ਹੋਇਆ ਸੀ ਅਤੇ ਉਸ ਨੇ ਆਪਣੇ ਆਪ ਨੂੰ ਅਸਿਹ ਤਸੀਹਿਆਂ ਦੇ ਜਬ੍ਹਾੜੇ ਵਿਚ ਤੁੰਨਿਆ ਹੋਇਆ ਸੀ।

"ਕਾਸ਼ ਕਿ ਸ਼ੰਟੀ ਉਸ ਨੂੰ ਅੱਧ ਭੇੜੀ ਬਾਰੀ 'ਚੋਂ ਇਸ ਤਰ੍ਹਾਂ ਮੋਹ ਭਿੱਜੀਆਂ ਨਜ਼ਰਾਂ ਨਾਲ ਨਾ ਵੇਖਦੀ" - ਉਹ ਵਾਰ ਵਾਰ ਸੋਚਦਾ ਤੇ ਹਾਲਾਤ 'ਤੇ ਕ੍ਰਿਝ ਰਿਹਾ ਸੀ। ਸ਼ੰਟੀ ਨੇ ਉਸ ਨੂੰ ਬਾਰੀ 'ਚੋਂ ਲਲਚਾਈਆਂ ਨਜ਼ਰਾਂ ਨਾਲ ਤੱਕਿਆ ਸੀ ਅਤੇ ਰਤਾ ਕੁ ਮੁਸਕਰਾ ਕੇ ਬਾਰੀ ਬੰਦ ਕਰ ਲਈ ਸੀ ਤਾਂ ਮਦਨ ਦਾ ਆਪਾ ਹਿੱਲ ਗਿਆ ਸੀ। ਇਸ ਹਾਲਤ ਨੇ ਉਸ ਨੂੰ ਜਿਸ ਸਥਿਤੀ ਵਿਚ ਧੱਕਾ ਦਿਤਾ ਸੀ ਉਹ ਉਸ ਲਈ ਨਾ ਕਾਬਲੇ ਬਰਦਾਸ਼ਤ ਸੀ।

ਕੁਝ ਹੀ ਦਿਨਾਂ ਮਗਰੋਂ ਜਦ ਸ਼ੰਟੀ ਉਸ ਦੇ ਕਮਰੇ 'ਚੋਂ ਬਾਲਟੀ ਲੈਣ ਆਈ ਤਾਂ ਮਦਨ ਬਾਲਟੀ ਤੋਂ ਥੋੜ੍ਹੀ ਦੂਰ ਖੜਾ ਬਿਸਤਰੇ ਵਿਚ ਵੜਨ ਦਾ ਇਰਾਦਾ ਕਰ ਰਿਹਾ ਸੀ। ਕੋਲ ਆਈ ਸ਼ੰਟੀ ਦਾ ਹੱਥ ਉਸ ਨੇ ਆਪਣੇ ਦੂਹਾਂ ਹੱਥਾਂ ਵਿਚ ਘੁੱਟ ਲਿਆ। ਉਹ ਉਸ ਦੇ ਹੱਥ ਨੂੰ ਆਪਣੇ ਪਥਰਾਏ ਹੋਠਾਂ ਨਾਲ ਛੁਹਾਉਣ ਹੀ ਵਾਲਾ ਸੀ ਕਿ ਸ਼ੰਟੀ ਨੇ ਇਕ ਝਟਕੇ ਨਾਲ ਹੱਥ ਉਸ ਤੋਂ ਖੋਹ ਲਿਆ ਅਤੇ ਬਾਲਟੀ ਲੈ ਕੇ ਬਾਹਰ ਨਿਕਲ ਗਈ।

ਲੰਮੇ ਸਮੇਂ ਤੋਂ ਬੀਮਾਰੀ ਵਾਲੇ ਬਿਸਤਰੇ ਵਿਚ ਲੇਟਿਆ ਉਹ ਹਫਿਆ ਹੋਇਆ ਸੀ— ਸਾਹੋ ਸਾਹ ਕੰਬਦਾ। ਉਸ ਨੇ ਆਪਣੀ ਇਸ ਹਰਕਤ ਨੂੰ ਉੱਕਾ ਮਹਿਸੂਸਿਆ ਨਹੀਂ ਸੀ ਕਿ ਇਹ ਘਟੀਆ ਜਾਂ ਘਿਨਾਉਣੀ ਸੀ, ਜਾਂ ਉਸ ਲਈ ਖੁਸ਼ੀ ਤੇ ਖੇੜਾ ਲਿਆ ਸਕਦੀ ਸੀ—ਅਨੰਦਮਈ ਖੁਸ਼ੀ ਦਾ ਸੋਮਾ। ਉਸ ਦਾ ਜੀਅ ਚਾਹ ਰਿਹਾ ਸੀ ਕਿ ਸ਼ੰਟੀ ਬਾਲਟੀ ਰੱਖਣ ਆਵੇ ਤੇ ਉਹ ਉਸ ਦੇ ਹੱਥਾਂ ਨੂੰ ਚੁੰਮ ਲਵੇ – ਘੁੱਟ ਕੇ ਆਪਣੀਆਂ ਬਾਹਾਂ ਵਿਚ ਨਪੀੜ ਲਵੇ। ਉਹ ਮੁੜ ਉਸ ਦੇ ਕਮਰੇ ਵਿਚ ਨਾ ਆਈ। ਬਾਲਟੀ ਹੁਣ ਵੀ ਬਾਹਰ ਪਈ ਸੀ ਤੇ ਮਦਨ ਨੂੰ ਸ਼ੰਟੀ ਮੰਜੀ ਉਤੇ ਡਿੱਗੀ ਹੋਈ ਹੌਂਕਦੀ ਮਹਿਸੂਸ ਹੋ ਰਹੀ ਸੀ—ਜਿਵੇਂ ਉਸ ਨੂੰ ਪੰਜ ਭੱਠ ਤਾਪ ਚੜ੍ਹਿਆ ਹੋਵੇ।

ਮਦਨ ਨੂੰ ਵੀ ਚੈਨ ਨਹੀਂ ਸੀ ਆ ਰਹੀ। ਉਸ ਨੇ ਬਾਹਰ ਆ ਕੇ ਵੇਖਿਆ ਤਾਂ ਸ਼ੰਟੀ ਸੱਚ ਮੁੱਚ ਲੰਮੇ ਸਾਹ ਭਰ ਰਹੀ ਸੀ। ਹਰ ਸਾਹ ਨਾਲ ਉਸਦੀਆਂ ਗੋਲ ਤੇ ਪੀਡੀਆਂ ਛਾਤੀਆਂ ਹੋਰ ਹੋਰ ਉਭਰ ਆਉਂਦੀਆਂ ਸਨ। ਮਦਨ ਨੂੰ ਉਸਦਾ ਚਿਹਰਾ ਪੀਲਾ ਜ਼ਰਦ ਜਾਪਿਆ ਪਰ ਇਸ ਰੂਪ ਵਿਚ

ਵੀ ਉਹ ਡਾਢੀ ਪਿਆਰੀ ਲਗਦੀ ਸੀ। ਉਸ ਦੇ ਅਣ-ਸੰਵਾਰੇ ਵਾਲ ਉਸ ਦੇ ਚਿਹਰੇ ਦੁਆਲੇ ਅਵਾਰਾ ਮੰਡਲਾ ਰਹੇ ਸਨ ਜੋ ਉਸ ਦੇ ਬੂਟੀਆਂ ਵਾਲੇ ਜੰਪਰ ਨਾਲ ਮਿਲ ਕੇ ਉਸਦੀਆਂ ਗੋਰੀਆਂ ਗੱਲ੍ਹਾਂ ਅਤੇ ਤਿਖੀਆਂ ਅੱਖਾਂ ਉਤੇ ਹੋਰ ਚਮਕ ਅਤੇ ਸੁਹੱਪਣ ਪੋਚ ਰਹੇ ਸਨ । ਸ਼ੰਟੀ ਅੱਖ ਝਮਕਣ ਜਿੰਨਾ ਸਮਾਂ ਹੀ ਉਸ ਵੱਲ ਝਾਕ ਸਕੀ ਤੇ ਉਸ ਨੇ ਮੂੰਹ ਦੂਜੇ ਪਾਸੇ ਭੁਆ ਲਿਆ ! ਮਦਨ ਨੂੰ ਉਸ ਦੀ ਇਸ ਹਰਕਤ ਵਿਚ ਛੁਪੇ ਡੂੰਘੇ ਭਾਵਾਂ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਇਹ ਭਾਵ ਨਫ਼ਰਤ ਦੇ ਸਨ ਜਾਂ ਸ਼ਰਮ ਦੇ, ਜੋ ਮੁਹੱਬਤ ਦਾ ਹੁੰਗਾਰਾ ਹੁੰਦੀ ਹੈ। ਉਹ ਸਾਹ-ਸਤ ਹੀਣ ਜੇਹਾ ਮੁੜ ਬਿਸਤਰੇ ਵਿਚ ਆ ਡਿਗਿਆ।

ਉਸ ਦੀ ਵੱਖੀ ਵਿਚ ਫੇਰ ਦਰਦ ਉਠਿਆ ਜਿਸ ਦੀ ਪੀੜ ਵਧਦੀ ਵਧਦੀ ਕੜ ਵੱਲ ਤਕ ਅੱਪੜ ਗਈ। ਉਸ ਨੇ ਜੀਭ ਦੰਦਾਂ ਵਿਚ ਘੁੱਟ ਕੇ 'ਉਫ਼' ਕਹੀ। ਤਕਰੀਬਨ ਸਾਲ ਭਰ ਦੀ ਲੰਮੀ ਬਿਮਾਰੀ ਮਗਰੋਂ ਮਦਨ ਦੀ ਹਾਲਤ ਨੇ ਹੁਣੇ ਕੁਝ ਦਿਨ ਹੋਏ ਮੋੜ ਕੱਟਿਆ ਸੀ ਤੇ ਉਸਨੂੰ ਜੀਵਨ ਦੀ ਆਸ ਦੀ ਕਿਰਨ ਵਿਖਾਈ ਦਿਤੀ ਸੀ।

ਇਲਾਜ ਕਰਾਉਣ ਲਈ ਹੀ ਉਹ ਛੇ ਸੱਤ ਮਹੀਨਿਆਂ ਤੋਂ ਇਸ ਸ਼ਹਿਰ ਵਿਚ ਰਹਿ ਰਿਹਾ ਸੀ। ਢੂੰਡ ਢਾਂਡ ਕੇ ਉਸ ਨੂੰ ਪੰਜਾਹ ਰੁਪਏ ਮਹੀਨਾ ਕਿਰਾਏ 'ਤੇ ਇਹ ਬੈਠਕ ਮਿਲੀ ਸੀ ਗਲੀ ਦੇ ਉਪਰ। ਅਗਲੇ ਕਮਰੇ ਵਿਚ ਹੋਰ ਕਿਰਾਏਦਾਰ ਰਹਿੰਦੇ ਸਨ ਤੇ ਮਾਲਕ ਮਕਾਨ ਆਪਣੇ ਦੂਜੇ ਮਕਾਨ ਵਿਚ ਰਹਿੰਦੇ ਸਨ। ਪਹਿਲੇ ਦੋ ਮਹੀਨੇ ਉਸ ਦੀ ਭੈਣ ਉਸ ਕੋਲ ਰਹੀ ਸੀ ਮਗਰਲੇ ਤਿੰਨ ਮਹੀਨੇ ਉਸ ਦੀ ਮਾਂ। ਹੁਣ ਘਰ ਦੀਆਂ ਮਜਬੂਰੀਆਂ ਸਦਕਾ ਮਾਂ ਚਲੀ ਗਈ ਸੀ । ਦੋ ਮਹੀਨਿਆਂ ਤੋਂ ਉਹ ਇਕੱਲਾ ਰਹਿ ਰਿਹਾ ਸੀ। ਦੂਜੇ ਕਿਰਾਏਦਾਰਾਂ ਦੀਆਂ ਮਿਹਰਬਾਨੀਆਂ ਸਦਕਾ ਹੀ ਉਹ ਆਪਣੇ ਦੁੱਖ ਅਤੇ ਉਦਰੇਵੇਂ ਭਰਪੂਰ ਦਿਨਾਂ ਨੂੰ ਬਿਨਾਂ ਕਿਸੇ ਅਫ਼ਸੋਸ ਦੇ ਗੁਜ਼ਾਰ ਰਿਹਾ ਸੀ। ਮਾਂ ਨੂੰ ਦੋ ਮਹੀਨੇ ਹੋ ਗਏ ਸਨ ਉਹ ਤਿੰਨ ਚਾਰ ਖ਼ਤ ਪਾ ਚੁੱਕਾ ਸੀ ਪਰ ਪਿੰਡੋਂ ਕੋਈ ਜਵਾਬ ਉਸ ਨੂੰ ਨਹੀਂ ਸੀ ਮਿਲਿਆ । ਹੁਣ ਉਹ ਇਕੱਲਾ ਰਹਿ ਰਿਹਾ ਸੀ। ਸ਼ਾਇਦ ਉਹ ਹੋਰ ਨਾ ਰਹਿ ਸਕਦਾ ਜਾਂ ਸ਼ਾਇਦ ਹੋਰ ਜਿੰਦਾ ਹੀ ਨਾ ਰਹਿ ਸਕਦਾ ਜੇਕਰ ਘਰ ਵਾਲਿਆਂ ਦਾ ਮਿਹਰਬਾਨ ਹੱਥ ਉਸ ਵੱਲ ਨਾ ਵਧਿਆ ਹੁੰਦਾ। ਉਸ ਨੂੰ ਇਕ ਸਹਾਰਾ ਹੀ ਤਾਂ ਮਿਲ ਪਿਆ ਸੀ।

ਕਾਲੇ ਸੰਘਣੇ ਵਾਲਾਂ ਵਾਲਾ ਦਰਮਿਆਨੇ ਕੱਦ ਦਾ ਦੇਵ ਜੋ ਕਿਸੇ ਦਫ਼ਤਰ ਵਿਚ ਕਲਰਕ ਸੀ, ਉਸ ਦੇ ਕਮਰੇ ਵਿਚ ਆਇਆ ਸੀ ਤੇ ਮਾਂ ਨੂੰ ਬੋਲਿਆਂ ਸੀ, "ਮਾਂ ਜੀ ਤੁਸੀਂ ਫਿਕਰ ਨਾ ਕਰੋ, ਅਸੀਂ ਭਾ ਜੀ ਦਾ ਪੂਰਾ ਪੂਰਾ ਖ਼ਿਆਲ ਰੱਖਾਂਗੇ। ਦੁਆਈ ਬੂਟੀ ਲਿਆ ਕੇ ਦਿੰਦੇ ਰਹਾਂਗੇ ਤੇ ਹੋਰ ਕਿਸੇ ਕਿਸਮ ਦੀ ਔਖ ਨਹੀਂ ਹੋਣ ਦਿਆਂਗੇ।" ਮਾਂ ਨਿਸ਼ਚਿੰਤ ਹੋ ਕੇ, ਜਾਂ ਫ਼ਿਕਰ ਨੂੰ ਸੀਨੇ ਵਿਚ ਹੀ ਸਾਂਭ ਕੇ ਚਲੀ ਗਈ ਸੀ।

ਭਾਵੇਂ ਦੇਵ ਤੇ ਉਸ ਦੇ ਪਰਿਵਾਰ ਨੇ ਉਸ ਨੂੰ ਕੋਈ ਔਖ ਜਾਂ ਘਾਟ ਮਹਿਸੂਸ ਨਾ ਹੋਣ ਦਿਤੀ, ਫਿਰ ਵੀ ਮਦਨ ਦੇ ਅੰਦਰ ਗੁੱਝੀ ਗੁੱਝੀ ਖੋਹ ਜੇਹੀ ਪੈਣੋ ਨਾ ਹਟੀ। ਕਈ ਵਾਰ ਉਸਨੂੰ ਅਤਿ ਦੀ ਉਦਾਸੀ ਘੇਰ ਲੈਂਦੀ।

ਉਸ ਨੇ ਮਾਂ ਨੂੰ ਖ਼ਤ ਵਿਚ ਲਿਖਿਆ : 'ਦੇਵ ਬੜਾ ਹੀ ਬੀਬਾ ਹੈ, ਉਸ ਦੀ ਪਤਨੀ ਕੁੰਤੀ ਨਿਰੀ ਦੇਵੀ ਹੈ। ਹਰ ਰੋਜ਼ ਸਵੇਰੇ ਉਸ ਨੂੰ ਵਕਤ ਸਿਰ ਚਾਹ ਦੇ ਜਾਂਦੀ ਹੈ। ਨਹਾਉਣ ਲਈ

ਗਰਮ ਪਾਣੀ ਕਮਰੇ ਵਿਚ ਹੀ ਮਿਲ ਜਾਂਦਾ ਹੈ ਤੇ ਕੱਪੜੇ ਵੀ ਉਸ ਨੂੰ ਧੁਲੇ-ਧੁਲਾਏ ਮਿਲ ਜਾਂਦੇ ਹਨ।" ਉਸ ਨੇ ਅੱਗੇ ਲਿਖਿਆ ਸੀ ਕਿ ਭਾਰਤੀ ਸਭਿਆਚਾਰ ਵਿਚ ਜਿਨ੍ਹਾਂ ਦੇਵੀਆਂ ਦਾ ਜ਼ਿਕਰ ਆਉਂਦਾ ਹੈ ਉਹ ਕੁੰਤੀ ਤੋਂ ਕਿਸੇ ਸੂਰਤ ਵਿਚ ਵੀ ਵੱਖ ਨਹੀਂ ਹੋਣਗੀਆਂ। ਉਨ੍ਹਾਂ ਦਾ ਰੂਪ ਮੈਨੂੰ ਕੁੰਤੀ 'ਚੋਂ ਲੱਭਦਾ ਹੈ।

ਜਦ ਕੁੰਤੀ ਉਸ ਨੂੰ ਚਾਹ ਜਾਂ ਰੋਟੀ ਫੜਾਉਣ ਲਈ ਉਸ ਦੇ ਕਮਰੇ ਵਿਚ ਆਉਂਦੀ ਤਾਂ ਉਸ ਦਾ ਜੀਅ ਕਰਦਾ ਕਿ ਉਹ ਉਸ ਨੂੰ ਪਲ ਭਰ ਲਈ ਆਪਣੇ ਕੋਲ ਬੈਠ ਜਾਣ ਲਈ ਆਖੇ। ਕੁੰਤੀ ਉਸ ਦੇ ਸਾਮ੍ਹਣੇ ਬੈਠ ਜਾਵੇ ਤੇ ਉਹ ਉਸ ਨੂੰ ਜੀਅ ਭਰ ਕੇ ਅਨੰਤ ਸ਼ਰਧਾ ਨਾਲ ਤਕਦਾ ਰਹੇ। ਅਜੇਹਾ ਉਹ ਇਕ ਵਾਰ ਵੀ ਨਾ ਆਖ ਸਕਿਆ। ਫਿਰ ਵੀ ਜਦ ਕੁੰਤੀ ਉਸਦੇ ਸਾਮ੍ਹਣਿਓਂ ਗੁਜ਼ਰਦੀ, ਉਹ ਉਸਨੂੰ ਤਕਦਾ ਰਹਿੰਦਾ। ਉਸ ਦੀਆਂ ਕਮਜ਼ੋਰ ਅਤੇ ਅੰਦਰ ਧਸੀਆਂ ਪੀਲੀਆਂ ਅੱਖਾਂ ਨੂੰ ਕੁਝ ਠੰਡਕ ਅਤੇ ਤਰਾਵਤ ਮਿਲਦੀ। ਉਸ ਦੇ ਬੁਲ੍ਹਾਂ ਉਤੇ ਕੁੰਤੀ ਦੇਵੀ ਸ਼ਬਦ ਫੈਲ ਜਾਂਦੇ ਜਿਸ ਕਰ ਕੇ ਉਸ ਦੇ ਬੀਮਾਰ ਚਿਹਰੇ 'ਤੇ ਰੌਣਕ ਆ ਜਾਂਦੀ। ਆਪਣਾ ਪਤਾ ਲੈਣ ਆਇਆਂ ਨੂੰ ਵੀ ਉਹ ਕੁੰਤੀ ਦੀਆਂ ਸਿਫਤਾਂ ਦਸਦਾ ਥਕਦਾ ਨਾ।

ਬੀਮਾਰ ਤਾਂ ਉਹ ਕਈ ਸਾਲ ਤੋਂ ਸੀ ਪਰ ਹੁਣ ਛੇ ਸੱਤ ਮਹੀਨਿਆਂ ਤੋਂ ਤਾਂ ਉਹ ਉਠਣ ਬੈਠਣ ਦੇ ਯੋਗ ਵੀ ਨਹੀਂ ਸੀ ਰਿਹਾ। ਛੇ ਮਹੀਨਿਆਂ ਤੋਂ ਉਸਦਾ ਇਕ ਪਾਸਾ ਹੀ ਸੁੰਨ ਹੋਣ ਲੱਗ ਪਿਆ ਸੀ। ਰੀੜ੍ਹ ਦੀ ਹੱਡੀ ਦੀ ਬਿਮਾਰੀ ਨੇ ਹੁਣ ਉਸ ਦੇ ਫਿਫੜਿਆਂ 'ਤੇ ਵੀ ਅਸਰ ਕਰਨਾ ਸ਼ੁਰੂ ਕਰ ਦਿਤਾ ਹੋਇਆ ਸੀ। ਐਲੋਪੈਥੀ ਦੇ ਸਾਰੇ ਡਾਕਟਰਾਂ ਦੇ ਰਵਈਏ ਤੋਂ ਉਸ ਦੀ ਜੀਵਨ ਆਸ ਦੀ ਢੇਰੀ ਢਹਿ ਗਈ ਸੀ। ਹੋਮਿਓਪੈਥੀ ਦੇ ਆਖਰੀ ਯਕੀਨ ਕਰ ਕੇ ਹੀ ਉਹ ਇਥੇ ਟਿਕਿਆ ਹੋਇਆ ਸੀ। ਸਰੀਰ ਨੂੰ ਪੇਟੀਆਂ ਵਿਚ ਕਸ ਕੇ ਉਹ ਬਿਸਤਰੇ 'ਚੋਂ ਉਠ ਪੈਂਦਾ ਤੇ ਹੁਣ ਉਸ ਦੀ ਹਾਲਤ ਵਿਚ ਪਏ ਰਤੀ ਮਾਸਾ ਮੋੜ ਦੇ ਸੁਖਾਵੇਂ ਅਹਿਸਾਸ ਸਦਕਾ ਹੀ ਉਹ ਇਸ ਥਾਂ ਰਹੀ ਜਾਣ ਦੀ ਮਜਬੂਰੀ ਨੂੰ ਸਹਿ ਰਿਹਾ ਸੀ।

ਸੰਕਟ ਭਰੇ ਇਨ੍ਹਾਂ ਛੇ ਮਹੀਨਿਆਂ ਦਾ ਵਲੂੰਧਰਨ ਵਾਲਾ ਅਨੁਭਵ ਉਸ ਨੂੰ ਹਮੇਸ਼ਾ ਨਿਰਾਸ਼ਾ ਦੇ ਸੜਿਆਂਦ ਮਾਰੇ ਚਿੱਕੜ ਵਿਚ ਡੋਬੀ ਰਖਦਾ ਰਿਹਾ ਸੀ। ਉਹ ਉਸ ਜ਼ਿੰਦਗੀ ਤੋਂ ਉਚਾਟ ਹੋ ਚੁੱਕਾ ਸੀ। ਜ਼ਿੰਦਗੀ ਦਾ ਸਾਰਾ ਸੁਹਜ ਉਸ ਲਈ ਨਿਰਾਸ਼ਾ ਵਿਚ ਡੁਬ ਗਿਆ ਲਗਦਾ ਸੀ। ਉਹ ਇਕ ਵਾਰ ਨਹੀਂ ਕਈ ਵਾਰ ਸੋਚ ਚੁੱਕਾ ਸੀ ਕਿ ਜੇਕਰ ਉਹ ਰਾਜ਼ੀ ਨਾ ਹੋਇਆ ਤਾਂ ਰੀਂਗ ਰੀਂਗ ਕੇ ਮਰਨ ਨਾਲੋਂ ਕਿਸੇ ਦਿਨ ਦਸ ਪੰਦਰਾਂ ਕੰਪੋਜ਼ ਦੀਆਂ ਗੋਲੀਆਂ ਖਾ ਕੇ ਸੌਂ ਜਾਵੇਗਾ ਤੇ ਮੁੜ ਕਦੀ ਨਹੀਂ ਜਾਗੇਗਾ। ਇਹੋ ਜੇਹੀ ਹਾਲਤ ਵਿਚ ਉਹ ਵਾਧੂ ਬੋਝ ਬਣ ਕੇ ਜੀਣ ਨੂੰ ਤਰਜੀਹ ਦੇਣ ਲਈ ਤਿਆਰ ਨਹੀਂ ਸੀ।

ਉਸ ਦੇ ਅੰਗਾਂ ਵਿਚ ਤਿੱਖੀ ਚੇਤਨਾ ਦੇ ਸੁਰਜੀਤ ਹੋ ਜਾਣ ਅਤੇ ਦੇਵ ਦੇ ਪਰਿਵਾਰ ਦੇ ਸੁਹਿਰਦ ਹੱਥਾਂ ਦਾ ਸਹਾਰਾ ਮਿਲ ਜਾਣ ਨਾਲ ਉਹ ਮੁੜ ਜੀਵਨ ਦੀ ਤੀਬਰ ਲੋਚਾ ਕਰਨ ਲੱਗ ਪਿਆ। ਕੰਪੋਜ਼ ਦੀਆਂ ਗੋਲੀਆਂ ਨਾਲ ਤਾਂ ਹੋਣੀ ਹੀ ਸੀ—ਉਸ ਨੂੰ ਕੁਝ ਚਿਰ ਪਹਿਲਾਂ ਸੋਚੇ ਖਿਆਲ ਨਾਲ ਹੀ ਈਰਖਾ ਹੋਣ ਲੱਗ ਪਈ।

ਨੀਂਦ ਲਿਆਣ ਲਈ ਉਸ ਨੂੰ ਗੜੀ ਗੋਲੀ ਦੀ ਜ਼ਰੂਰਤ ਨਹੀਂ ਸੀ, ਸਗੋਂ ਜਦ ਉਹ ਗਈ ਰਾਤ ਤੱਕ ਜਾਗ ਰਿਹਾ ਹੁੰਦਾ ਤਾਂ ਦੇਵ ਤੇ ਕੁੰਤੀ ਦੀਆਂ ਮਿਹਰਬਾਨੀਆਂ ਉਸ ਨੂੰ ਥਾਪੜ-

ਦੀਆਂ ਰਹਿੰਦੀਆਂ ਤੇ ਉਸ ਨੂੰ ਪਤਾ ਤਕ ਨਾ ਲਗਦਾ ਕਿ ਕਿਹੜੇ ਵੇਲੇ ਮਿੱਠੀ ਮਿੱਠੀ ਨੀਂਦ ਕਲਾਵੇ ਵਿਚ ਲੈ ਲੈਂਦੀ ।

ਸੁਪਨੇ ਵਿਚ ਉਹ ਕਈ ਵਾਰ ਕੁੰਤੀ ਦਾ ਸ਼ੁਕਰਾਨਾ ਅਦਾ ਕਰ ਚੁੱਕਾ ਸੀ । ਕਈ ਵਾਰ ਸੁਪਨੇ ਵਿਚ ਹੀ ਉਸਨੇ ਕੁੰਤੀ ਦੇ ਵਾਲਾਂ ਵਿਚ ਆਪਣੀਆਂ ਗੰਦਲ ਲੰਮੀਆਂ ਉਂਗਲਾਂ ਫੇਰ ਕੇ ਕਿਹਾ ਸੀ ! "ਕੁੰਤੀ ਤੂੰ ਕਿੰਨੀ ਵਧੀਆ ਕੁੜੀ ਏਂ......ਮੇਰੀ ਦੇਵੀ.........ਕਾਸ਼ ਤੂੰ ਮੇਰੀ ਭੈਣ ਹੁੰਦੀ ।" ਦਿਨੇ ਜਦ ਉਹ ਜਾਗਦਾ ਹੁੰਦਾ, ਉਹ ਇਹੋ ਰੀਝ ਪੂਰੀ ਕਰਨ ਲਈ ਸਧਰਾ ਜਾਂਦਾ । ਕੁੰਤੀ ਉਸ ਨੂੰ ਚਾਹ ਜਾਂ ਰੋਟੀ ਦੇ ਕੇ ਬਿੰਦ ਕੁ ਰੁਕਦੀ ਤੇ ਮੁੜ ਜਾਂਦੀ । ਮਦਨ ਦਾ ਜੀਅ ਕਰਦਾ ਕਿ ਉਹ ਉਸ ਨੂੰ ਬੈਠਣ ਲਈ ਆਖੇ ਪਰ ਹਰ ਵਾਰ ਇਕ ਝਿਜਕ ਉਸ ਦੇ ਬੁੱਲ੍ਹ ਘੁੱਟ ਲੈਂਦੀ ।

ਤਕਰੀਬਨ ਦਸ ਦਿਨਾਂ ਤੋਂ ਕੁੰਤੀ ਪੇਕੇ ਗਈ ਹੋਈ ਸੀ । ਮਦਨ ਥੋੜਾ ਬਹੁਤ ਉਠਣ ਲੱਗ ਪਿਆ ਸੀ ਤੇ ਹੌਲੀ ਹੌਲੀ ਬਿਨਾਂ ਬੈਲਟ ਦੇ ਸਹਾਰੇ ਦੇ ਸੌ ਪੰਜਾਹ ਗਜ਼ ਤੁਰ ਸਕਦਾ ਸੀ । ਵੇਲੇ ਕੁਵੇਲੇ ਸਟੋਵ ਬਾਲ ਕੇ ਚਾਹ ਵੀ ਬਣਾ ਸਕਦਾ ਸੀ । ਦੇਵ ਸਵੇਰੇ ਹੀ ਉਸ ਲਈ ਰੋਟੀ ਬਣਾ ਕੇ ਜਾਂਦਾ, ਸਵੇਰ ਦੀ ਚਾਹ ਪਿਆ ਜਾਂਦਾ । ਦੇਵ ਦੇ ਦਫ਼ਤਰ ਚਲੇ ਜਾਣ ਤੋਂ ਬਾਅਦ, ਮੌਤ ਵਰਗੀ ਇਕੱਲ ਮਦਨ ਤੋਂ ਬਰਦਾਸ਼ਤ ਨਾ ਹੁੰਦੀ । ਖਾਸ ਕਰ ਕੇ ਕੁੰਤੀ ਦੀ ਅਣਹੋਂਦ ਉਸ ਨੂੰ ਬਿਸਤਰੇ ਵਿਚ ਸਿਲਤ ਵਾਂਗ ਚੁਭਦੀ ਸੀ ।

ਤੀਜੇ ਦਿਨ ਉਸ ਨੂੰ ਇਕ ਦਮ ਤੇਜ਼ ਬੁਖਾਰ ਹੋ ਗਿਆ । ਉਸ ਰਾਤ ਦੇਵ ਵੀ ਘਰ ਨਾ ਆਇਆ । ਨੀਮ ਬੇਹੋਸ਼ੀ ਦੀ ਹਾਲਤ ਵਿਚ ਸਾਰੀ ਰਾਤ ਬੁਖਾਰ ਨਾਲ ਪੀੜਤ ਰਿਹਾ । ਤਿੰਨ ਦਿਨ ਹੋਮਿਓ-ਪੈਥੀ ਦੇ ਇਲਾਜ ਨਾਲ ਜਦ ਬੁਖਾਰ ਰਤਾ ਮਾਸਾ ਟੁੱਟਣ ਦੀ ਥਾਂ ਸਗੋਂ ਵਧਦਾ ਗਿਆ ਤਾਂ ਕੋਈ ਗੁਆਂਢੀ ਕਿਰਾਏਦਾਰ ਉਸ ਨੂੰ ਰਿਕਸ਼ੇ ਵਿਚ ਪਾ ਕੇ ਕਿਸੇ ਐਮ. ਬੀ. ਬੀ. ਐਸ. ਡਾਕਟਰ ਕੋਲ ਲੈ ਗਿਆ । ਬੁਖਾਰ ਤਾਂ ਇਕ ਦਮ ਉਤਰ ਗਿਆ ਪਰ ਅੰਗਰੇਜ਼ੀ ਦੁਆਈਆਂ ਨੇ ਉਸ ਦੀ ਕਮਜ਼ੋਰ ਸਿਹਤ ਉਤੇ ਹੋਰ ਗੰਭੀਰ ਅਸਰ ਕੀਤਾ ਤੇ ਉਸ ਦੇ ਮਨ ਦਾ ਤਵਾਜ਼ਨ ਹੀ ਗਾਇਬ ਹੋ ਗਿਆ । ਉਹ ਕੁੰਤੀ ਲਈ ਹੋਰ ਸਧਰਾ ਗਿਆ ।

ਠੀਕ ਦਸਵੇਂ ਦਿਨ ਕੁੰਤੀ ਆਪਣੀ ਛੋਟੀ ਭੈਣ ਸ਼ੰਟੀ ਨੂੰ ਲੈ ਕੇ ਆ ਗਈ । ਸ਼ੰਟੀ ਕੁੰਤੀ ਨਾਲੋਂ ਕਿਤੇ ਵੱਧ ਖ਼ੂਬਸੂਰਤ ਅਤੇ ਭਰ ਜੁਆਨ ਸੀ । ਜਦ ਮਦਨ ਬਿਸਤਰੇ 'ਚੋਂ ਨਿਕਲ ਕੇ ਨਿੱਕੇ ਨਿੱਕੇ ਕਦਮ ਪੁੱਟਦਾ ਉਨ੍ਹਾਂ ਦੇ ਕਮਰੇ ਵਿਚ ਗਿਆ ਸੀ ਤਾਂ ਸ਼ੰਟੀ ਨੇ ਉਸ ਨੂੰ ਸ਼ਰਮਾਉਂਦੀਆਂ ਨਜ਼ਰਾਂ 'ਚੋਂ ਤੱਕਿਆ ਸੀ ਅਤੇ ਉਸ ਦੇ ਬੁਲ੍ਹ ਰਤਾ ਕੰਬ ਗਏ ਸਨ । ਮਦਨ ਨੇ ਆਪਣੇ ਆਪ ਨੂੰ ਸੰਭਾਲਦਿਆਂ ਕੁੰਤੀ ਦੇ ਮੋਢੇ 'ਤੇ ਪੋਲਾ ਜੇਹਾ ਧੱਫਾ ਮਾਰਿਆ ਸੀ ਤੇ ਗਿਲਾ ਕੀਤਾ ਸੀ ਕਿ ਉਹ ਇੰਨੇ ਦਿਨ ਕਿਥੇ ਗਾਇਬ ਰਹੀ ? ਜਦ ਉਸ ਨੇ ਦੁਬਾਰਾ ਸ਼ੰਟੀ ਦੇ ਬਦਨ ਨੂੰ ਘੋਖਿਆ ਤਾਂ ਉਸਨੂੰ ਕੁੰਤੀ ਅਤੇ ਸ਼ੰਟੀ ਵਿਚ ਬਹੁਤ ਘੱਟ ਫ਼ਰਕ ਨਜ਼ਰ ਆਇਆ । ਕੁੰਤੀ ਇਕ ਬੱਚੇ ਦੀ ਮਾਂ ਹੋਣ ਕਰਕੇ ਕੁਝ ਦੁਬਲੀ ਸੀ ਜਦੋਂ ਕਿ ਸ਼ੰਟੀ ਦਾ ਬਦਨ ਗਠੀਲਾ, ਲੰਮਾ ਤੇ ਗੋਲ ਸੀ । ਕੁਆਰੇ ਬਦਨ ਵਿਚ ਪੀਡਾਪਣ ਸੀ ਅਤੇ ਅਜੀਬ ਖਿੱਚ ਸੀ ।

ਮਦਨ ਨੇ ਸ਼ੰਟੀ ਤੋਂ ਬੇਬੀ ਨੂੰ ਲੈ ਲਿਆ—ਉਸ ਦਾ ਮੱਥਾ, ਗੱਲ੍ਹਾਂ ਅਤੇ ਬੁੱਲ੍ਹ ਉਸ ਨੇ ਵਾਰ ਵਾਰ ਚੁੰਮੇ । ਬੇਬੀ ਵੀ ਕੁੰਤੀ ਨਾਲ ਹੀ ਮਿਲਦੀ ਜੁਲਦੀ ਸੀ, ਬੱਸ ਸ਼ੰਟੀ ਦਾ ਹੀ ਦੂਜਾ ਰੂਪ ।

ਉਹੀ ਤਿੱਖੀਆਂ ਅਤੇ ਮੋਟੀਆਂ ਅੱਖਾਂ, ਉਭਰਵਾਂ ਗੋਲ ਮੱਥਾ, ਸੰਘਣੇ ਕਾਲੇ ਵਾਲ, ਪਤਲੇ ਗੁਲਾਬੀ ਬੁਲ੍ਹ ਅਤੇ ਤਿੱਖਾ ਨੱਕ । ਉਸ ਦਿਨ ਹੀ ਸ਼ੰਟੀ ਨੇ ਮਦਨ ਨੂੰ ਬਾਰੀ ਵਿਚੋਂ ਗਹੁ ਨਾਲ ਅਤੇ ਚੋਰੀ ਚੋਰੀ ਵੇਖਿਆ ਸੀ, ਜੋ ਮਦਨ ਨੂੰ ਕੋਇਆਂ 'ਚੋਂ ਦਿਸ ਰਹੀ ਸੀ । ਜਦ ਉਸ ਨੇ ਉਧਰ ਮੂੰਹ ਭੰਵਾਇਆ ਸੀ ਤਾਂ ਉਹ ਸ਼ਰਮਾ ਗਈ ਸੀ ਤੇ ਇਕ ਦਮ ਬਾਰੀ ਬੰਦ ਕਰ ਲਈ ਸੀ ।

ਉਸ ਰਾਤ ਉਹ ਚੈਨ ਨਾਲ ਸੌਂ ਨਹੀਂ ਸਕਿਆ । ਜਦ ਵੀ ਅੱਖ ਮੀਟਦਾ, ਸ਼ੰਟੀ ਦਾ ਬਾਰੀ ਬੰਦ ਕਰਨਾ ਉਸ ਦੀਆਂ ਅੱਖਾਂ ਅੱਗੇ ਉਘੜ ਆਉਂਦਾ । ਅਗਲੀ ਸਵੇਰ ਜਦ ਉਹ ਉਠਿਆ ਸੀ ਤਾਂ ਉਸ ਨੇ ਸ਼ੰਟੀ ਨੂੰ ਆਦਮ ਕੱਦ ਸ਼ੀਸ਼ੇ ਅੱਗੇ ਖੜੋਤਿਆਂ ਵੇਖਿਆ ਸੀ । ਉਸ ਵੱਲ ਬੇਸ਼ਕ ਉਸਦੀ ਪਿੱਠ ਸੀ ਪਰ ਉਹ ਸ਼ੀਸ਼ੇ 'ਚੋਂ ਉਸ ਦੇ ਭਰਵੇਂ-ਗਠੀਲੇ ਕੱਦ ਨੂੰ ਤੱਕ ਸਕਦਾ ਸੀ । ਸ਼ੰਟੀ ਨੇ ਬਰਾ ਨਹੀਂ ਸੀ ਪਾਇਆ ਹੋਇਆ । ਉਸਦੀਆਂ ਛਾਤੀਆਂ ਹੋਰ ਵੀ ਉਭਰਵੀਆਂ, ਭਰ ਜੁਆਨ ਅਤੇ ਸੁੰਦਰ ਲੱਗ ਰਹੀਆਂ ਸਨ । ਉਹ ਵਾਲਾਂ ਨੂੰ ਕੰਘੀ ਕਰਦੀ ਤੇ ਨਵੇਂ ਢੰਗ ਨਾਲ ਸਜਾਉਂਦੀ ਰਹੀ ਤੇ ਮਦਨ ਵੇਖਦਾ ਰਿਹਾ । ਗੁੱਤ ਕਰਨ ਮਗਰੋਂ ਸ਼ੰਟੀ ਨੇ ਪਿਛਾਂਹ ਪਰਤ ਕੇ ਵੇਖਿਆ । ਇਕ ਦਮ ਗੱਲ੍ਹਾਂ ਉਤੇ ਸ਼ਾਮ ਦੀ ਪਤਲੀ ਜੇਹੀ ਲਾਲੀ ਫਿਰ ਗਈ । ਉਸ ਦੀਆਂ ਅੱਖਾਂ ਚੁੱਪ-ਚਾਪ ਮੁਸਕਰਾਈਆਂ ਤੇ ਉਹ ਇਕ ਦਮ ਤਖ਼ਤੇ ਦੇ ਓਹਲੇ ਹੋ ਗਈ ।

ਮਦਨ ਫਿਰ ਬਿਸਤਰੇ ਵਿਚ ਜਾ ਲੇਟਿਆ । ਦੇਵ ਅਤੇ ਕੁੰਤੀ ਦੀਆਂ ਮਿਹਰਬਾਨੀਆਂ ਦਾ ਲੇਖਾ ਜੋਖਾ ਕਰਦਿਆਂ ਉਸ ਨੇ ਆਪਣੇ ਸ੍ਵੈ-ਕਾਬੂ ਨੂੰ ਜਗਾਉਣ ਦਾ ਜਤਨ ਕੀਤਾ । ਕੁੰਤੀ ਨਾਲ ਹੁਣ ਤਕ ਦੇ ਵਰਤਾਉ ਵਿਚ ਉਸਦਾ ਸ੍ਵੈ-ਕਾਬੂ ਨਹੀਂ ਸੀ ਡੋਲਿਆ । ਬੀਮਾਰੀ ਤੋਂ ਪਹਿਲਾਂ ਵੀ ਕਈ ਵਾਰ ਅਜੇਹੇ ਘਿਨਾਉਣੇ ਪਲ ਆਏ ਸਨ ਜਦ ਉਸ ਦੀਆਂ ਦੱਬ-ਦੱਬ ਕੇ ਰੱਖੀਆਂ ਭਾਵਨਾਵਾਂ ਬੇਕਾਬੂ ਹੋਈਆਂ ਸਨ । ਉਹ ਆਪਣੇ ਆਪ ਨੂੰ ਉਚੇ ਆਦਰਸ਼ ਦੀ ਲਗਨ ਵਿਚ ਲਾਉਣ ਦਾ ਜਤਨ ਕਰਦਾ ਪਰ ਅੱਜ ਉਸ ਦਾ ਸ੍ਵੈ-ਕਾਬੂ ਵੀ ਉਸਦੇ ਕਮਜ਼ੋਰ ਸਰੀਰ ਵਾਂਗ ਕਮਜ਼ੋਰ ਪੈ ਰਿਹਾ ਸੀ । ਹੌਲੀ ਹੌਲੀ ਸ੍ਵੈ-ਕਾਬੂ ਅਤੇ ਕਿਸੇ ਉਚੇ ਆਦਰਸ਼ ਦੀ ਦਲੀਲ ਉਸ ਦੇ ਦਿਮਾਗ 'ਚੋਂ ਖਾਰਜ ਹੋ ਗਈ ਅਤੇ ਪਲ ਪਲ ਉਸਦੀਆਂ ਨਿਗਾਹਾਂ ਅੱਗੇ ਸ਼ੰਟੀ ਨੱਚਣ ਲੱਗੀ ।

ਉਸ ਸਮੇਂ, ਜਦ ਸ਼ੰਟੀ ਬਾਲਟੀ ਲੈਣ ਲਈ ਉਸ ਦੇ ਕਮਰੇ ਵਿਚ ਆਈ ਤਾਂ ਮਦਨ ਨੇ ਉਸਦਾ ਹੱਥ ਘੁੱਟ ਲਿਆ । ਸ਼ਾਇਦ ਉਹ ਚੁੰਮਣ ਹੀ ਵਾਲਾ ਸੀ ਜੇਕਰ ਸ਼ੰਟੀ ਆਪਣਾ ਹੱਥ ਉਸ ਤੋਂ ਖੋਹ ਨਾ ਲੈਂਦੀ । ਇਸ ਯਾਦ ਨੇ ਸ਼ੰਟੀ ਲਈ ਉਸ ਦੀ ਲਾਲਸਾ ਨੂੰ ਹੋਰ ਜਗਾ ਦਿਤਾ । ਉਹ ਇੰਨੀ ਜੁਰੱਅਤ ਕਿਵੇਂ ਕਰ ਗਿਆ ?—ਉਸ ਨੇ ਇਕ ਵਾਰ ਵੀ ਆਪਣੇ ਆਪ 'ਤੇ ਇਹ ਪ੍ਰਸ਼ਨ ਨਾ ਕੀਤਾ । ਜਦ ਉਹ ਪਾਖਾਨੇ ਤੋਂ ਵਾਪਸ ਪਰਤ ਰਿਹਾ ਸੀ ਤਾਂ ਸ਼ੰਟੀ ਨਲਕੇ ਤੋਂ ਬਾਲਟੀ ਭਰ ਰਹੀ ਸੀ, ਨਲਕਾ ਜੋ ਪੌੜੀਆਂ ਉਤਰਦਿਆਂ ਮਾਰ ਉਸ ਦੇ ਰਾਹ ਵਿਚ ਸੀ । ਸ਼ੰਟੀ ਦੀ ਮਾਨਸਿਕ ਹਾਲਤ ਤਾਂ ਪਤਾ ਨਹੀਂ ਪਰ ਮਦਨ ਦਾ ਸਾਹ ਕਾਹਲਾ ਪੈ ਗਿਆ ਹੋਇਆ ਸੀ, ਸ਼ਾਇਦ ਉਸ ਦੇ ਦਿਲ ਦੀ ਧੜਕਣ ਵੀ ਸੁਣਾਈ ਦਿੱਤੀ ਹੋਵੇ । ਸ਼ੰਟੀ ਨਲਕਾ ਗੇੜ ਰਹੀ ਸੀ ਤੇ ਬਾਲਟੀ ਉਸ ਨੇ ਨਲਕੇ ਦੇ ਮੂੰਹ ਨਾਲ ਟੰਗੀ ਹੋਈ ਸੀ । ਮਦਨ ਨੇ ਦੂਜੇ ਪਾਸੇ ਹੁੰਦਿਆਂ ਕੁੜੀ ਦੇ ਮੋਢੇ 'ਤੇ ਹੱਥ ਰੱਖ ਲਿਆ । ਬੇਸ਼ੱਕ ਥੋੜੇ ਚਿਰ ਲਈ ਹੀ ਪਰ ਇਸ ਵਾਰ ਸ਼ੰਟੀ ਨੇ ਉਸਦਾ ਹੱਥ ਝਟਕਿਆ ਨਹੀਂ, ਬੱਸ ਇਕ ਲੰਮਾ ਸਾਹ ਖਿਚਿਆ । ਮਦਨ ਦੀ ਹਾਲਤ ਹੋਰ ਭਿਆਨਕ ਹੋ ਚੱਲੀ ਸੀ । ਉਹ ਮਸਾਂ

ਇੰਨਾ ਹੀ ਆਖ ਸਕਿਆ—"ਸ਼ੰਟੀ ਨਲਕਾ ਗੇੜਨਾ ਜ਼ਰਾ ਹਾਥ ਧੋ ਲੂੰ ।"ਸ਼ੰਟੀ ਨੇ ਇਕ ਵਾਰ ਗੰਭੀਰਤਾ ਦੀ ਪੁਤਲੀ ਵਾਂਗ ਉਸ ਵਲ ਵੇਖਿਆ, ਬਾਲਟੀ ਇਕ ਪਾਸੇ ਕੀਤੀ ਤੇ ਮਦਨ ਦੇ ਹੱਥ ਧੁਆ ਦਿਤੇ ।

ਬਾਲਟੀ ਭਰ ਕੇ ਸ਼ੰਟੀ ਜਾ ਚੁੱਕੀ ਸੀ । ਮਦਨ ਤਾਰ ਉਤੇ ਲਟਕਦੇ ਤੌਲੀਏ ਨਾਲ ਹੱਥ ਪੂੰਝ ਰਿਹਾ ਸੀ ਤੇ ਉਸ ਨੂੰ ਆਪਣੇ ਕਦਮ ਡੋਲਦੇ ਲਗਦੇ ਸਨ । ਉਸ ਨੂੰ ਅਹਿਸਾਸ ਹੋ ਰਿਹਾ ਸੀ ਕਿ ਉਸ ਨੂੰ ਕਿਸੇ ਸਹਾਰੇ ਦੀ ਜ਼ਰੂਰਤ ਹੈ ਜੋ ਉਸ ਨੂੰ ਰੋਗੀ ਇਕੱਲ ਵਾਲੀ ਅਵਸਥਾ 'ਚੋਂ ਕੱਢ ਸਕੇ । ਚੇਤੰਨ ਤੌਰ 'ਤੇ ਉਸ ਨੂੰ ਕੁੰਤੀ ਜਾਂ ਦੇਵ ਦੀ ਨਹੀਂ ਸ਼ੰਟੀ ਦੀ ਇਕ ਦਮ ਜ਼ਰੂਰਤ ਮਹਿਸੂਸ ਹੋ ਰਹੀ ਸੀ । ਇਸ ਦੀ ਉਸ ਨੂੰ ਮੁਕੰਮਲ ਉਮੀਦ ਹੋਈ ਜਾ ਰਹੀ ਸੀ ।

ਤਿੰਨ ਚਾਰ ਸਾਲ ਪਹਿਲਾਂ ਉਸ ਨੇ ਰੂਸੀ ਲੇਖਕ ਆਸਤਰੋਵਸਕੀ ਦਾ ਨਾਵਲ ਸੂਰਮੇ ਦੀ ਸਿਰਜਣਾ ਪੜ੍ਹਿਆ ਸੀ । ਉਸ ਦੇ ਜ਼ਿਹਨ ਵਿਚ ਕਦੀ ਕਦੀ ਉਸ ਕਹਾਣੀ ਦਾ ਪ੍ਰਭਾਵ ਹੇਠਾਂ-ਉਤਾਂਹ ਹੋਣ ਲਗਦਾ । ਨਾਵਲ ਦੇ ਨਾਇਕ ਨੂੰ ਵੀ ਲੋਕ ਸੇਵਾ ਵਿਚ ਰੀੜ੍ਹ ਦੀ ਹੱਡੀ 'ਤੇ ਸੱਟ ਲੱਗੀ ਸੀ ਤੇ ਮਦਨ ਨੂੰ ਵੀ । ਫਿਰ ਉਹ ਸੋਚਦਾ ਉਸ ਕਹਾਣੀ ਨਾਲ ਮੇਰਾ ਇਕ ਫ਼ੀਸਦੀ ਮੇਲ ਵੀ ਨਹੀਂ ਬਣਦਾ । ਉਹ ਆਸਤਰੋਵਸਕੀ ਨਹੀਂ ਸੀ—ਨਾਵਲ ਦਾ ਲੇਖਕ ਤੇ ਨਾਇਕ—ਉਹ ਤਾਂ ਮਦਨ ਸੀ, ਇਕ ਨਿਗੂਣਾ ਭਾਰਤੀ, ਜੋ ਲੋਕਾਂ ਲਈ ਕੁਝ ਵੀ ਨਹੀਂ ਸੀ ਕਰ ਸਕਿਆ । ਪਹਿਲੇ ਦੋ ਚਾਰ ਕਦਮਾਂ 'ਤੇ ਹੀ ਪੱਥਰ ਨਾਲ ਟਕਰਾ ਕੇ ਡਿਗ ਪਿਆ ਸੀ ।

ਉਸ ਦੇ ਅੰਦਰੋਂ ਜਾਗੇ ਪਤਲੇ ਜੇਹੇ ਦਵੰਦ ਨੇ ਉਸ ਨੂੰ ਪਿਛਾਂਹ ਪਰਤਣ ਲਈ ਦਿਲ-ਦਿਮਾਗ 'ਤੇ ਕਾਬੂ ਪਾਉਣ ਲਈ ਪ੍ਰੇਰਿਆ ਪਰ ਲਗਦਾ ਸੀ ਕਿ ਉਸਦਾ ਦਿਲ ਵਧੇਰੇ ਕੰਮ ਕਰਦਾ ਹੈ ਦਿਮਾਗ ਘੱਟ । ਸਰੀਰ ਦੀ ਸੱਤਾਹੀਣਤਾ ਦੇ ਬਾਵਜੂਦ ਉਹ ਸ਼ੰਟੀ ਦੇ ਵਹਿਣ ਵਿਚ ਵਹਿੰਦਾ ਗਿਆ । ਚੇਤੰਨ ਅਵਸਥਾ ਵਿਚ ਉਹ ਆਪਣੇ ਆਪ ਨੂੰ ਰੋਕਦਾ-ਦਲੀਲਾਂ ਘੜਦਾ, ਪਰ ਕੁਝ ਚਿਰ ਮਗਰੋਂ ਹੀ ਬੇ-ਵੱਸ ਤੇ ਬੇ-ਕਾਬੂ ਹੋ ਜਾਂਦਾ ।

ਦੇਵ ਦਿਊਟੀ 'ਤੇ ਚਲਾ ਗਿਆ ਸੀ ਤੇ ਕੁੰਤੀ ਦੁਕਾਨ 'ਤੇ ਗਈ ਹੋਈ ਸੀ । ਬੇਬੀ ਸ਼ੰਟੀ ਦੀ ਕੁੱਛੜ ਵਿਚ ਚੁਹਲ ਕਰ ਰਹੀ ਸੀ । ਮਦਨ ਵੱਲ ਉਹ ਉਮੁਲ ਰਹੀ ਸੀ । ਸ਼ੰਟੀ ਇਕ ਟਕ ਜ਼ਮੀਨ 'ਤੇ ਦੇਖ ਰਹੀ ਸੀ ।

"ਮੁਝੇ ਦੇ ਦੋ ਸ਼ੰਟੀ ਬੇਬੀ ਕੋ ।" ਸ਼ੰਟੀ ਨੇ ਬੇਬੀ ਮਦਨ ਨੂੰ ਫੜਾ ਦਿਤੀ ।

"ਸ਼ੰਟੀ ਏਕ ਬਾਤ ਪੂਛੂੰ !" ਸ਼ੰਟੀ ਚੁੱਪ ਖੜੀ ਰਹੀ ।

"ਬੋਲਤੀ ਨਹੀਂ ਸ਼ੰਟੀ !" ਤੇ ਉਸ ਨੇ ਅਗਾਂਹ ਵਧ ਕੇ ਸ਼ੰਟੀ ਨੂੰ ਚੁੰਮਣ ਦੀ ਦਲੇਰੀ ਕਰ ਲਈ । ਸ਼ੰਟੀ ਆਪਣਾ ਆਪ ਉਸ ਦੀ ਖੱਬੀ ਬਾਂਹ 'ਚੋਂ ਛੁਡਾ ਕੇ ਅੰਦਰ ਚਲੀ ਗਈ ਤੇ ਮਦਨ ਕੰਬਦੀਆਂ ਸਾਹ-ਸਤ ਹੀਣ ਲੱਤਾਂ 'ਤੇ ਮੁਸ਼ਕਲ ਨਾਲ ਭਾਰ ਦਿੰਦਾ ਆਪਣੇ ਬਿਸਤਰੇ ਵਿਚ ਆ ਡਿਗਿਆ ।

ਸਾਰਾ ਦਿਨ ਉਹ ਬਿਸਤਰੇ 'ਚੋਂ ਨਹੀਂ ਨਿਕਲ ਸਕਿਆ । ਉਸ ਤੋਂ ਸ਼ੰਟੀ ਦੇ ਸਾਮ੍ਹਣੇ ਨਹੀਂ ਸੀ ਹੋਇਆ ਜਾਂਦਾ । ਪਿਆਂ ਪਿਆਂ ਉਸ ਨੂੰ ਲੱਗਿਆ ਕਿ ਉਸ ਨੇ ਬੱਜਰ ਗੁਨਾਹ ਕੀਤਾ ਹੈ । ਕੀ ਪਤਾ ਇਸ ਵਿਚ ਸ਼ੰਟੀ ਦੀ ਮਰਜ਼ੀ ਸੀ ਜਾਂ ਨਹੀਂ । ਜੇਕਰ ਇਹ ਉਸਦੀ ਮਰਜ਼ੀ ਤੋਂ ਉਲਟ ਹੋਇਆ ਤਾਂ......ਤੇ ਜੇ ਸ਼ੰਟੀ ਸਭ ਕੁਝ ਕੁੰਤੀ ਨੂੰ ਦੱਸ ਦੇਵੇ ।" ਖ਼ਿਆਲ ਆਉਂਦਿਆਂ ਹੀ ਉਹ

ਅੱਧਾ ਹੋ ਗਿਆ। ਨਾਲ ਨਾਲ ਉਸ ਨੂੰ ਯਕੀਨ ਵੀ ਹੋ ਰਿਹਾ ਸੀ ਕਿ ਸ਼ੰਟੀ ਨੇ ਹਾਲ ਤੱਕ ਨਹੀਂ ਦੱਸਿਆ, ਨਹੀਂ ਤਾਂ ਹੁਣ ਨੂੰ ਉਧਮੂਲ ਉਠ ਖੜਾ ਹੋਣਾ ਸੀ। ਫਿਰ ਵੀ ਉਹ ਸ਼ਾਮ ਤੱਕ ਬਾਹਰ ਨਾ ਨਿਕਲ ਸਕਿਆ।

ਰਾਤ ਦੀ ਰੋਟੀ ਖਾਣ ਲਈ ਦੇਵ ਨੇ ਉਸ ਨੂੰ ਆਪਣੇ ਕਮਰੇ ਵਿਚ ਬੁਲਾ ਲਿਆ। ਮਦਨ ਨਾ ਤਾਂ ਇਨਕਾਰ ਹੀ ਕਰ ਸਕਿਆ ਅਤੇ ਨਾ ਹੀ ਸੌਖਿਆਂ ਉਸ ਕਮਰੇ ਵਿਚ ਜਾ ਸਕਿਆ ; ਜਿਥੇ ਉਸ ਨੂੰ ਭੈ-ਭੀਤ ਕਰਨ ਵਾਲੇ ਸਵਾਲ ਪੁੱਛੇ ਜਾਣ ਦਾ ਭੈ ਮਾਰ ਰਿਹਾ ਸੀ। ਕਮਰਾ ਉਸਨੂੰ ਪੁਲੀਸ ਦਾ ਪੁੱਛ ਗਿੱਛ ਕੇਂਦਰ ਹੀ ਤਾਂ ਲਗਦਾ ਸੀ। ਉਸ ਤੋਂ ਬੇਸ਼ੱਕ ਕੋਈ ਸੁਆਲ ਨਾ ਪੁੱਛਿਆ ਗਿਆ-ਭਾਵੇਂ ਸ਼ੰਟੀ ਚੁੱਪ-ਚਾਪ ਉਸ ਦੀ ਥਾਲੀ ਵਿਚ ਰੋਟੀ ਰਖਦੀ ਰਹੀ ਪਰ ਉਹ ਇਕ ਵਾਰ ਵੀ ਅੱਖ ਭਰ ਕੇ ਕਿਸੇ ਵੱਲ ਝਾਕ ਨਾ ਸਕਿਆ। ਜਦ ਉਹ ਇਸ ਅਵਸਥਾ 'ਚੋਂ ਨਿਕਲ ਕੇ ਆਪਣੇ ਕਮਰੇ ਵਿਚ ਆਇਆ ਤਾਂ ਉਸ ਦੀ ਹਾਲਤ ਉਸ ਮਨੁੱਖ ਵਰਗੀ ਸੀ, ਜਿਸ ਨੂੰ ਥਾਣੇ ਦੀ ਹਵਾਲਾਤ 'ਚੋਂ ਬਗੈਰ ਪੁਛ-ਗਿਛ ਕੀਤਿਆਂ ਹੀ ਛੱਡ ਦਿਤਾ ਹੋਵੇ ਜਾਂ ਜਿਸਦਾ ਚਲਾਣ ਪੇਸ਼ ਕਰਨ ਦੀ ਜ਼ਰੂਰਤ ਹੀ ਨਾ ਸਮਝੀ ਗਈ ਹੋਵੇ। ਫਿਰ ਵੀ ਉਹ ਅਪਰਾਧੀ ਅਤੇ ਨਿਰ-ਅਪਰਾਧੀ ਦੀ ਹਾਲਤ ਵਿਚਕਾਰ ਲਟਕ ਰਿਹਾ ਸੀ।

"ਕੀ ਸ਼ੰਟੀ ਉਸ ਕੋਲ ਆ ਕੇ ਉਸ ਦੇ ਪਲ ਦੋ ਪਲ ਰਮਣੀਕ ਕਰ ਸਕਦੀ ਹੈ ?" ਇਸ ਸੁਆਲ ਦਾ ਉਸ ਕੋਲ ਹਾਂ ਤੋਂ ਬਗੈਰ ਕੋਈ ਜਵਾਬ ਨਹੀਂ ਸੀ।

ਰਾਤੀਂ ਉਸ ਨੂੰ ਫੇਰ ਨੀਂਦ ਨਹੀਂ ਆਈ। ਸਗੋਂ ਉਹ ਕਈ ਵਾਰ ਅੱਬੜਵਾਹਿਆ ਉਠਿਆ। ਸੁਤ ਉਨੀਂਦੇ ਵਿਚ ਉਸ ਨੂੰ ਕਈ ਵਾਰ ਸ਼ੰਟੀ ਦਾ ਝੌਲਾ ਪਿਆ ਜਿਵੇਂ ਉਸ ਦੇ ਕੋਲ ਆਈ ਹੋਵੇ। ਉਹ ਇਕ ਦਮ ਸ਼ੰਟੀ ਲਈ ਤਰਸ ਗਿਆ—ਬੱਸ ਉਸਦੀ ਹਾਲਤ ਪਾਗ਼ਲਾਂ ਵਰਗੀ ਹੋ ਗਈ। ਇਕ ਵਾਰ ਉਸ ਤੋਂ ਫੁਸਫੁਸਾਇਆ ਵੀ ਗਿਆ—"ਸ਼ੰਟੀ ਮੈਂ ਪਾਗਲ ਹੋ ਜਾਵਾਂਗਾ ਜੇ ਤੂੰ ਮੈਨੂੰ ਪਿਆਰ ਨਾ ਕੀਤਾ।" ਉਸ ਰਾਤ ਉਸ ਦੀ ਵੱਖੀ ਵਿਚ ਚੀਸਾਂ ਪੈਂਦੀਆਂ ਰਹੀਆਂ-ਸਾਰਾ ਸਰੀਰ ਹੀ ਟੁਟਦਾ ਰਿਹਾ ਅਤੇ ਜੀ ਖੁਸਦਾ ਰਿਹਾ। ਸਵੇਰੇ ਜੇਹੀ ਉਸ ਦੀ ਅੱਖ ਲੱਗੀ ਸੀ ਤੇ ਦਿਨ ਚੜ੍ਹੇ ਉਸ ਨੂੰ ਕਿਸੇ ਨੇ ਜਗਾਇਆ ਵੀ ਨਹੀਂ ਸੀ। ਸ਼ੰਟੀ ਦੀ ਬੇਬੀ ਨੂੰ ਪੁਚਕਾਰਦੀ ਆਵਾਜ਼ ਨੇ ਹੀ ਉਸਨੂੰ ਜਗਾਇਆ ਸੀ। ਜਦ ਉਹ ਚੰਗੀ ਤਰ੍ਹਾਂ ਜਾਗ ਚੁੱਕਾ ਸੀ ਤਾਂ ਵੀ ਕੁੰਤੀ ਰੋਜ਼ ਦੀ ਤਰ੍ਹਾਂ ਉਸ ਨੂੰ ਚਾਹ ਲਈ ਆਖਣ ਨਹੀਂ ਸੀ ਆਈ। ਇਸ ਦਾ ਉਹ ਇਕੋ ਕਾਰਨ ਢੂੰਡ ਸਕਿਆ ਸੀ ਕਿ ਸ਼ੰਟੀ ਨੇ ਉਸ ਦਾ ਭਾਂਡਾ ਭੰਨ ਦਿੱਤਾ ਹੋਵੇਗਾ। ਗੁਨਾਹ ਦੇ ਅਹਿਸਾਸ ਹੇਠਾਂ ਉਹ ਇਕ ਪਲ ਲਈ ਨਪੀੜਿਆ ਹੀ ਗਿਆ। ਇਸੇ ਵਹਿਮ ਅਤੇ ਅਪਰਾਧ ਦੇ ਬੋਝ ਅਧੀਨ ਉਸ ਨੇ ਕੁੰਤੀ ਨੂੰ ਆਵਾਜ਼ ਵੀ ਨਾ ਦਿਤੀ—ਚੁੱਪ ਚਾਪ ਨਲਕੇ 'ਤੇ ਕੁਰਲੀ ਕਰਨ ਲੱਗ ਪਿਆ।

"ਭਾਈ ਸਾਹਿਬ ਆਜ ਚਾਏ ਨਹੀਂ ਪੀਓਗੇ ਕਿਆ ?" ਕੁੰਤੀ ਨੇ ਕਿੰਨੇ ਦਿਨਾਂ ਤੋਂ ਆਪਣੀ ਭਾਸ਼ਾ ਵਿਚ ਗੱਲ ਕੀਤੀ ਸੀ। ਮਦਨ ਦੇ ਸਾਹ ਵਿਚ ਸਾਹ ਆ ਗਿਆ—"ਪੀਊਂਗਾ ਕਿਉਂ ਨਹੀ ?' ਉਸ ਨੇ ਪੂਰੀ ਤਸੱਲੀ ਨਾਲ ਜਵਾਬ ਦਿਤਾ।

:"ਤੋ ਫਿਰ ਕਿਆ ਅਬੀ ਜਾਗਨੇ ਕਾ ਵਕਤ ਨਹੀਂ ਹੋ ਪਾਇਆ ?"

"ਨੀਂਦ ਹੀ ਜ਼ਿਆਦਾ ਆਈ ਕਿਆ ਕਰੂੰ।" ਨੰਗਾ ਚਿੱਟਾ ਝੂਠ ਬੋਲ ਕੇ ਉਹ ਆਪਣੇ ਕਮਰੇ ਵਿਚ ਆ ਗਿਆ। ਤੌਲੀਆ ਚੰਗੀ ਤਰ੍ਹਾਂ ਚਿਹਰੇ 'ਤੇ ਰਗੜ ਕੇ ਉਸ ਨੇ ਆਪਣਾ

ਉਤਰਿਆ ਚਿਹਰਾ ਸ਼ੀਸ਼ੇ ਵਿਚ ਵੇਖਿਆ ਅਤੇ ਮੁੜ ਦੇਵ ਦੇ ਕਮਰੇ ਵਿਚ ਜਾ ਕੇ ਕੁੰਤੀ ਵਾਲੇ ਮੰਜੇ ਦੀ ਹੀਂਅ 'ਤੇ ਬੈਠ ਗਿਆ। ਉਸ ਦੇ ਅੰਦਰ ਹਾਲੇ ਵੀ ਝੁਣਝੁਣੀ ਛਿੜੀ ਹੋਈ ਸੀ ਜੋ ਉਸਦੇ ਕਾਬੂ ਤੋਂ ਬਾਹਰ ਸੀ।

ਉਸ ਦੇ ਚਾਹ ਪੀਣ ਤੋਂ ਬਾਅਦ ਕੁੰਤੀ ਕਿਧਰੇ ਬਾਹਰ ਜਾਂ ਕੋਠੇ 'ਤੇ ਚਲੀ ਗਈ। ਉਸਦੇ ਸਾਮ੍ਹਣੇ ਸ਼ੰਟੀ ਸੀ ਜੋ ਬੇਬੀ ਨੂੰ ਬਾਹਾਂ 'ਤੇ ਟਪਾ ਰਹੀ ਸੀ। ਮਦਨ ਬਾਹਰ ਆਇਆ ਤਾਂ ਉਸਨੂੰ ਜਾਪਿਆ ਜਿਵੇਂ ਉਹ ਖੋਲ 'ਚੋਂ ਬਾਹਰ ਆ ਗਿਆ ਹੋਵੇ। ਉਸ ਨੇ ਅੰਦਰ ਜਾਂਦਿਆਂ ਇਕ ਦਮ ਹੀ ਸ਼ੰਟੀ ਦਾ ਹੱਥ ਫੜ ਕੇ ਚੁੰਮ ਲਿਆ।

ਸ਼ਾਇਦ ਉਹ ਉਸ ਦਾ ਮੂੰਹ ਚੁੰਮਣ ਦੀ ਦੁਬਾਰਾ ਦਲੇਰੀ ਕਰ ਜਾਂਦਾ ਜੇਕਰ ਇਕੋ ਝਟਕੇ ਨਾਲ ਬਾਂਹ ਛੁਡਾ ਕੇ ਸ਼ੰਟੀ ਸਰ ਸਰਾਂਦੀ ਬਾਹਰ ਨਾ ਨਿਕਲ ਜਾਂਦੀ। ਇਸ ਵਾਰ ਸ਼ੰਟੀ, ਸ਼ੰਟੀ ਨਹੀਂ ਸਗੋਂ ਚੰਡੀ ਦਾ ਰੂਪ ਲਗਦੀ ਸੀ। ਉਸੇ ਸਮੇਂ ਹੀ ਪੌੜੀਆਂ 'ਚੋਂ ਕੁੰਤੀ ਦੇ ਉਤਰਨ ਦਾ ਖੜਾਕ ਸੁਣਾਈ ਦਿਤਾ। ਮਦਨ ਨੂੰ ਜਾਪਿਆ ਜਿਵੇਂ ਕੁੰਤੀ ਨੇ ਉਸ ਨੂੰ ਦੇਖ ਲਿਆ ਹੁੰਦਾ ਹੈ ਜਿਸ ਕਰ ਕੇ ਸ਼ੰਟੀ ਇਕ ਦਮ ਬਾਹਰ ਵੱਲ ਦੌੜੀ ਸੀ। ਮਦਨ ਨੂੰ ਕੁੰਤੀ ਦਾ ਚਿਹਰਾ ਭਖਿਆ ਭਖਿਆ ਦਿਸਦਾ ਸੀ ਤੇ ਸ਼ੰਟੀ ਦਾ ਪੀਲਾ ਜ਼ਰਦ। ਪਰ ਕਮਾਲ ਸੀ ਕਿ ਸਭ ਠੀਕ ਠਾਕ ਨਿਕਲਿਆ। ਕੁੰਤੀ ਨੂੰ ਹੁਣ ਤਕ ਕਿਸੇ ਗੱਲ ਦਾ ਭੇਦ ਨਹੀਂ ਸੀ।

ਮਦਨ ਲੱਤਾਂ ਮਸਾਂ ਘਸੀਟਦਾ ਬਿਸਤਰੇ ਵਿਚ ਧੜੰਮ ਕਰ ਕੇ ਡਿੱਗਿਆ ਤਾਂ ਉਤੇ ਸਵਾਰ ਹੋਏ ਪਾਗਲਪਣ ਵਿਚ ਇਕ ਜਵਾਰ ਭਾਟਾ ਹੀ ਆ ਗਿਆ ਸੀ। ਉਹ ਆਪਣੇ ਆਪ ਨੂੰ ਨਾ ਠੀਕ ਸਮਝ ਸਕਦਾ ਸੀ ਤੇ ਨਾ ਗਲਤ ਕਹਿ ਸਕਦਾ ਸੀ। ਕਮਰਾ ਉਸ ਨੂੰ ਉਲਟ ਬਾਜ਼ੀਆਂ ਖਾਂਦਾ ਲੱਗਿਆ ਜਿਵੇਂ ਅਲਮਾਰੀ ਖੁਲ੍ਹ ਗਈ ਹੋਵੇ ਤੇ ਉਸ ਵਿਚਲਾ ਸਾਰਾ ਸਾਮਾਨ ਛੱਤ ਨਾਲ ਟਕਰਾ ਕੇ ਚੂਰ ਚੂਰ ਹੋ ਗਿਆ ਹੋਵੇ। ਜਿਵੇਂ ਛੱਤ ਉਸ ਉਤੇ ਡਿੱਗ ਪਈ ਹੋਵੇ ਤੇ ਉਹ ਹੇਠਾਂ ਦਮ ਤੋੜ ਗਿਆ ਹੋਵੇ। ਉਸ ਨੂੰ ਆਪਣੇ ਜਿਉਂਦੇ ਹੋਣ ਦਾ ਵੀ ਭੁਲੇਖਾ ਲੱਗ ਰਿਹਾ ਸੀ। ਉਸ ਤੋਂ ਉਚੀ ਸਾਹ ਵੀ ਨਹੀਂ ਸੀ ਲਿਆ ਜਾਂਦਾ-ਸ਼ਾਇਦ ਇਸ ਕਰ ਕੇ ਕਿ ਨਾਲ ਦੇ ਕਮਰੇ ਵਾਲਿਆਂ ਨੂੰ ਉਸ ਦੇ ਮਰੇ ਹੋਣ ਦਾ ਯਕੀਨ ਹੋ ਜਾਵੇ। ਨਾਲ ਦੇ ਕਮਰੇ ਵਿਚ ਨਮੋਸ਼ੀ ਵਰਗੀ ਚੁੱਪ ਪਸਰੀ ਹੋਈ ਸੀ ਜਿਸ ਤੋਂ ਸਭ ਖੈਰੀਅਤ ਦਾ ਖ਼ਿਆਲ ਬੇਯਕੀਨੀ ਵਿਚ ਵਟਣ ਕਰ ਕੇ ਉਹ ਨਪੀੜਿਆ ਜਾ ਰਿਹਾ ਸੀ ਕਿਉਂਕਿ ਪਤਾ ਨਹੀਂ ਸੀ ਕਦ ਦੁਖਾਊ ਅਤੇ ਉਸ ਨੂੰ ਜ਼ਲੀਲ ਕਰਨ ਵਾਲਾ ਕੁਝ ਵਾਪਰ ਜਾਣਾ ਸੀ।

ਜਦ ਉਹ ਬਿਨਾਂ ਖੜਾਕ ਕੀਤਿਆਂ ਉਠ ਕੇ ਕਮਰੇ 'ਚੋਂ ਬਾਹਰ ਆਇਆ ਤਾਂ ਕੁੰਤੀ ਨੇ ਬੂਹਾ ਭੇੜਿਆ ਸੀ, ਜੋ ਇਸ ਤੋਂ ਪਹਿਲਾਂ ਹਮੇਸ਼ਾ ਖੁਲ੍ਹਾ ਰਿਹਾ ਕਰਦਾ ਸੀ। ਉਸ ਨੇ ਆਪਣੇ ਬੂਹੇ ਨੂੰ ਬਿਨਾਂ ਖੜਾਕ ਕੀਤੇ ਮਲ੍ਹਕੜੇ ਜੇਹੇ ਤਾਲਾ ਲਾਇਆ ਜੋ ਇਸ ਤੋਂ ਪਹਿਲਾ ਕਦੇ ਨਹੀਂ ਸੀ ਲਾਇਆ ਤੇ ਬਾਹਰ ਗਲੀ ਵਿਚ ਆ ਗਿਆ। ਖੋਲ ਵਿਚਲਾ ਮਨੁੱਖ, ਬਾਹਰਲੇ ਮਨੁੱਖ 'ਤੇ ਹਾਵੀ ਹੋ ਚੁੱਕਾ ਸੀ। ਕੁੰਤੀ ਤੇ ਦੇਵ ਦੀਆਂ ਨਜ਼ਰਾਂ ਵਿਚ ਹੁਣ ਤਕ ਸਤਿਕਾਰ ਦਾ ਪਾਤਰ ਮਦਨ ਹੁਣ ਤ੍ਰਿਸਕਾਰ ਦਾ ਪਾਤਰ ਬਣਨ ਵਾਲਾ ਸੀ। ਇਹ ਕੁਝ ਸਹਿ ਸਕਣਾ ਬਾਹਰਲੇ ਮਦਨ ਨੂੰ ਕਿਸੇ ਵੀ ਸੂਰਤ ਵਿਚ ਸੌਖਾ ਨਹੀਂ ਸੀ ਲਗਦਾ।

ਵਿਹੜੇ ਵਿਚ ਆ ਕੇ ਉਸ ਨੇ ਆਪੇ 'ਤੇ ਕਾਬੂ ਪਾਉਂਦਿਆ ਕੁੰਤੀ ਨੂੰ ਪੁਕਾਰਿਆ—"ਭੈਣ ਜੀ ਮੈਂ ਜ਼ਰਾ ਦੁਆ ਲੇ ਆਊਂ।" ਅੰਦਰੋਂ ਕੋਈ ਆਵਾਜ਼ ਨਾ ਆਈ ਤਾਂ ਮਦਨ ਦਾ ਸਾਹ ਹੋਰ ਵੀ ਰੁਕ ਗਿਆ।

"ਬਹਿਨ ਜੀ ਮੈਂ ਦੁਆਈ ਲੇਨੇ ਜਾ ਰਹਾ ਹੂੰ!" ਉਸ ਨੇ ਦੁਬਾਰਾ ਆਪਣੀ ਜੀਭ 'ਤੇ ਬਲ ਪਾ ਕੇ ਕਿਹਾ। ਅੰਦਰੋਂ ਸਿਰਫ਼ ਇਕ ਸ਼ਬਦ ਉਤਰ ਮਿਲਿਆ—"ਮਿਹਰਬਾਨੀ!" ਜੋ ਇਕ ਸ਼ਬਦਾ ਉਤਰ ਨਾ ਹੋ ਕੇ ਕਲੇਜਾ ਵਿੰਨ੍ਹਦਾ ਤੀਰ ਸੀ। ਉਹ ਸੜਕ 'ਤੇ ਤੁਰਦਾ ਜਾ ਰਿਹਾ ਸੀ, ਤੁਰਦਾ ਨਹੀਂ ਰੀਂਗਦਾ ਜਾ ਰਿਹਾ ਸੀ, ਲਾਰਵੇ 'ਚੋਂ ਹੁਣੇ ਹੁਣੇ ਨਿਕਲੇ ਕੀੜੇ ਵਾਂਗ। ਜ਼ਿੰਦਗੀ ਭਰ ਉਹ ਖੋਲ 'ਚੋਂ ਨਹੀਂ ਸੀ ਨਿਕਲਿਆ। ਉਸ ਨੂੰ ਇਜ਼ਤ ਮਿਲੀ ਸੀ। ਇਥੇ ਆ ਕੇ ਹੁਣ ਤਕ ਉਹ ਖੋਲ ਦੇ ਅੰਦਰ ਹੀ ਰਿਹਾ। ਸ਼ਰਾਫਤ ਦੇ ਖੋਲ ਉਤੇ ਬਿਮਾਰੀ ਦਾ ਖੋਲ ਚੜ੍ਹ ਗਿਆ ਤਾਂ ਉਸ ਨੂੰ ਹੋਰ ਵੀ ਹਮਦਰਦੀ ਤੇ ਪਿਆਰ ਮਿਲਿਆ। ਬਿਮਾਰੀ ਦੇ ਖੋਲ ਦੀ ਪਕੜ ਰਤਾ ਢਿਲਿਆਂ ਹੁੰਦਿਆਂ ਹੀ ਉਸ ਨੇ ਦੂਜਾ ਖੋਲ ਵੀ ਉਤਾਰਨਾ ਚਾਹਿਆ। ਹੁਣ ਉਹ ਖੋਲ ਦੇ ਅੰਦਰ ਸੀ ਨਾ ਬਾਹਰ। ਕੁੰਤੀ ਤੇ ਦੇਵ ਅੱਜ ਤੋਂ ਉਸ ਨੂੰ ਅਤਿ ਦਰਜੇ ਦਾ ਘਟੀਆ ਤੇ ਕਮੀਨਾ ਆਦਮੀ ਸਮਝਣ ਲੱਗ ਪੈਣਗ ਤੇ ਉਹ ਹੁਣ ਇਥੇ ਨਹੀਂ ਰਹੇਗਾ। ਉਸ ਨੂੰ ਅੱਜ ਹੀ ਕਮਰਾ ਤਬਦੀਲ ਕਰ ਦੇਣਾ ਚਾਹੀਦਾ ਹੈ। ਕੁੰਤੀ ਨੇ ਦੇਵ ਨਾਲ ਜ਼ਰੂਰ ਗੱਲ ਕਰਨੀ ਸੀ ਤੇ ਦੇਵ ਨੇ ਉਸਨੂੰ ਆਪਣੇ ਕਮਰੇ ਵਿਚ ਬੁਲਾਉਣਾ ਸੀ। ਬੱਸ ਉਹ ਉਸ ਦੇ ਸਾਮ੍ਹਣੇ ਅੱਖ ਭਰ ਕੇ ਨਹੀਂ ਵੇਖ ਸਕੇਗਾ। ਗੱਲ ਦਾ ਅੰਤ ਪਤਾ ਨਹੀਂ ਕਿਥੇ ਹੋਵੇਗਾ। ਗੁਨਾਹ ਸਵੀਕਾਰ ਕਰ ਕੇ ਵੀ ਸ਼ਾਇਦ ਛੁਟਕਾਰਾ ਨਾ ਮਿਲੇ।

ਉਸ ਨੇ ਇਰਾਦਾ ਕੀਤਾ ਕਿ ਕਲ੍ਹ ਗੁਆਚੇ ਪੈਸੇ ਉਹ ਕੁੰਤੀ ਜਾਂ ਸ਼ੰਟੀ ਦੇ ਸਿਰ ਲਾ ਦੇਵੇ ਤੇ ਇਸ ਤਰ੍ਹਾਂ ਉਹ ਆਪਣੀ ਲੱਤ ਉਤੇ ਰੱਖੇ। ਉਹ ਆਂਢ-ਗੁਆਂਢ 'ਚ ਧੁੰਮਾ ਦੇਵੇ ਕਿ ਸ਼ੰਟੀ ਜਾਂ ਕੁੰਤੀ ਨੇ ਉਸ ਦੇ ਤੀਹ ਰੁਪਏ ਚੁਰਾ ਲਏ ਹਨ—ਉਲਟਾ ਦੋਸ਼ ਲਾਉਂਦੀਆਂ ਹਨ।

ਉਹ ਰੇਲਵੇ ਲਾਈਨ ਦੇ ਸਾਮ੍ਹਣੇ ਸੀ। ਉਹ ਫਾਟਕ ਵੱਲ ਤੁਰਦਾ ਜਾ ਰਿਹਾ ਸੀ ਪਰ ਲਗਦਾ ਸੀ ਕਿ ਫਾਟਕ ਹੋਰ ਦੂਰੀ ਹੋਈ ਜਾ ਰਿਹਾ ਹੈ। ਚੋਰੀ ਹੋਣ ਦੀ ਢਾਲ ਉਸ ਦੇ ਹੱਥ ਵਿਚ ਆ ਗਈ ਜਿਸ ਨਾਲ ਉਸ ਨੂੰ ਸਾਰਾ ਬਚਾ ਦਿਸਦਾ ਸੀ।

ਫਾਟਕ ਦੇ ਐਨ ਨਜ਼ਦੀਕ ਅੱਪੜ ਕੇ ਉਸ ਦਾ ਅੰਦਰੋਂ ਦਿਲ ਕੀਤਾ ਕਿ ਜੇਕਰ ਗੱਡੀ ਆ ਜਾਵੇ ਤਾਂ ਉਹ ਉਸ ਦੇ ਹੇਠਾਂ ਸਿਰ ਦੇ ਦੇਵੇ। ਉਸ ਨੇ ਫੈਸਲਾ ਕਰ ਲਿਆ ਕਿ ਉਹ ਸ਼ੰਟੀ ਅਤੇ ਕੁੰਤੀ ਨਾਲ ਹੋਰ ਧੱਕਾ ਨਹੀਂ ਕਰੇਗਾ। ਉਹ ਸਾਰੀ ਜ਼ਿੰਮੇਂਵਾਰੀ ਆਪਣੇ ਸਿਰ ਲੈ ਲਵੇਗਾ। ਸ਼ੰਟੀ ਦੀ ਇੱਛਾ ਹੋਵੇ ਜਾਂ ਨਾ। ਉਹ ਸਭ ਕੁਝ ਆਪਣੇ ਉਤੇ ਜਰੇਗਾ ਕਿ ਉਸ ਨੇ ਗ਼ਲਤੀ ਕੀਤੀ ਹੈ। ਹਾਂ ਇਹ ਉਸ ਦੀ ਗ਼ਲਤੀ ਸੀ। ਉਸ ਨੂੰ ਚਾਹੀਦਾ ਸੀ ਕਿ ਉਹ ਸ਼ੰਟੀ ਪ੍ਰਤੀ ਗੰਭੀਰ ਰਹਿੰਦਾ। ਸ਼ੰਟੀ ਨੇ ਭਾਵੇਂ ਕੋਈ ਵੀ ਹਰਕਤ ਕੀਤੀ ਉਸ ਨੂੰ ਗੰਭੀਰ ਰਹਿਣਾ ਚਾਹੀਦਾ ਸੀ। ਇਸ ਨਾਲ ਉਸਦਾ ਨਕਸ਼ਾ ਹੀ ਵਿਗੜਿਆ ਸੀ। ਮਦਨ ਮਦਨ ਸੀ ਉਸ ਨੂੰ ਪਹਿਲਾਂ ਵਾਲਾ ਮਦਨ ਹੀ ਰਹਿਣਾ ਚਾਹੀਦਾ ਸੀ।

"ਤਾਂ ਕੀ ਉਸ ਦਾ ਝੁਕਾਅ ਨਹੀਂ ਸੀ......ਉਹ ਬਾਰੀ ਵਿਚੋਂ ਕਾਹਦੇ ਲਈ ਵੇਖਦੀ ਸੀ? ਉਹ ਮੁਸਕਰਾਈ ਕਾਹਦੇ ਲਈ ਸੀ? ਉਸ ਨੇ ਅੰਗੜਾਈ ਕਾਹਦੇ ਲਈ ਲਈ? ਉਸਨੇ ਪਹਿਲੇ

ਦਿਨ ਹੀ ਕਿਉਂ ਨਾ ਦੱਸਿਆ ? ਦੂਜੇ ਦਿਨ ਹੀ ਦੱਸ ਦਿੰਦੀ।" ਅੰਦਰੋ ਅੰਦਰ ਘੁਲਦਾ ਉਹ ਫਿਰ ਸ਼ੰਟੀ 'ਤੇ ਕ੍ਰਿਝ ਉਠਿਆ।

ਉਹ ਇਸ ਫੈਸਲੇ 'ਤੇ ਅੱਪੜ ਗਿਆ ਕਿ ਉਹ ਸ਼ੰਟੀ ਅਤੇ ਕੁੰਤੀ ਦੁਹਾਂ 'ਤੇ ਚਿੱਕੜ ਉਛਾਲ ਦੇਵੇ ਕਿ ਉਹ ਬਦਕਾਰੀ ਕਰਨਾ ਚਾਹੁੰਦੀਆਂ ਸਨ। ਇਥੇ ਉਸ ਨੂੰ ਕੌਣ ਜਾਣਦਾ ਸੀ। ਉਹ ਅਛੁੱਤ ਜਾਵੇਗਾ ਤੇ ਸ਼ਹਿਰ ਦੇ ਦੂਜੇ ਬੰਨੇ ਕਮਰਾ ਲੈ ਲਵੇਗਾ। ਸਭ ਦਲੀਲਾਂ ਜੋ ਜੋ ਉਸ ਨੇ ਆਪਣੇ ਹੱਕ ਵਿਚ ਘੜੀਆਂ, ਦੇ ਬਾਵਜੂਦ ਗੁੱਸਾ ਉਸ ਨੂੰ ਆਪਣੇ ਆਪ ਉਤੇ ਹੀ ਆ ਰਿਹਾ ਸੀ। ਗਿਲਾਨੀ ਆਪਣੀ ਹੀ ਜ਼ਿਹਨੀਅਤ ਉਤੇ ਹੋ ਰਹੀ ਸੀ। ਲਾਹਣਤਾਂ ਉਹ ਆਪਣੇ ਆਪ ਨੂੰ ਹੀ ਪਾ ਰਿਹਾ ਸੀ। ਫਿਰ ਆਉਣ ਵਾਲੇ ਹਾਲਤ ਨਾਲ ਨਜਿੱਠਣ ਲਈ ਉਹ ਜਿਹੜਾ ਵੀ ਹਥਿਆਰ ਚੁਕਦਾ ਉਸ ਦੇ ਆਪਣੇ ਹੀ ਸਿਰ ਨੂੰ ਆਉਂਦਾ। ਉਸਨੇ ਰਿਕਸ਼ਾ ਕੀਤਾ ਅਤੇ ਮਨ ਦਾ ਭਾਰ ਹੌਲਾ ਕਰਨ ਲਈ ਸਿਨੇਮੇ ਜਾਣ ਦਾ ਮਨ ਬਣਾ ਲਿਆ ਪਰ ਥੋੜ੍ਹੀ ਦੂਰ ਜਾ ਕੇ ਹੀ ਉਸਨੇ ਰਿਕਸ਼ੇ ਵਾਲੇ ਨੂੰ ਗਾਂਧੀ ਪਾਰਕ ਚਲਣ ਦਾ ਹੁਕਮ ਦਿਤਾ।

ਪਾਰਕ ਵਿਚ ਉਹ ਗੁਲਮੋਹਰ ਦੇ ਰੁੱਖ ਹੇਠਾਂ ਘਾਹ 'ਤੇ ਲੇਟ ਗਿਆ। ਉਸ ਦਾ ਸਿਰ ਪਾਟ ਰਿਹਾ ਸੀ ਤੇ ਉਸ ਨੂੰ ਦਰਖ਼ਤ ਦੇ ਟਾਹਣ ਦੂਹਰੇ ਦੂਹਰੇ ਦਿਸ ਰਹੇ ਸਨ। ਕਦੇ ਕਦੇ ਉਸ ਨੂੰ ਲਗਦਾ ਕਿ ਟਾਹਣ ਵਾਰੀ ਵਾਰੀ ਟੁੱਟ ਕੇ ਉਸ ਉਪਰ ਡਿੱਗ ਰਹੇ ਹਨ। ਇਸੇ ਹਾਲਤ ਵਿਚ ਉਹ ਸ਼ਾਮ ਤਕ ਪਿਆ ਰਿਹਾ। ਉਸ ਨੂੰ ਭੁਖ ਲੱਗੀ ਜਾਂ ਨਾ ਪਰ ਉਸ ਨੇ ਖਾਧਾ ਪੀਤਾ ਕੁਝ ਵੀ ਨਾ। ਨੇਰ੍ਹਾ ਹੋ ਚਲਿਆ ਸੀ ਜਦ ਉਸ ਨੇ ਘਰ ਪਰਤਣ ਦਾ ਇਰਾਦਾ ਕੀਤਾ। ਉਸ ਨੇ ਰਿਕਸ਼ਾ ਕੀਤਾ। ਉਸਦੀ ਦਿਹ ਮਣਾਂ ਮੂੰਹੀ ਭਾਰੀ ਹੋ ਗਈ ਸੀ ਜੋ ਉਸ ਤੋਂ ਰਿਕਸ਼ੇ ਵਿਚ ਚੜ੍ਹੀ ਕਰਦਿਆਂ ਇਕ ਬੰਨੇ ਉਲਰ ਗਈ।

ਬੂਹਾ ਖੋਲ੍ਹ ਕੇ ਉਸ ਨੇ ਹਾਲੀ ਕਮਰੇ ਵਿਚ ਪੈਰ ਹੀ ਰੱਖਿਆ ਸੀ ਕਿ ਦੇਵ ਨੇ ਆਪਣੇ ਬੂਹੇ 'ਚੋਂ ਉਸ ਨੂੰ ਪਿਛਿਓਂ ਆਵਾਜ਼ ਦਿਤੀ। ਮਦਨ ਨੇ ਇਕ ਦਮ ਫੈਸਲੇ ਨੂੰ ਦੁਹਰਾਇਆ ਕਿ ਉਹ ਦੋਹਾਂ 'ਤੇ ਦੋਸ਼ ਥੱਪ ਦੇਵੇ।

"ਬਾਊ ਸਾਹਿਬ ਜ਼ਰਾ ਬਾਤ ਸੁਨਨਾ !" ਮਦਨ ਮਣ ਮਣ ਦੇ ਭਾਰੇ ਕਦਮ ਧੂੰਹਦਾ ਦੇਵ ਕੋਲ ਜਾ ਖੜਾ। ਉਸ ਦੀਆਂ ਨਜ਼ਰਾਂ ਧਰਤੀ ਤੋਂ ਉਪਰ ਨਹੀਂ ਸਨ ਉਠ ਰਹੀਆਂ ਤੇ ਕੋਈ ਵੀ ਦਾਅ ਪੇਚ ਉਸ ਦਾ ਸਾਥ ਨਹੀਂ ਸੀ ਦੇ ਰਿਹਾ।

"ਅੰਦਰ ਚਲੇ ਆਓ।" ਉਹ ਚੁੱਪ ਚਾਪ ਅੰਦਰ ਚਲਾ ਗਿਆ ਤੇ ਆਉਣ ਵਾਲੇ ਖ਼ਤਰਨਾਕ ਸੁਆਲਾਂ ਅਤੇ ਗੰਭੀਰ ਸਿੱਟਿਆਂ ਦੀ ਉਡੀਕ ਕਰਨ ਲੱਗਾ।

"ਤੁਸੀਂ ਕੁੰਤੀ ਨੂੰ ਕੀ ਸਮਝਦੇ ਓ ?" ਦੇਵ ਨੇ ਠੇਠ ਪੰਜਾਬੀ ਵਿਚ ਸੁਆਲ ਕੀਤਾ।

"ਅਸਲ ਵਿਚ ਭਾਈ ਸਾਹਿਬ !" ਮਦਨ ਦੀ ਜ਼ਬਾਨ ਥਿੜਕ ਗਈ। "ਜੋ ਕੁਝ ਵੀ ਹੋਇਆ ਹੈ ਇਹ ਨਹੀਂ ਸੀ ਹੋਣਾ ਚਾਹੀਦਾ। ਮੈਨੂੰ ਅਫ਼ਸੋਸ ਹੈ ਕਿ ਮੈਂ ਤੁਹਾਡੀ ਆਤਮਾ ਨੂੰ ਕਸ਼ਟ ਪਹੁੰਚਾਇਆ ਹੈ।" ਮਦਨ ਨੇ ਇਕ ਵੀ ਬਹਾਨਾ ਨਾ ਕੀਤਾ ਤੇ ਇਕ ਵੀ ਬਚਾਓ ਲਈ ਦੋਸ਼ ਨਾ ਥੱਪਿਆ ਸਗੋਂ ਸਿੱਧਾ ਕਸੂਰ ਮੰਨ ਲਿਆ।

"ਤੁਸੀਂ ਸਮਝਿਆ ਕੀ ? ਸਾਡੀ ਨੇਕੀ ਦਾ ਸਾਨੂੰ ਇਹ ਫਲ ਦਿਤੈ।" ਦੇਵ ਗੁੱਸੇ ਵਿਚ ਕੰਬ ਰਿਹਾ ਸੀ।

"ਅਸੀਂ ਤਾਂ ਆਗੇ ਸੇ ਮਰਦੇ ਕੇ ਮੂੰਹ ਮੇਂ ਵੀ ਪਾਨੀ ਨਾ ਪਾਵਾਂਗੇ ।" ਕੁੰਤੀ ਨੂੰ ਦੇਵ ਨੇ ਇਸ ਤੋਂ ਅੱਗੇ ਨਾ ਬੋਲਣ ਦਿੱਤਾ । 'ਤੂੰ ਚੁੱਪ ਕਰ—ਮੈਂ ਕਰਦਾਂ ਗੱਲ ।' ਤੇ ਫਿਰ ਉਹ ਮਦਨ ਨੂੰ ਸੰਬੋਧਨ ਹੋਇਆ—"ਸਾਨੂੰ ਤੁਹਾਡੇ ਪਾਸੋਂ ਇਹ ਉਮੀਦ ਨਹੀਂ ਸੀ ।"

"ਮੈਨੂੰ ਵੀ ਆਪਣੇ ਆਪ ਪਾਸੋਂ ਇਹ ਉਮੀਦ ਨਹੀਂ ਸੀ ।" ਮਦਨ ਹਾਲੇ ਜੁੱਤੀ ਦੀ ਨੋਕ ਨਾਲ ਧਰਤੀ ਖਰੋਲ ਰਿਹਾ ਸੀ ।

"ਅੱਛਾ ! ਅਸੀਂ ਤਾਂ ਕੱਲ੍ਹ ਨੂੰ ਕਮਰਾ ਛੱਡ ਜਾਵਾਂਗੇ, ਪਰ ਤੁਸੀਂ ਸਾਨੂੰ ਸਿਖਾ ਦਿਤਾ ਕਿ ਕਿਸੇ ਨਾਲ ਹਮਦਰਦੀ ਕਰਨ ਦਾ ਕੀ ਸਿੱਟਾ ਨਿਕਲਦੈ ।"

"ਨਹੀਂ ਤੁਸੀਂ ਇਹ ਕਮਰਾ ਨਾ ਛੱਡੋ । ਇਸ ਨਾਲੋਂ ਤੁਸੀਂ ਮੈਨੂੰ ਕਰੜੀ ਤੋਂ ਕਰੜੀ ਸਜ਼ਾ ਦੇ ਲਓ । ਮੇਰੇ ਕਰ ਕੇ ਸਜ਼ਾ ਦੇ ਹੱਕਦਾਰ ਤੁਸੀਂ ਨਹੀਂ, ਕਮਰਾ ਮੈਂ ਛੱਡ ਦਿਆਂਗਾ ।" ਮਦਨ ਬੋਲਾਂ ਵਿਚ ਜਿਵੇਂ ਕਰਾਰ ਅਤੇ ਹੌਂਸਲਾ ਆ ਗਿਆ ।

ਮਹੌਲ ਦਾ ਤਣਾਅ ਨਾ ਘਟਿਆ । ਅਗਲੇ ਦਿਨ ਮਦਨ ਦੇ ਬੂਹੇ ਅੱਗੇ ਰਿਕਸ਼ਾ ਖੜਾ ਸੀ ਤ ਉਸ ਨੇ ਸਾਰਾ ਸਾਮਾਨ ਤਿਆਰ ਕਰ ਲਿਆ ਸੀ । ਮਦਨ ਨੇ ਦੇਵ ਅਤੇ ਕੁੰਤੀ ਦੇ ਨਾਂ ਹਿੰਦੀ ਵਿਚ ਖਿਮਾਂ-ਪੱਤਰ ਲਿਖਿਆ ਜਿਸ ਵਿਚ ਉਸ ਨੇ ਸਾਰਾ ਕਸੂਰ ਆਪਣੇ ਉਤੇ ਲੈ ਕੇ ਸ਼ੰਟੀ ਨੂੰ ਬਰੀ ਕਰ ਦਿਤਾ । ਉਸਨੇ ਲਿਖਿਆ ਕਿ ਉਸ ਨੇ ਵਧੀਆ ਅਤੇ ਨੇਕ ਬੰਦਿਆਂ ਦਾ ਦਿਲ ਦੁਖਾ ਕੇ ਨਾ-ਬਖਸ਼ਣ ਜੋਗ ਗੁਨਾਹ ਕੀਤਾ ਹੈ, ਜਿਸ ਦੀ ਉਹ ਆਪਣੇ ਆਪ ਨੂੰ ਸਜ਼ਾ ਦੇਵੇਗਾ । ਸਾਮਾਨ ਰਿਕਸ਼ੇ ਵਿਚ ਰਖਾਉਣ ਤੋਂ ਬਾਅਦ ਉਸ ਨੇ ਕਾਗਜ਼ ਦੇਵ ਦੇ ਹੱਥ ਦਿਤਾ ਤੇ ਆਪ ਰਿਕਸ਼ੇ ਵਿਚ ਬੈਠ ਗਿਆ ।

ਅਪਰਾਧ ਦੇ ਭਾਰ ਦੇ ਬਾਵਜੂਦ ਉਸ ਦਾ ਮਨ ਹੌਲਾ ਸੀ ਕਿ ਉਸ ਨੇ ਸ਼ੰਟੀ ਨਾਲ ਹੋਰ ਕਿਸੇ ਕਿਸਮ ਦੀ ਜ਼ਿਆਦਤੀ ਨਹੀਂ ਕੀਤੀ । ਜੇਕਰ ਉਹ ਇਕ ਔਰਤ ਨੂੰ ਸਤਿਕਾਰ ਦੀਆਂ ਨਜ਼ਰਾਂ ਨਾਲ ਨਹੀਂ ਸੀ ਵੇਖ ਸਕਿਆਂ ਤਾਂ ਉਸ ਨੇ ਪੂਰੀ ਦ੍ਰਿੜਤਾ ਨਾਲ ਉਸਨੂੰ ਬੇਕਸੂਰ ਸਾਬਤ ਕਰ ਕੇ ਵਧੀਆ ਕੀਤਾ ਹੈ । ਇਸ ਦੀ ਉਸ ਨੂੰ ਤਸੱਲੀ ਸੀ ਤੇ ਉਹ ਜ਼ਰਾ ਤਣ ਕੇ ਸਾਮਾਨ ਦੇ ਉਪਰ ਫੈਲ ਗਿਆ ।

ਰਿਕਸ਼ਾ ਹਾਲੇ ਗਲੀ ਦਾ ਮੋੜ ਮੁੜਿਆ ਹੀ ਸੀ ਕਿ ਗਲੀ ਦੇ ਕੋਣੇ ਨਾਲ ਖੜੋਤੀ ਸ਼ੰਟੀ ਨੇ ਮਦਨ ਵੱਲ ਹੱਥ ਵਧਾਇਆ । "ਭ੍ਰਾਈ ਸਾਹਿਬ ਯੇਹ ਲੇਤੇ ਜਾਨਾ—ਆਪ ਕੇ ਲੀਏ ਹੈ ।' ਮਦਨ ਨੇ ਨਿੰਮੋਝੂਣਾ ਹੋ ਕੇ ਕਾਗਜ਼ ਉਸ ਤੋਂ ਫੜ ਲਿਆ । ਭਾਈ ਸਾਹਿਬ ਸ਼ਬਦ ਉਸ ਦੇ ਕੰਨਾਂ ਵਿਚ ਬੁਰੀ ਤਰ੍ਹਾਂ ਵੱਜ ਰਿਹਾ ਸੀ । ਰਿਕਸ਼ਾ ਗਲੀ ਮੁਕਾ ਕੇ ਜਿਉਂ ਹੀ ਸੜਕ 'ਤੇ ਚੜ੍ਹਿਆ ਮਦਨ ਨੇ ਕਾਗਜ਼ ਦੀਆਂ ਤਹਿਆਂ ਖੋਲ੍ਹੀਆਂ ਤੇ ਪੜ੍ਹਨਾ ਸ਼ੁਰੂ ਕੀਤਾ—"ਮਦਨ ਜੀ, ਮੁਝੇ ਅਫ਼ਸੋਸ ਹੈ ਕਿ ਮੈਂ ਆਪ ਕੋ ਸਮਝ ਨਾ ਸਕੀ । ਮੈਂ ਨੇ ਆਪ ਕੋ ਇਤਨਾ ਤਸੀਹਾ ਦੀਆ ਹੈ, ਆਪ ਕੇ ਦਿਲ ਕੋ ਇਤਨਾ ਦੁਖਾਇਆ ਹੈ । ਕਸੂਰ ਆਪ ਕਾ ਨਹੀਂ ਥਾ ਮੇਰਾ ਥਾ ਜੋ ਬਹਿਨ ਜੀ ਕੋ ਬਤਾਨੇ ਕਾ ਪਾਗ਼ਲਪਨ ਕਰ ਗਈ । ਆਪ ਮੁਝੇ ਮੁਆਫ਼ ਕਰ ਦੀਜੀਏ—ਸ਼ੰਟੀ ।"

ਮਦਨ ਨੇ ਹੇਠਲਾ ਬੁੱਲ੍ਹ ਦੰਦਾਂ ਵਿਚ ਟੁੱਕ ਲਿਆ ਤੇ ਕਾਗਜ਼ ਦੇ ਟੁਕੜੇ ਕਰ ਕੇ ਹੱਥ ਬਿਨਾਂ ਉਪਰ ਚੁਕਿਆਂ ਹਵਾ ਵਿਚ ਛੱਡ ਦਿਤੇ ਜੋ ਸੜਕ 'ਤੇ ਇਧਰ ਉਧਰ ਖਿੰਡ ਗਏ । ਖੋਲ ਵਿਚ ਵੜਿਆ ਮਨੁੱਖ ਰਿਕਸ਼ੇ ਵਿਚ ਬੈਠਾ ਕੌੜੀ ਯਾਦ ਤੋਂ ਦੂਰ ਜਾ ਰਿਹਾ ਸੀ ।

×

[ਪਿੰਡ ਤੇ ਡਾਕਘਰ ਮੰਡੀ ਕਲਾਂ, ਰਾਹੀਂ ਰਾਮਪੁਰਾ ਫੂਲ, ਜ਼ਿਲਾ ਬਠਿੰਡਾ]

## ਦ ਗ਼ਜ਼ਲਾਂ

ਦਿਲਜੀਤ ਪਾਲ

1

ਕੋਈ ਅਫਵਾਹ ਸੀ ਜਾਂ ਖੌਰੇ ਖਬਰ ਸੀ ।
ਹਾਦਸੇ 'ਚ ਮੋਇਆ ਆਦਮੀ ਬੇਘਰ ਸੀ ।
ਗੁਲਾਬਾਂ ਨੂੰ ਖਿੜ ਰਹੇ ਨੇ ਥੋਹਰਾਂ ਦੇ ਫੁੱਲ,
ਗੱਲ ਉਹੋ ਹੋਈ ਹੈ ਕਿ ਜਿਸ ਦਾ ਡਰ ਸੀ ।
ਮਹਿਫਲ 'ਚ ਪਹਿਨ ਕੇ ਆਏ ਸੀ ਸਭ ਚਿਹਰੇ,
ਸਭ ਨੂੰ ਆਪਣੀ ਆਪਣੀ ਫਿਕਰ ਸੀ ।
ਧੁੱਪ, ਮੀਂਹ, ਤੂਫਾਨ ਅੱਗੇ ਵੀ ਸਿਰ ਨਹੀਂ ਚੁੱਕੇ
ਕਿੰਨਾ ਅਜੀਬ ਉਨ੍ਹਾਂ ਲੋਕਾਂ ਦਾ ਸਬਰ ਸੀ ।
ਇਹ ਹੋਰ ਗੱਲ ਹੈ ਕਿ ਆਪਾਂ ਨਹੀਂ ਮਿਲੇ ਕਦੇ,
ਉਂਜ ਤਾਂ ਲਾਗੇ ਲਾਗੇ ਆਪਣੇ ਘਰ ਸੀ ।
ਸੜਕ ਤੋਂ ਹੁਣੇ ਜੋ ਲੰਘ ਕੇ ਗਿਆ ਹੈ ਸ਼ਖਸ
ਉਹ ਆਦਮੀ ਨਹੀਂ ਆਦਮੀ ਦਾ ਪਿੰਜਰ ਸੀ ।
ਕੋਈ ਅਫਵਾਹ ਸੀ ਜਾਂ ਖੌਰੇ ਖਬਰ ਸੀ ।
ਹਾਦਸੇ 'ਚ ਮੋਇਆ ਆਦਮੀ ਬੇਘਰ ਸੀ ।

2

ਉਦਾਸ ਚਿਹਰੇ, ਸੋਗੀ ਹਵਾ, ਜ਼ਖਮ ਤੇ ਟੁੱਟੇ ਪਰ ।
ਬਸ ਇਕ ਨਿਰਮੋਹਾ ਜਾਲ ਹੈ ਵੇਖੋਂ ਜਿਧਰ ।
ਜ਼ਿਹਨ ਦੇ ਜੰਗਲਾਂ 'ਚ ਭਟਕਦੇ ਅੱਜ ਦੇ ਸਿਧਾਰਥ,
ਖੌਰੇ ਕਿਸ ਮੋੜ 'ਤੇ ਛੱਡ ਆਏ ਹਾਂ ਆਪਣੇ ਘਰ ।
ਹਰ ਰਿਸ਼ਤੇ ਨੂੰ ਹੋ ਗਿਆ ਹੈ ਯਾਰੋ ਕੈਂਸਰ,
ਫੈਸ਼ਨ ਦੇ ਵਾਂਗ ਮੁਹੱਬਤਾਂ ਬਦਲੇ ਇਹ ਨਗਰ ।
ਅੱਜ ਮਹਿਫਲ 'ਚ ਤੇਰੀ ਚਰਚਾ ਨਾਲ ਇੰਜ ਜਾਪਿਆ,
ਹੋਵੇ ਡੁੱਬ ਚੁੱਕੇ ਜਹਾਜ਼ ਦੀ ਜਿਵੇਂ ਕੋਈ ਖਬਰ ।
ਮੈਂ ਤੇਰੀ ਹਿੱਕ ਦਾ ਕੋਈ ਗੈਰ-ਹਾਜ਼ਰ ਜ਼ਖਮ ਹਾਂ,
ਛੱਡ ਪਰਾਂਹ ਅਸਮਾਨ ਨੂੰ ਐਵੇਂ ਸਿਜਦੇ ਨਾ ਕਰ ।
ਉਦਾਸ ਚਿਹਰੇ, ਸੋਗੀ ਹਵਾ, ਜ਼ਖਮ ਤੇ ਟੁੱਟੇ ਪਰ ।
ਬਸ ਇਕ ਨਿਰਮੋਹਾ ਜਾਲ ਹੈ ਵੇਖੋਂ ਜਿਧਰ !

[ਪਿੰਡ ਤੇ ਡਾਕਘਰ ਭੁੱਲਰ, ਨੇੜੇ ਬਟਾਲਾ, ਜ਼ਿਲਾ ਗੁਰਦਾਸਪੁਰ]

## ਪੈਂਡਿੰਗ ਡਰਾਫ਼ਟ

ਅਜਾਇਬ ਸਿੰਘ

ਸਵੇਰ ਸਾਰ ਦਿਨ ਢਿੱਲਿਆ ਢਿੱਲਿਆ ਲੱਗਿਆ। ਪਤੀਲਾ ਸਾਫ਼ ਕਰਨ ਵੇਲੇ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਪਤੀਲੇ ਦੀ ਥਾਂ ਮੇਰਾ ਅਪਣਾ ਸਰੀਰ ਕਿਸੇ ਖ਼ਿੰਗਰ ਨਾਲ ਰਗੜਿਆ ਜਾ ਰਿਹਾ ਹੈ।...ਚਾਹ ਦੇ ਘੁੱਟ ਭਰਨ ਸਮੇਂ ਬੁੱਲ੍ਹ ਵੀ ਜਿਵੇਂ ਦੁਖਦੇ ਨੇ।

ਹੌਲੀ ਹੌਲੀ ਤਿਆਰੀ ..ਕਮਰਾ ਨਾ ਸਾਫ਼ ਕਰਨਾ...ਜੁੱਤੀ ਉੱਤੇ ਹੌਲੀ ਹੌਲੀ ਬੁਰਸ਼... ਮਲਕੜੇ ਜਿਹੇ ਬੂਹਾ ਬੰਦ ਕਰਕੇ, ਜਿੰਦਰਾ ਮਾਰ, ਚਾਬੀ ਵੀ ਜੇਬ ਵਿਚ ਲਾਪਰਵਾਹੀ ਨਾਲ ਨਹੀਂ ਸੁਟੀ। ਇਸ ਤਰ੍ਹਾਂ ਜਿਵੇਂ ਹਰ ਚੀਜ਼ ਦੁਖਦੀ ਹੈ...ਜ਼ਖਮੀ ਹੈ।

ਰਾਤੀਂ ਚੰਗਾ ਭਲਾ ਸੁੱਤਾ। ਕੱਲ੍ਹ ਦਫ਼ਤਰ ਵਿਚ ਕਿੰਨਾ ਜੋਸ਼ ਸੀ। ਸਾਰੇ ਦਫ਼ਤਰ ਵਾਲਿਆਂ ਦੇ ਆਖਣ ਉੱਤੇ ਵੀ ਅਪਣੇ ਹੀ ਫ਼ੈਸਲੇ 'ਤੇ ਅੜਿਆ ਰਿਹਾ। ਇਸ ਕਰਕੇ ਕਿ ਉਹੋ ਠੀਕ ਸੀ। ਕਦੇ ਵੀ ਕਿਸੇ ਕੇਸ ਦੀ ਪ੍ਰਵਾਹ ਨਹੀਂ ਹੋਈ।

ਗੱਲ ਗੱਲ ਉੱਤੇ ਸਾਅਬ ਨੇ ਟਿਪਣੀ ਕੀਤੀ। ਹਰ ਕੇਸ ਕਿੰਨੀ ਵਾਰ 'ਗੱਲ ਕਰੋ' ਹੋ ਕੇ ਨਿਕਲਦਾ ਰਿਹਾ ਪਰ ਕਦੇ ਕੋਈ ਗੱਲ ਦਿਲ 'ਚ ਨਾ ਆਈ।

ਸੁਪਨਾ ਸੀ ਕਿ ਸਾਹ-ਸੱਤ ਹੀ ਨਿਕਲ ਗਿਆ। ਦਫ਼ਤਰ ਜਾਂਦੇ ਸਮੇਂ ਰਸਤੇ ਦੇ ਰੋੜਿਆਂ ਨੂੰ ਪੈਰਾਂ ਨਾਲ ਇਧਰ ਉੱਧਰ ਵਗ੍ਹਾਹ ਮਾਰਨ ਦੀ ਥਾਂ ਅੱਜ ਕਿੰਨਾ ਪੋਲੇ ਪੋਲੇ ਪੈਰੀਂ ਤੁਰਿਆ। ਹਰ ਕਦਮ ਬਚਾ ਬਚਾ ਇਸ ਤਰ੍ਹਾਂ ਰਖਦਾ ਜਿਵੇਂ ਇਨ੍ਹਾਂ ਦੇ ਵੀ ਸੱਟ ਵੱਜੇਗੀ...ਹਰ ਛੋਹ ਪੋਲੀ ਪੋਲੀ।

ਅੱਜ ਕਲਮ ਦੀ...ਹਰ ਫ਼ਾਈਲ ਦੀ ਪਕੜ ਢਿੱਲੀ ਰਹੀ। ਨਵੇਂ ਡਰਾਫ਼ਟ 'ਤੇ ਸਾਅਬ ਨੇ ਫੇਰ 'ਗੱਲ ਕਰੋ' ਲਿਖ ਦਿਤਾ ਹੈ...ਇਹਨੂੰ ਵੀ ਮੈਂ ਬਿਨਾਂ ਗੱਲ ਕੀਤੇ ਹੀ ਪੈਂਡਿੰਗ ਟਰੇ 'ਚ ਰੱਖ ਲਿਆ।

ਇਸ ਤੋਂ ਪਹਿਲਾ ਨੋਟ ਵੀ ਅਜੇ ਮੇਰੀ ਹੀ ਆਊਟ ਟਰੇ ਵਿਚ ਪਿਆ ਹੈ। ਪਰ ਉਸ ਉੱਤੇ ਵੀ ਜੋ ਸਾਅਬ ਨੇ ਕਿਹਾ ਸੀ ਉਹ ਨਹੀਂ ਲਿਖਿਆ।

ਸਾਅਬ ਪੰਜ ਦਿਨ ਦੇ ਸਰਕਾਰੀ ਦੌਰੇ ਉੱਤੇ ਗਿਆ ਹੋਇਆ ਸੀ, ਕਿ ਬਹੁਤ ਨਾਜ਼ਕ ਕੇਸ ਹਸਪਤਾਲ ਵਿਚ ਆਇਆ। ਵਿਧਵਾ ਮਾਂ ਦੇ ਇਕੋ ਇਕ ਭਰ ਜਵਾਨ ਪੁੱਤਰ ਦਾ ਐਕਸੀਡੈਂਟ ਹੋ ਗਿਆ ਸੀ। ਕਾਰ ਵਾਲਾ ਕਾਰ ਨੂੰ ਤੇਜ਼ ਕਰਕੇ ਨਿਕਲ ਗਿਆ ਸੀ। ਅੰਧੇ ਧੁੰਦ ਪਹਿਲਾਂ ਤਾਂ ਉਸ ਨੂੰ ਇਕ ਪ੍ਰਾਈਵੇਟ ਡਾਕਟਰ ਕੋਲ ਲਿਜਾਇਆ ਗਿਆ। ਪਰ ਪੈਸਿਆਂ ਦੀ ਆਸ ਨਾ ਹੋਣ ਕਰਕੇ ਅਤੇ ਕੇਸ ਜ਼ਿਆਦਾ ਗੰਭੀਰ ਹੋ ਜਾਣ ਕਾਰਨ ਉਸ ਨੇ ਹਸਪਤਾਲ ਲਿਜਾਣ ਲਈ ਕਹਿ ਦਿਤਾ। ਸਿਰ ਵਿਚ ਗਹਿਰੀ ਸੱਟ ਸੀ। ਖ਼ੂਨ ਜ਼ਿਆਦਾ ਵਹਿ ਜਾਣ ਕਾਰਨ ਬਚਣ ਦੀ ਆਸ ਬਹੁਤ ਥੋੜੀ ਰਹਿ ਗਈ ਸੀ। ਖ਼ੂਨ ਅਤੇ ਦੁਆਈਆਂ ਦੀ ਛੇਤੀ ਲੋੜ ਸੀ ਜੋ ਮੈਂ ਸਾਅਬ ਦੀ ਮਨਜ਼ੂਰੀ ਤੋਂ ਬਿਨਾਂ ਜਾਰੀ ਕਰ ਦਿਤੀਆਂ ਅਤੇ ਉਸ ਦੇ ਵਾਪਸ ਆਉਣ 'ਤੇ ਸਾਰਾ ਹਿਸਾਬ ਲਿਖ ਕੇ ਦੇ ਦਿਤਾ।

ਚਪੜਾਸੀ ਤੋਂ ਸਾਅਬ ਦਾ ਬੁਲਾਵਾ ਮਿਲਦੇ ਸਾਰ ਜਦੋਂ ਮੈਂ ਜਾਂਦਾ ਹਾਂ ਤਾਂ ਉਸ ਨੋਟ ਉੱਤੇ ਲਾਲ ਸਿਆਹੀ ਨਾਲ ਲਿਖਿਆ ਹੋਇਆ ਸੀ, 'ਮੇਰੀ ਮਨਜ਼ੂਰੀ ਤੋਂ ਬਿਨਾਂ ਦੁਆਈਆਂ ਕਿਵੇਂ ਜਾਰੀ

ਕਰ ਦਿਤੀਆਂ ?' ਆਦਤ ਮੁਤਾਬਕ ਮੁੱਛਾਂ ਨੂੰ ਵੱਟ ਦੇ ਰਿਹਾ ਸਾਹਮਣੇ ਬੈਠਾ ਸਾਅਬ ਸੀ, ਮੈਂ ਸਾਂ ਜਾਂ ਹੱਥ ਵਿਚ ਪ੍ਰਸ਼ਨ ਚਿੰਨ੍ਹ ਲੱਗ ਕੇ ਮੁੜਿਆ ਨੋਟ...ਪਲ ਦੀ ਪਲ ਐਕਸੀਡੈਂਟ ਹੋਏ ਮੁੰਡੇ ਦੀ ਮਾਂ ਦੀਆਂ ਲਿਲਕੜੀਆ ਮੇਰੇ ਦਿਲ ਨੂੰ ਝੰਜੋੜ ਗਈਆਂ...ਮੈਂ ਅਪਣੇ ਆਪ ਵਿਚ ਆਇਆ । ਸਾਅਬ ਨੂੰ ਸਾਰੀ ਗੱਲ ਦੱਸੀ ਤੇ ਉਸ ਵੇਲੇ ਲੋੜ ਨੂੰ ਪੂਰਾ ਕੀਤਾ ਜਾਣਾ ਠੀਕ ਮੰਨਣ ਲਈ ਸੁਝਾ ਦਿਤਾ । ਪਰ ਸਾਅਬ ਨੇ ਤਾਂ ਸਾਰੀ ਸੁਣੀ ਅਣਸੁਣੀ ਕਰ ਦਿਤੀ, 'ਚਾਹੇ ਕੁੱਛ ਵੀ ਹੋ ਗਿਆ ਸੀ; ਦੁਆਈਆਂ ਜਾਰੀ ਕਰਨ ਦਾ ਅਧਿਕਾਰ ਮੈਨੂੰ ਹੈ ?'

'ਹਾਂ ਜੀ ।'

'ਬੱਸ ਹੁਣ ਇਕੋ ਸਵਾਲ ਹੈ ਕਿ ਮੈਥੋਂ ਬਿਨਾਂ ਕਿਉਂ ਜਾਰੀ ਕੀਤੀਆਂ ਗਈਆਂ ?'

ਕੁਝ ਦੇਰ ਦੋਵੇਂ ਚੁਪ ਰਹੇ । ਫਿਰ ਸਾਅਬ ਨੇ ਨੋਟ ਉੱਤੇ 'ਅੱਗੋਂ ਤੋਂ ਅਜਿਹੀ ਉਕਾਈ ਨਹੀਂ ਹੋਵੇਗੀ' ਲਿਖਣ ਲਈ ਆਖਿਆ ।

ਹੱਥ ਵਿਚ ਨੋਟ ਲੈ ਮੈਂ ਵਾਪਸ ਅਪਣੀ ਸੀਟ ਉੱਤੇ ਆ ਗਿਆ—ਪਲ ਭਰ ਲਈ ਸੋਚਦਾ ਹਾਂ ਕਿ ਮੇਰੇ ਉੱਤੇ ਇਨ੍ਹਾਂ ਦੁਆਈਆਂ ਦੇ ਗ਼ਬਨ ਦਾ ਕੇਸ ਵੀ ਬਣ ਸਕਦਾ ਹੈ ਪਰ ਜੇ ਸਾਅਬ ਦੀ ਮਰਜ਼ੀ ਅਨੁਸਾਰ ਲਿਖ ਦਿੰਦਾ ਹਾਂ ਤਾਂ ਕੇਸ ਨਿਬੜ ਰਿਹਾ ਹੈ ।

ਹੁਣ ਮੈਂ ਐਕਸੀਡੈਂਟ ਨੂੰ ਭੁੱਲ ਜਾਂਦਾ ਹਾਂ । ਉਹ ਨੋਟ ਮੇਰੇ ਲਈ ਆਮ ਦਫ਼ਤਰੀ ਨੋਟ ਰਹਿ ਜਾਂਦਾ ਹੈ ਬਸ ਆਮ ਜਿਹਾ । ਕਲਮ ਚੁਕੀ ਅਤੇ ਲਿਖ ਦਿੰਦਾ ਹਾਂ : 'ਅਜਿਹੇ ਸਮੇਂ ਲੋੜੀਂਦੀ ਦੁਆਈ ਦਿਤੀ ਜਾਣੀ ਹੀ ਚਾਹੀਦੀ ਸੀ ।' ਫ਼ਾਈਲ ਨੂੰ ਫਾਈਲ-ਬੋਰਡ ਵਿਚ ਬੰਨ੍ਹ ਮੈਂ ਆਊਟ ਟਰੇ ਵਿਚ ਧਰ ਦਿਤਾ...ਵੇਖਣ ਉੱਤੇ ਬੋਰਡ ਦੇ ਕਾਲਰ ਉੱਤੇ ਕਾਲੀ ਸਿਆਹੀ ਦਾ ਲੱਗਾ ਦਾਗ ਮੈਨੂੰ ਫੈਲਦਾ ਜਾ ਰਿਹਾ ਜਾਪਣ ਲੱਗ ਪੈਂਦਾ ਹੈ ।

ਮੇਰੇ ਆਉਣ ਤੋਂ ਪਹਿਲਾਂ ਸਾਰੇ ਕੇਸ ਬਿਨਾਂ 'ਗੱਲ ਕਰੋ' ਹੋਇਆਂ ਨਿਬੜਦੇ । ਸ਼ਾਇਦ ਉਹ ਸਾਅਬ ਦੀ ਸਮਝ ਦੇ ਮੁਤਾਬਕ ਹੁੰਦੇ । ਜਾਂ ਫਿਰ ਜੇ ਪਹਿਲਾਂ ਨਾ ਹੁੰਦੇ ਤਾਂ ਕੇਸ ਤੋਰਨ ਵਾਲਾ ਸਾਅਬ ਨਾਲ ਗੱਲ ਕਰਕੇ, ਉਹਦਾ ਰੁਖ ਪਛਾਣ, ਅੱਗੇ ਉਸੇ ਤਰ੍ਹਾਂ ਤੋਰ ਦਿੰਦਾ...ਤੇ ਬੱਸ, ਕੇਸ ਨਿਕਲ ਜਾਂਦਾ । ਇਥੋਂ ਹੀ ਨਿਕਲਣ ਦੀ ਗੱਲ ਹੁੰਦੀ ਹੈ, ਉੱਪਰ ਤਾਂ ਸਿਰਫ਼ ਕਾਰਵਾਈ ਹੀ ਹੁੰਦੀ ਹੈ । 'ਹਾਂ' ਹੋ ਕੇ ਹੀ ਮੁੜਦਾ ਹੈ ਕਿਉਂਕਿ ਉੱਪਰਲੇ ਅਫ਼ਸਰ ਤਾਂ ਉਸ ਮੁਤਾਬਕ ਫ਼ੈਸਲਾ ਦੇਣ ਲਈ ਹੀ ਹੁੰਦੇ ਨੇ । ਪੁੱਛ-ਪੜਤਾਲ ਦਾ ਅਧਿਕਾਰ ਭਾਵੇਂ ਉਨ੍ਹਾਂ ਕੋਲ ਹੁੰਦਾ ਹੀ ਹੈ ਪਰ ਏਨੀਆਂ ਫਾਈਲਾਂ ਪੜ੍ਹਨ ਦੀ ਵਿਹਲ ਹੀ ਕਿਥੇ ?

ਜਦੋਂ ਮੈਂ ਨਵਾਂ ਨਵਾਂ ਆਇਆ ਸਾਂ ਤਾਂ ਦਫ਼ਤਰ ਵਾਲਿਆਂ ਨੇ ਬਥੇਰਾ ਦਸਿਆ ਕਿ ਫ਼ਾਈਲ ਕਿਸ ਤਰ੍ਹਾਂ ਤੁਰਦੀ ਹੈ...। ਉਹ ਅਪਣੇ ਲੰਮੇ ਤਜਰਬੇ ਦੀ ਗਾਥਾ ਦਸਦੇ ਤੇ 'ਨੌਕਰੀ ਕਰਨ ਦਾ ਢੰਗ' ਸਿੱਖਣ ਲਈ ਬਥੇਰਾ ਹੀ ਪਰੇਰਦੇ ਰਹੇ । ਕਿੰਨਾ ਸਮਾਂ ਲੰਘ ਗਿਆ ਮੈਂ ਉਨ੍ਹਾਂ ਦੇ ਅਸਰ ਤੋਂ ਕੋਰਾ ਹੀ ਰਿਹਾ । ਸਾਅਬ ਸਾਹਮਣੇ ਜਦੋਂ ਵੀ ਕੋਈ ਕੇਸ ਲੈ ਕੇ ਜਾਂਦਾ, ਵੱਖੋ ਵੱਖਰੇ ਕੇਸਾਂ ਪ੍ਰਤੀ, ਉਸ ਦਾ ਇਕੋ ਕਿਸਮ ਦਾ ਰੁਖ਼, ਭਾਵੇਂ ਮੈਂ ਪਛਾਣ ਲੈਂਦਾ ਪਰ ਕਹਿੰਦਾ ਉਹ ਜੋ ਉਸ ਕੇਸ ਉੱਤੇ ਹੋਣਾ ਚਾਹੀਦਾ । ਇਸ ਤਰ੍ਹਾਂ ਕੇਸ ਤਾਂ ਭਾਵੇਂ ਨਿਕਲ ਜਾਂਦਾ ਪਰ ਸਾਅਬ ਦੀ ਖ਼ੁਸ਼ੀ ਮੇਰੇ ਪ੍ਰਤੀ ਕੁੜਿਤਣ ਵਿਚ ਬਦਲ ਜਾਂਦੀ । ਕੇਸ ਨਿਕਲ ਜਾਣ ਦੀ ਮੇਰੀ ਖੁਸ਼ੀ ਉੱਤੇ ਗੰਭੀਰਤਾ ਛਾ ਜਾਂਦੀ ।

ਦਫ਼ਤਰ ਦੇ ਸਾਰੇ ਕਰਮਚਾਰੀ ਸ਼ਾਮ ਨੂੰ ਜਾਂਦੇ ਸਮੇਂ ਦਫ਼ਤਰ ਦਾ ਸਾਰਾ ਭਾਰ ਸਿਰੋਂ ਲਾਹ ਸੁੱਟਦੇ ਨੇ । ਉਹ ਹਾਸੇ-ਮਖੌਲਾਂ ਵਿਚ ਜਾਂਦੇ ਤੇ ਹਾਸੇ-ਮਖੌਲਾਂ ਵਿਚ ਸਵੇਰੇ ਆ ਕੇ ਕੰਮ ਸ਼ੁਰੂ ਕਰ ਲੈਂਦੇ ਨੇ ।

ਮੇਰੇ ਕੋਲ ਨਵੀਂ ਫਾਈਲ ਵੀ ਆਉਂਦੀ ਹੈ, ਪਰ ਪਤਾ ਨਹੀਂ ਕਿਉਂ, ਪੁਰਾਣੀਆਂ ਫ਼ਾਈਲਾਂ ਵਿਚ ਖੋਇਆ ਰਹਿੰਦਾ ਹਾਂ। ਉਨ੍ਹਾਂ ਦਾ ਖ਼ਿਆਲ ਮੁੜ ਮੁੜ ਆਈ ਜਾਂਦਾ ਹੈ। ਬਹਿਸਾਂ ਨਾਲ ਨਿਕਲੀਆਂ ਫ਼ਾਈਲਾਂ ਤੇ ਹਰ ਨੁਕਤੇ ਨੂੰ ਮੁੜ ਮੁੜ ਵਾਚਦਾ ਹਾਂ।

ਦਫ਼ਤਰ ਵਿਚ ਮੇਰੇ ਨਾਲ ਕਦੇ ਵੀ ਕਿਸੇ ਦਾ ਗੁੱਸਾ ਗਿੱਲਾ ਨਹੀਂ ਹੋਇਆ। ਉਹ ਆਪਸ ਵਿਚ ਬਥੇਰਾ ਲੜਦੇ ਝਗੜਦੇ, ਇੱਥੋਂ ਤਕ ਕਿ ਗਾਲੀ-ਗਲੋਚ ਤੋਂ ਬਿਨਾਂ ਹੱਥੋ-ਪਾਈ ਤੱਕ ਵੀ ਨੌਬਤ ਆ ਜਾਂਦੀ ਹੈ। ਪਰ ਉਹ ਫਿਰ ਇਕ ਹੋ ਜਾਂਦੇ ਨੇ। ਅਗਲੀ ਚਾਹ ਇਕਠਿਆਂ ਨੇ ਪੀਣੀ ਹੁੰਦੀ ਹੈ।

ਮੈਨੂੰ ਉਹ ਵੱਖਰਾ ਵੱਖਰਾ ਮਹਿਸੂਸ ਕਰਦੇ ਨੇ। ਆਪਣੇ ਤੋਂ ਬਿਲਕੁਲ ਅੱਡਰਾ। ਮੇਰੇ ਮੂੰਹ 'ਤੇ ਕੋਈ ਗੱਲ ਨਹੀਂ ਹੁੰਦੀ ਪਰ ਮੈਨੂੰ ਪਤਾ ਹੈ ਕਿ ਉਨ੍ਹਾਂ ਦੀ ਟੋਲੀ ਵਿਚ ਆਮ ਗੱਲ-ਬਾਤ ਦਾ ਵਿਸ਼ਾ ਮੈਂ ਹੀ ਹੁੰਦਾ ਹਾਂ।

ਮੇਰੇ ਕੇਸਾਂ ਵਿਚ ਉਹ ਵਾਰੀ ਵਾਰੀ ਅੜਚਣ ਪਾਉਂਦੇ ਰਹਿੰਦੇ ਹਨ। ਮਹਿਫ਼ਲਾਂ 'ਚ ਖ਼ੂਬ ਫਿਰ ਉਸ ਬਾਰੇ ਸ਼ੇਖੀਆਂ ਮਾਰਦੇ ਨੇ। ਸਾਰਾ ਕੁਝ ਪਤਾ ਹੋਣ 'ਤੇ ਵੀ ਮੈਂ ਕਦੇ ਘਬਰਾਇਆ ਨਹੀਂ। ਹੋਰ ਗੰਭੀਰਤਾ ਮੇਰੇ ਦਿਲ ਦੀ ਤਾਕਤ ਬਣਦੀ ਹੈ।

ਇਸ ਮਾਹੌਲ ਦਾ ਜ਼ਿਕਰ ਮੈਂ ਆਪਣੇ ਦੋਸਤਾਂ ਕੋਲ ਕਦੇ ਕਦਾਈਂ ਕਰ ਲੈਂਦਾ ਹਾਂ। ਮੇਰੇ ਕਿਸੇ ਵੀ ਦੋਸਤ ਨੇ ਮੇਰੇ ਅਪਣਾਏ ਰਸਤੇ ਨੂੰ ਕਦੇ ਨਹੀਂ ਟੋਕਿਆ। ਉਨ੍ਹਾਂ ਨਾਲ ਹੋਰ ਵਿਸ਼ਿਆਂ ਉੱਤੇ ਹੁੰਦੀਆਂ ਬਹਿਸਾਂ ਵੀ ਮੇਰੇ ਦਿਲ ਨੂੰ ਤਾਕਤ ਦਿੰਦੀਆਂ ਨੇ।

ਦਫ਼ਤਰ ਦਾ ਕੋਈ ਕੋਈ ਕਰਮਚਾਰੀ ਮੇਰੀ ਕਾਰਵਾਈ ਦੀ ਲੁਕ ਛਿਪ ਕੇ ਤਾਰੀਫ਼ ਤਾਂ ਕਰਦਾ ਹੈ ਪਰ 'ਨੌਕਰੀ ਦੇ ਖ਼ਤਰੇ' ਦੀ ਚਿਤਾਵਨੀ ਜ਼ਰੂਰ ਦਿੰਦਾ ਹੈ। ਪੈਰ ਪੈਰ 'ਤੇ ਹੁੰਦੀ ਵਿਰੋਧਤਾ ਸਮੇਂ ਮੈਂ ਹਮੇਸ਼ਾ ਠਰੰਮੇਂ ਤੋਂ ਕੰਮ ਲੈਂਦਾ......ਪਰ ਕਦੇ ਕਦੇ ਤਾਂ ਮੇਰਾ ਸਰੀਰ ਕੰਬਣ ਲੱਗ ਪੈਂਦਾ ਹੈ...ਗੁੱਸਾ ਜਿਵੇਂ ਮੇਰੇ ਰੋਮ ਰੋਮ 'ਚੋਂ ਬਾਹਰ ਨਿਕਲਣ ਲੱਗ ਪਵੇ। ਜ਼ਬਾਨ ਬੋਲਾਂ ਵਿਚ ਮਜ਼ਬੂਤੀ ਫੜ ਲੈਂਦੀ ਹੈ।

ਸਾਅਬ ਨੇ ਮੇਰੇ ਤਿਆਰ ਕੀਤੇ ਡਰਾਫ਼ਟ ਦੀ ਥਾਂ ਉਹੀ ਪੁਰਾਣਾ ਚਲਿਆ ਆ ਰਿਹਾ ਡਰਾ-ਫ਼ਟ, ਜਿਸ ਵਿਚ ਕਈ ਊਣਤਾਈਆਂ ਨੇ, ਭੇਜਣ ਲਈ ਕਹਿ ਦਿੱਤਾ। ਮੇਰੇ ਗੱਲ ਕਰਨ ਉੱਤੇ ਉਹ ਇਹ ਕਹਿ ਕੇ ਚੁੱਪ ਹੋ ਗਿਆ, 'ਕੰਮ ਕੋਈ ਤੁਸੀਂ ਨਵਾਂ ਨਹੀਂ ਤੋਰਨਾ...ਦਫ਼ਤਰ ਬੜਾ ਪੁਰਾਣਾ ਹੈ। ਸਾਰਾ ਕੰਮ "ਠੀਕ ਠਾਕ" ਚਲਦਾ ਆ ਰਿਹਾ ਹੈ।' ਇਸ ਉੱਤੇ ਮੈਨੂੰ ਗੁੱਸਾ ਤਾਂ ਬੜਾ ਆਇਆ ਪਰ ਡਰਾਫ਼ਟ ਨੂੰ ਮੈਂ ਉਸੇ ਤਰ੍ਹਾਂ ਰੱਖ ਲਿਆ। ਛੁੱਟੀ ਹੋਣ ਤਕ ਮੇਰਾ ਗੁੱਸਾ ਉਸੇ ਤਰ੍ਹਾਂ ਵਿਚੇ ਵਿਚ ਘੁਲਦਾ ਰਿਹਾ ਸੀ। ਘਰ ਆਉਂਦੇ ਸਮੇਂ ਮੈਂ ਨਵੇਂ ਤੇ ਪੁਰਾਣੇ ਡਰਾਫ਼ਟ ਦੇ ਫ਼ਰਕ ਨੂੰ ਹੀ ਮੁੜ ਮੁੜ ਵਿਚਾਰਦਾ ਰਿਹਾ। ਸੌਣ ਵੇਲੇ ਤੱਕ ਮੇਰੇ ਵਿਚ ਉਸੇ ਤਰ੍ਹਾਂ ਜੋਸ਼ ਸੀ। ਘੜੀ ਮੁੜੀ ਮੇਰਾ ਸਰੀਰ ਫ਼ਰਕ ਜਾਂਦਾ...ਤੇ ਫਿਰ ਦਫ਼ਤਰ ਦੀਆਂ ਇਨ੍ਹਾਂ ਭੰਨਾਂ ਘੜਤਾਂ ਵਿਚ ਪਤਾ ਨਹੀਂ ਕਦੋਂ ਨੀਂਦ ਆ ਗਈ ਸੀ।

ਅੱਜ ਉੱਠਦੇ ਸਾਰ ਕਿੰਨਾ ਓਦਰ ਗਿਆ...ਅੱਗੇ ਜੇ ਕਦੇ ਸੁਪਨਾ ਆਇਆ ਤਾਂ ਸਵੇਰ ਤੱਕ ਭੁੱਲਣ ਵਰਗਾ ਹੋ ਜਾਂਦਾ ਪਰ ਅੱਜ ਤਾਂ ਹਰ ਅੰਗ ਦੁਖਣ ਲੱਗ ਪਿਆ ਹੈ।

ਸੁਪਨੇ ਵਿਚ ਮੇਰਾ ਇਕ ਮਿੱਤਰ ਦਫ਼ਤਰ ਵਾਲਿਆਂ ਨਾਲ ਲੜ ਪੈਂਦਾ ਹੈ...ਮੈਂ ਚੁੱਪ ਚਾਪ ਖਲੋਤਾ ਰਹਿੰਦਾ ਹਾਂ। ਉਸ ਨੇ ਮੁੱਕਿਆਂ ਨਾਲ ਹੀ ਇਕ ਕਲਰਕ ਨੂੰ ਅਧਮੋਇਆ ਕਰ ਦਿੱਤਾ ਹੈ...ਮੈਨੂੰ ਇਸ ਦਾ ਦੋਸ਼ ਆਪਣੇ ਉੱਤੇ ਆਉਣ ਦਾ ਡਰ ਲੱਗਣ ਲੱਗ ਪੈਂਦਾ ਹੈ। ਖਲੋਤਿਆਂ ਖਲੋਤਿਆਂ ਮੈਨੂੰ ਚੱਕਰ ਆਉਣ ਲੱਗ ਪਏ ਨੇ...ਜ਼ਮੀਨ ਉਲਟੀ ਹੋ ਰਹੀ ਜਾਪਦੀ ਹੈ।...

ਓਦਰਿਆ ਓਦਰਿਆ ਮੈਂ ਬਾਹਰ ਬਰਾਂਡੇ ਵਿਚ ਆ ਜਾਂਦਾ ਹਾਂ...ਤਾਂ ਵੇਖਦਾ ਹਾਂ...ਕੰਧ ਉੱਤੇ ਇਕ ਟਿੱਡਾ ਜਿਹਾ ਹੈ...ਫਿਰ ਉਸ ਦਾ ਛੋਟਾ ਜਿਹਾ ਕੰਨ-ਖ਼ਜੂਰਾ ਬਣ ਗਿਆ...ਉਸ ਦੀਆਂ ਬਰੀਕ ਬਰੀਕ ਬੇ-ਸ਼ੁਮਾਰ ਲੱਤਾਂ ਬਹੁਤ ਕਾਹਲੀ ਕਾਹਲੀ ਹਿੱਲ ਰਹੀਆਂ ਨੇ...ਵੇਖਦੇ ਵੇਖਦੇ ਉਸ ਦਾ ਆਕਾਰ ਤੇਜ਼ੀ ਨਾਲ ਵਧਣ ਲੱਗ ਪਿਆ ਹੈ।...ਮੇਰੀ ਨਿਗ੍ਹਾ ਧੁੰਦਲੀ ਪੈ ਜਾਂਦੀ ਹੈ...ਐਨ ਜਿਵੇਂ ਚਲਦੀ ਫਿਲਮ ਦਾ ਅਚਾਨਕ ਹੀ ਸੀਨ ਬਦਲ ਜਾਵੇ...ਆਪਣੀ ਸੀਟ 'ਤੇ ਬੈਠਾ ਹਾਂ... ਫ਼ਾਈਲ ਬੋਰਡ ਦੇ ਕਾਲਰ ਉੱਤੇ ਲੱਗਾ ਕਾਲਾ ਦਾਗ਼ ਫੈਲਦਾ ਹੋਇਆ ਮੇਰੇ ਮੱਥੇ ਵੱਲ ਵਧਣ ਲੱਗ ਪਿਆ ਹੈ। ਫਿਰ ਇਕ ਦਮ ਹਨੇਰਾ ਛਾ ਜਾਂਦਾ ਹੈ। ਮੈਂ ਗਹੁ ਨਾਲ ਵੇਖਦਾ ਹਾਂ...ਤਾਂ ਬਰਾਂਡੇ ਵਿਚ ਕੰਨ ਖ਼ੰਜੂਰੇ ਦੀ ਹਰ ਲੱਤ ਵਿਚ ਹੁਣ ਵਖੋ ਵਖਰੀ ਜਾਨ ਪੈ ਗਈ...ਹਰ ਲੱਤ ਨੂੰ ਮੂੰਹ ਅਤੇ ਅੱਖਾਂ ਵੀ ਲੱਗ ਆਈਆਂ ਨੇ...ਮੈਂ ਬਹੁਤ ਡਰ ਜਾਂਦਾ ਹਾਂ। ਦਫ਼ਤਰ ਵਾਲਿਆਂ ਨੂੰ ਚੀਕਦਾ ਹਾਂ। ਇਸ ਨੂੰ ਮਾਰੋ...ਇਹ ਬਹੁਤ ਘਾਤਕ ਹੈ। ਵੇਖਦੇ ਵੇਖਦੇ ਉਸ ਦੀਆਂ ਲੱਤਾਂ ਦੇ ਗੋਲ ਚੱਕਰ ਬਣ ਗਏ ਨੇ ਤੇ ਉਹ ਸਾਰੇ ਆਪਸ ਵਿਚ ਇਕ ਜ਼ੰਜੀਰ ਵਾਂਗ ਜੁੜੇ ਹੋਏ ਨੇ ਤੇ ਉਂਜ ਉਨ੍ਹਾਂ ਵਿਚ ਵਖੋ ਵਖਰੀ ਜਾਨ ਉਸੇ ਤਰ੍ਹਾਂ ਹੈ। ਇਹ ਚੱਕਰ ਇਕ ਪਾਸਿਓਂ ਵੱਡੇ ਨੇ ਤੇ ਦੂਜੇ ਪਾਸੇ ਨੂੰ ਛੋਟੇ ਹੁੰਦੇ ਆ ਰਹੇ ਨੇ...ਇਸ ਦਾ ਰੂਪ ਬਦਲੀ ਜਾ ਰਿਹਾ ਹੈ...ਇਸ ਸਾਰੇ ਵਿਚ ਕੋਈ ਕੋਈ ਮੂੰਹ ਬਹੁਤ ਵੱਡਾ ਅਤੇ ਭਿਆਨਕ ਹੈ। ਬਾਕੀ ਅਣਗਿਣਤ ਛੋਟੇ ਛੋਟੇ ਨੇ। ਵੇਖਦੇ ਵੇਖਦੇ ਕਦੇ ਕੋਈ ਮੂੰਹ ਵੱਡਾ ਹੋ ਜਾਂਦਾ ਹੈ ਕਦੇ ਕੋਈ...ਅਚਾਨਕ ਮੇਰੇ ਦਿਲ 'ਤੇ ਕੀ ਆਉਂਦੀ ਹੈ ਕਿ ਮੈਂ ਡਰਿਆ ਡਰਿਆ ਉਸ ਨੂੰ ਹੱਥ ਨਾਲ ਚੁੱਕ ਕੇ ਪਰੇ ਵਗ੍ਹਾਹ ਮਾਰਦਾ ਹਾਂ...ਹੁਣ ਕੀ ਹੈ ਕਿ ਜਿਥੇ ਜਿਥੇ ਕੰਧ ਨੂੰ ਉਹ ਛੋਹ ਗਿਆ ਉੱਥੇ ਬਰੀਕ ਬਰੀਕ ਬਹੁਤ ਸਾਰੇ ਕੰਨ-ਖ਼ਜੂਰੇ ਹੋਰ ਪੈਦਾ ਹੋ ਗਏ ਨੇ ਤੇ ਉਹ ਵੀ ਬਹੁਤ ਤੇਜ਼ੀ ਨਾਲ ਉਸੇ ਤਰ੍ਹਾਂ ਵਧਣ ਲਗ ਪਏ ਨੇ...

ਉੱਧਰ ਅੰਦਰ ਮੇਰਾ ਦੋਸਤ ਉਸੇ ਕਲਰਕ ਨੂੰ ਹੋਰ ਮਾਰੀ ਤੁਰਿਆ ਜਾ ਰਿਹਾ ਹੈ। ਉਸ ਨੂੰ ਲਹੂ ਲੁਹਾਣ ਕਰ ਦਿੱਤਾ ਹੈ। ਮੈਂ ਬਹੁਤ ਡਰੀ ਜਾ ਰਿਹਾ ਹਾਂ...

ਕੰਨ ਖ਼ੰਜੂਰਾ ਮੇਰੇ ਹਰ ਅੰਗ ਉੱਤੇ ਤੁਰ ਰਿਹਾ ਹੈ...ਮੈਂ ਆਪਣਾ ਆਪ ਤੋੜ ਤੋੜ ਸੁੱਟਣ ਲਗ ਪੈਂਦਾ ਹਾਂ...

ਜਾਗ ਆਈ ਤਾਂ ਸਾਹੋ ਸਾਹ ਹੋਏ ਨੇ ਉੱਠ ਕੇ ਰਜਾਈ ਝਾੜੀ। ਸਰੀਰ ਉੱਤੇ ਕਿਧਰੇ ਵੀ ਕੁਝ ਨਹੀਂ ਸੀ ਪਰ ਮੈਨੂੰ ਇਤਬਾਰ ਹੀ ਨਹੀਂ ਸੀ ਆ ਰਿਹਾ। ਸਾਰਾ ਸਰੀਰ ਇੰਜ ਦੁਖ ਰਿਹਾ ਸੀ ਜਿਵੇਂ ਹਰ ਥਾਂ ਕੰਨ-ਖ਼ੰਜੂਰੇ ਨੇ ਫੜਿਆ ਹੋਵੇ।

ਅੱਜ ਉਸ ਕਲਰਕ ਨੂੰ ਦਫ਼ਤਰ ਸਮੇਂ ਤੋਂ ਕੁਝ ਪਹਿਲਾਂ ਹੀ ਜਾ ਕੇ ਉਡੀਕਣਾ ਸ਼ੁਰੂ ਕਰ ਦਿੱਤਾ। ਜਦੋਂ ਉਸ ਨੂੰ ਮਿਲਿਆ, ਸ਼ਾਇਦ ਮੇਰੇ ਮਿਲਣ ਢੰਗ ਤੋਂ, ਉਹ ਮੇਰੇ ਵਲ ਹੈਰਾਨੀ ਨਾਲ ਵੇਖ ਰਿਹਾ ਸੀ।

ਸਾਰਾ ਦਿਨ ਅਨੋਖੀ ਪੀੜ ਵਿਚ ਲੰਘਿਆ ਹੈ। ਅੱਜ ਦਫ਼ਤਰ ਦਾ ਕੰਮ ਵੀ ਪੂਰਾ ਨਹੀਂ ਹੋਇਆ। ਟਰੇ ਵਿਚ ਦੂਜਾ ਡਰਾਫ਼ਟ ਵੀ ਜਿਉਂ ਦਾ ਤਿਉਂ ਹੀ ਛੱਡ ਆਇਆ ਹਾਂ। ਸਾਅਬ ਨੇ 'ਗੱਲ ਕਰੋ' ਫੇਰ ਲਿਖਿਆ ਹੋਇਆ ਹੈ। ਲਗਦਾ ਹੈ ਜਿਵੇਂ ਸੱਚ ਮੁੱਚ ਹੀ ਇਕ ਕੰਨ ਖ਼ਜੂਰਾ ਮੇਰੇ ਅੰਦਰ ਵੜ ਗਿਆ ਹੈ। ਉਸ ਨੇ ਆਪਣੀਆਂ ਬੇ-ਸ਼ੁਮਾਰ ਬਰੀਕ ਬਰੀਕ ਲੱਤਾਂ ਮੇਰੇ ਦਿਲ ਵਿਚ ਖੋਭ ਲਈਆਂ ਨੇ। ਹੁਣੇ ਉਨ੍ਹਾਂ ਵਿਚ ਵੱਖੋ ਵੱਖਰੀ ਜਾਨ ਪੈ ਜਾਣੀ ਹੈ, ਮੂੰਹ ਅਤੇ ਅੱਖਾਂ ਵੀ ਲੱਗ ਆਉਣੀਆਂ ਨੇ।

[ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ]

## ਡੁੰਮ੍ਹ ਬਾਰੇ ਕੁਝ ਟਿੱਪਣੀਆਂ

[ਵਰਿਆਮ ਸਿੰਘ ਸੰਧੂ ਦੀ ਕਹਾਣੀ ਡੁੰਮ੍ਹ (ਸਿਰਜਣਾ : ਜੁਲਾਈ-ਸਤੰਬਰ 1976) ਪੰਜਾਬੀ ਕਥਾ ਸਾਹਿਤ ਵਿਚ ਇਕ ਸ਼ੁਭ ਵਰਤਾਰਾ ਹੈ । ਇਸ ਕਹਾਣੀ ਨੇ ਭਾਰੀ ਗਿਣਤੀ ਵਿਚ ਲੇਖਕਾਂ ਤੇ ਪਾਠਕਾਂ ਦਾ ਧਿਆਨ ਜੇ ਆਪਣੇ ਵਲ ਖਿਚਿਆ ਹੈ ਤਾਂ ਇਸ ਕਾਰਣ ਕਿ ਪਿਛਲੇ ਕੁਝ ਵਰ੍ਹਿਆਂ ਵਿਚ ਲਿਖੀ ਗਈ ਕਹਾਣੀ ਤੋਂ ਇਹ ਬਿਲਕੁਲ ਨਿਵੇਕਲੀ ਹੈ । ਛੋਟੇ ਭੋਂ ਮਾਲਕ ਤੋਂ ਕੰਮੀ ਬਣ ਰਹੇ ਗਰੀਬ ਕਿਰਸਾਣ ਦੀ ਸਥਿਤੀ ਦੇ ਯਥਾਰਥ ਨੂੰ ਉਸਦੀਆਂ ਧੁਰ ਅੰਦਰਲੀਆਂ ਡੂੰਘਾਣਾਂ ਤਕ ਵੇਖਕੇ ਪੇਸ਼ ਕਰਨ ਵਿਚ ਲੇਖਕ ਬਹੁਤ ਸਫਲ ਰਿਹਾ ਹੈ । ਕਹਾਣੀ ਦੀ ਉਪਰੋਂ ਦਿਸਦੀ ਸਿੱਧੀ ਸਾਦੀ ਬੁਣਤ ਵਿਚ ਵਾਸਤਵ ਵਿਚ ਅਨੇਕਾਂ ਹੀ ਪਰਤਾਂ ਹਨ ਜੋ ਵਾਰੋ ਵਾਰੀ ਖੁਲ੍ਹਕੇ ਸਾਨੂੰ ਸਾਡੇ ਅੱਜ ਦੇ ਜੀਵਨ ਦੇ ਸੱਚ ਦੇ ਦਰਸ਼ਨ ਕਰਾਉਂਦੀਆਂ ਹਨ । ਕਹਾਣੀ ਮਹਿਜ਼ ਤੇਜੂ ਤੇ ਤਾਰੇ ਦੀ ਸਥਿਤੀ ਦਾ ਵਰਣਨ ਨਾ ਰਹਿ ਕੇ ਸਮੁੱਚੇ ਪਿੰਡ ਦਾ ਚਿੱਤਰ ਬਣ ਜਾਂਦੀ ਹੈ ਅਤੇ ਪਿੰਡ ਵਿਚ ਪੁਰਾਣੇ ਟੁੱਟ ਭੱਜ ਰਹੇ ਤੇ ਨਵੇਂ ਬਣ ਰਹੇ ਆਰਥਿਕ ਤੇ ਸਮਾਜਕ ਰਿਸ਼ਤਿਆਂ ਦਾ ਵਿਉਰਾ ਦਿੰਦੀ ਹੈ । ਇਸ ਪ੍ਰਕਾਰ ਇਹ ਕਹਾਣੀ ਨਾਵਲ ਜਿੰਨੇ ਵਿਸ਼ਾਲਤਰ ਪਸਾਰ ਵਿਚ ਫੈਲਦੀ ਹੋਈ ਉਨੇ ਹੀ ਵਡੇਰੇ ਮਹੱਤਵ ਨੂੰ ਪੁਜਦੀ ਪ੍ਰਤੀਤ ਹੁੰਦੀ ਹੈ । ਧੀਮੀ ਸੁਰ ਵਿਚ ਕੀਤੇ ਉਪਰੋਂ ਦਿਸਦੇ ਨਿਰਪੱਖ ਬਿਆਨ ਦੇ ਅੰਤਰਗਤ ਇਸ ਵਿਚ ਇਕ ਵਿਚਾਰ ਲੜੀ ਵਿਦਮਾਨ ਹੈ ਜੋ ਪਾਠਕ ਨੂੰ ਸਥਿਤੀ ਦੀ ਖੜੋਤ ਵਿਚ ਨਿਹਿਤ ਗਤੀਸ਼ੀਲਤਾ ਦਾ ਅਹਿਸਾਸ ਕਰਾਉਂਦੀ ਹੈ । ਸੰਖੇਪ ਵਿਚ ਇਹ ਕਹਾਣੀ ਯਥਾਰਥਵਾਦੀ ਸ਼ੈਲੀ ਦੀ ਸਫਲਤਾ ਦਾ ਇਕ ਵਧੀਆ ਪ੍ਰਮਾਣ ਹੈ । ਇਸ ਕਹਾਣੀ ਬਾਰੇ ਬਹੁਤ ਸਾਰੇ ਲੇਖਕਾਂ ਤੇ ਪਾਠਕਾਂ ਦੇ ਪ੍ਰਤਿਕਰਮ ਪੁੱਜੇ ਹਨ ਜਿਨ੍ਹਾਂ ਵਿਚੋਂ ਕੁਝ ਏਥੇ ਦਿੱਤੇ ਜਾ ਰਹੇ ਹਨ । ਕੁਝ ਹੋਰ ਟਿੱਪਣੀਆਂ ਪੱਤਰਾਂ ਦੇ ਕਾਲਮ ਵਿਚ ਵੀ ਵੇਖੀਆਂ ਜਾ ਸਕਦੀਆਂ ਹਨ—ਸੰਪਾਦਕ]

### ਪ੍ਰੇਮ ਪ੍ਰਕਾਸ਼

ਵਰਿਆਮ ਸਿੰਘ ਸੰਧੂ ਦੀ ਕਹਾਣੀ 'ਡੁੰਮ੍ਹ' ਪੜ੍ਹਕੇ ਮਹਿਸੂਸ ਹੋਇਆ ਕਿ ਵਰਿਆਮ ਸਿੰਘ 'ਚ ਸੋਚ ਦੀ ਡੂੰਘਾਈ ਪੈਦਾ ਹੋਈ ਹੈ। ਉਹ ਜ਼ਿੰਦਗੀ ਨੂੰ ਵਧ ਸੰਜੀਦਗੀ ਨਾਲ ਸਮਝਣ ਲੱਗਾ ਹੈ । ਇਹ ਗੱਲ ਉਸਦੀਆਂ ਪਹਿਲੀਆਂ ਦੋ ਕਹਾਣੀਆਂ ਵਿਚ ਵੀ ਲਭਦੀ ਸੀ ਜਿਨ੍ਹਾਂ ਚੋਂ ਇਕ ਜੱਟ ਦੇ ਕਮਰੇ ਬਾਰੇ ਸੀ ਤੇ ਦੂਜੀ ਕ੍ਰਾਂਤੀਕਾਰੀ ਮੁੰਡੇ ਬਾਰੇ । ਜਦੋਂ ਇਹਦੀ ਕਿਤਾਬ 'ਲੋਹੇ ਦੇ ਹੱਥ' ਛਪੀ ਸੀ ਤਾਂ ਮੈਂ ਉਹਦੇ 'ਚ ਘੜੇ ਘੜਾਏ ਕ੍ਰਾਂਤੀਵਾਦ ਦੀ ਨਿੰਦਿਆ ਕੀਤੀ ਸੀ । ਸੰਧੂ ਨੇ ਬੜਾ ਗੁੱਸਾ ਕੀਤਾ ਸੀ । ਮੇਰਾ ਵਿਸ਼ਵਾਸ ਹੈ ਕਿ ਹੁਣ ਉਹ ਆਪਣੀ ਕਿਤਾਬ ਆਪ ਪੜ੍ਹਕੇ ਦੇਖਦਾ ਹੋਵੇਗਾ ਤਾਂ ਇੰਝ ਮਹਿਸੂਸ ਕਰਦਾ ਹੋਵੇਗਾ ।—ਇਹ ਉਹਦੇ ਬਾਲਗ਼ ਹੋਣ ਦੀ ਨਿਸ਼ਾਨੀ ਹੈ ।

ਇਸ ਕਹਾਣੀ 'ਡੁੰਮ੍ਹ' ਵਿਚ ਲੇਖਕ ਨੇ ਇਕ ਗਰੀਬ ਜੱਟ ਘਰ ਦੀ ਸਥਿਤੀ ਸਾਡੇ ਸਾਹਮਣੇ

ਲਿਆਂਦੀ ਹੈ ਜਿਸ ਵਿਚ ਘਰ ਦੇ ਤਿੰਨ ਜੀਅ ਨੇ—ਤੇਜੂ (ਬਾਪ), ਚਿੰਤੋ (ਮਾਂ) ਤੇ ਤਾਰਾ (ਪੁੱਤ)—
ਜਿਹੜਾ ਜੱਟ ਦੇ ਸਾਂਝੀ ਰਲਿਆ ਹੋਇਆ ਹੈ । ਤੇਜੂ ਮਰ ਰਿਹਾ ਹੈ । ਉਹ ਮਰ ਗਿਆ ਹੈ । ਘਰ 'ਚ
ਉਹਦੇ ਕਫ਼ਨ ਤੇ ਦਾਹ-ਸੰਸਕਾਰ ਜੋਗਾ ਸਮਾਨ ਨਹੀਂ ਹੈ । ਉਹ ਸਾਰਾ ਸਮਾਨ ਕਿਵੇਂ 'ਕੱਠਾ ਹੁੰਦਾ ।
ਪਤੀ ਦੇ ਮਰਨ ਤੇ ਪਤਨੀ ਕੀ ਜੁਗਤਾਂ ਕਰਦੀ ਹੈ, ਪੁਤਰ ਕੀ ਤਰਲੇ ਕਰਦਾ ਹੈ, ਜਿਮੀਂਦਾਰ ਦਾ ਤੇ
ਹੋਰ ਲੋਕਾਂ ਦਾ ਕੀ ਰੋਲ ਹੈ—ਇਹ ਗੱਲਾਂ ਲੇਖਕ ਨੇ ਬੜੀ ਸਿਆਣਪ ਨਾਲ ਦੱਸੀਆਂ ਨੇ । ਲੋਕਾਂ
ਦੇ ਬਦਲਦੇ ਰਵਈਏ ਦੱਸਣਾ (ਸਮਝਾਣਾ) ਲੇਖਕ ਦਾ ਕਮਾਲ ਹੈ ।

ਘਰ ਦੀ ਮੰਦਹਾਲੀ ਦਾ ਕਾਰਨ ਇਹ ਹੈ ਪਈ ਪਿਉ ਪੁੱਤਰ ਨੂੰ ਕਦੀ ਪਹਿਲਵਾਨ ਕਦੀ
ਬਦਮਾਸ਼ ਬਣਾਨ ਦੇ ਅਰਮਾਨ ਲਈ ਫਿਰਦਾ ਹੈ ।—ਉਹ ਬੰਦਾ ਜਿਹੜਾ ਏਨਾ ਸਿਆਣਾ, ਖੱਚਰੀ
ਤੇ ਕਾਢੂ ਹੈ, ਜਿਹੜਾ ਸਭ ਨੂੰ "ਅਕਲ ਦੀਆਂ ਕਾਪੀਆਂ" ਵੰਡਦਾ ਫਿਰਦਾ ਹੈ, ਉਹਦਾ
ਆਪਣਾ ਅੰਤ ਏਨਾ ਹਸਰਤਨਾਕ ਹੁੰਦਾ ਹੈ ।—ਇਹ ਕਹਾਣੀ ਦਾ ਅੰਤ ਹੈ, ਕਹਾਣੀ ਦਾ ਦਰਦ
ਹੈ, ਜਿਹੜਾ ਪਾਤਰ ਨਾਲ ਹਮਦਰਦੀ ਪੈਦਾ ਕਰਦਾ ਹੈ ।

ਜਦੋਂ ਇਹ ਕਹਾਣੀ ਪੜ੍ਹਿਆਂ ਥੋੜਾ ਚਿਰ ਲੰਘ ਜਾਂਦਾ ਹੈ ਤਾਂ ਵਿਚਾਰ ਆਉਂਦਾ ਹੈ ਕਿ
ਤੇਜੂ ਦੀ ਇਹ ਹਾਲਤ ਕਿਵੇਂ ਹੋ ਗਈ ? ਕੀ ਉਹ ਵੈਲੀ ਸੀ ? ਨਹੀਂ । ਕੀ ਉਹ ਜੂਆ ਖੇਡਦਾ
ਸੀ ? ਨਹੀਂ ! ਕੀ ਉਹ ਮਿਹਨਤੀ ਨਹੀਂ ਸੀ ? ਇਹ ਵੀ ਗੱਲ ਨਹੀਂ । ਤਾਂ ਫੇਰ ਕਰਮਾਂ ਦਾ ਹੀ
ਗੇੜ ਹੋ ਗਿਆ ਕਿ ਬੰਦਾ ਕਰਦਾ ਕਤਰਦਾ ਕਫਨ ਤੋਂ ਮੁਥਾਜ ਹੋ ਗਿਆ । ਉਹ ਜੱਟ ਦਾ ਪੁੱਤ ਸੀ,
ਉਹਦੇ ਰਿਸ਼ਤੇਦਾਰ ਵੀ ਸਨ, ਉਹਦਾ ਚੋਬਰ ਪੁੱਤ ਸੀਰੀਂ ਰਲਣ 'ਤੇ ਮਜਬੂਰ ਹੋ ਪਿਆ ।—ਇਹ
ਕਹਾਣੀ ਹੈ ਵਾਧੂ ਖਿਚ ਕੇ ਦੁਖ ਪੈਦਾ ਕਰਨ ਦੀ । ਇਹਦੇ 'ਚ ਕਾਵਿਕ ਅੰਗ ਵਧੇਰੇ ਹੈ ।—ਤਦੇ
ਕਹਾਣੀ ਦਾ ਅੰਤ ਇਸ ਤਰ੍ਹਾਂ ਹੈ—ਤਾਰਾ—ਜੋ ਬਲਵਾਨ ਨਹੀਂ ਸੀ ਬਣ ਸਕਿਆ, ਬਦਮਾਸ਼ ਨਹੀਂ
ਸੀ ਬਣ ਸਕਿਆ, ਅਫ਼ਸਰ ਨਹੀਂ ਸੀ ਬਣ ਸਕਿਆ । ਤਾਰਾ ਜੋ ਬੁਝਿਆ ਬੁਝਿਆ ਸੀ । ਜੋ ਇਸ
ਕਰ ਕੇ ਚਮਕ ਨਹੀਂ ਸੀ ਸਕਿਆ ਕਿ ਕਿਸੇ ਸਰਦਾਰਨੀ ਨੇ ਲੀਰ ਦੀ ਥਾਂ ਉਹਦੇ ਨਾਲ ਆਪਣੇ
ਮੁੰਡੇ ਦੇ ਚਿੱਤੜ ਪੂੰਝ ਕੇ ਉਹਨੂੰ ਸੁਟ ਦਿੱਤਾ ਸੀ । ਇਹ ਕਾਵਿਕ ਅੰਗ ਕਹਾਣੀ ਨੂੰ ਕਮਜ਼ੋਰ ਕਰ
ਗਿਆ ।

**ਬਲਜੀਤ ਬਾਸੀ**

ਪੰਜਾਬੀ ਸਾਹਿਤ ਵਿਚ ਨਕਸਲਵਾਦੀ ਲਹਿਰ ਤੋਂ ਬਾਅਦ ਇਸ ਲਹਿਰ ਦੇ ਸਮਰਥਕ ਲੇਖਕਾਂ
ਵਿਚ ਹੁਣ ਜਿਹੜੀ ਰੁਚੀ ਆਈ ਹੈ ਉਹ ਯਥਾਰਥ ਨੂੰ ਅਪਰਿਵਰਤਨਸ਼ੀਲ, ਸਿਥਲ ਰੂਪ ਵਿਚ
ਸੰਕਲਪਣ ਦੀ ਹੈ । ਪ੍ਰਤੱਖ ਤੌਰ 'ਤੇ ਲਗ ਭਗ ਚੇਸ਼ਟਾ ਉਹੀ ਹੈ : ਸਾਡੀ ਸਥਿਤੀ ਕਿੰਨੀ ਤਰਸਯੋਗ
ਹੈ, ਅਸੀਂ ਕੋਹਲੂ ਦੇ ਬੈਲ ਬਣੇ ਹੋਏ ਹਾਂ, ਅਜੇਹੀ ਵਿਵਸਥਾ ਨੂੰ ਛੰਡ ਸੁੱਟੋ । ਅਰਥਾਤ ਯਥਾਰਥ
ਅਜੇ ਇਨ੍ਹਾਂ ਲੇਖਕਾਂ ਦੀ ਪੂਰੀ ਪਕੜ ਵਿਚ ਨਹੀਂ । ਕਦੀ ਇਹ ਗੁਣਾਤਮਕ ਪਰਿਵਰਤਨ ਲਈ
ਪ੍ਰਪੱਕ ਹੈ ਕਦੀ ਏਨਾ ਸਿੱਥਲ ਕਿ ਇਸਨੂੰ ਤੱਤਕਾਲ ਝੰਜੋੜਾ ਦੇਣ ਦੀ ਲੋੜ ਹੈ ।
ਡੰਮ੍ਹ ਕਹਾਣੀ ਵਿਚ ਸ਼ੈਲੀਗਤ ਰੂਪ ਵਿਚ ਹੀ ਲੇਖਕ ਨਿਰਲੇਪ ਪ੍ਰਤੀਤ ਹੁੰਦਾ ਹੈ ਨਹੀਂ ਤਾਂ
ਤੇਜੂ ਦੀ ਸਾਰੀ ਸਥਿਤੀ ਉਘਾੜਨ ਵਿਚ ਵਰਿਆਮ ਕਦਮ ਕਦਮ ਪੂਰਾ ਸੁਚੇਤ ਹੈ । ਤੇਜੂ ਦੀ
ਉਸਾਰੀ ਵਿਚ ਲੇਖਕ ਇਸ ਗੱਲ ਪ੍ਰਤੀ ਪੂਰਾ ਸਾਵਧਾਨ ਹੈ ਕਿ ਉਸਨੂੰ ਇਸ ਪ੍ਰਕਾਰ ਦਾ
ਵਿਖਾਇਆ ਜਾਏ ਜਿਹੜਾ ਉਪਰੋ ਤੌਰ 'ਤੇ ਤਾਂ ਪੂਰਾ ਯਥਾਰਥਕ ਹੱਡਮਾਸ ਦਾ ਵਿਅਕਤੀ ਜਾਪੇ,
ਜਿਸਦੇ ਸਾਰੇ ਵਚਨ ਸਹਿਜ ਸੁਭਾਵਕ ਹੋਣ ਪਰ ਜਿਸਦੀ ਸੁਰ ਉਪਰ ਕਥਿਤ ਚੇਸ਼ਟਾ ਨਾਲ ਇਕਸੁਰ
ਸਿਰਜਣਾ

ਹੋਵੇ। ਕਹਾਣੀ ਦੀ ਕੈਨਵਸ ਉਪਨਿਆਸ ਜਿੰਨੀ ਵਿਸ਼ਾਲ ਕਰਨ ਵਿਚ ਵੀ ਏਹੀ ਇੱਛਾ ਕੰਮ ਕਰ ਰਹੀ ਹੈ : ਤੇਜੂ ਦੇ ਸਮੁੱਚੇ ਜੀਵਨ ਦੇ ਸਾਰੇ ਦੁਖਦਾਈ ਪੱਖ ਸੰਯੁਕਤ ਕਰਕੇ ਵਿਖਾ ਦਿਤੇ ਜਾਣ। ਤੇਜੂ ਦੀ ਗਰੀਬੀ ਬਾਰੇ, ਖ਼ਾਸ ਤੌਰ 'ਤੇ ਉਸਦੇ ਮਰਨ ਉਪਰੰਤ ਵਾਪਰਦੀਆਂ ਸਥਿਤੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ ਉਪਰੋ ਥਲੀ ਪੇਸ਼ ਕਰਕੇ ਲੇਖਕ ਪ੍ਰਤੱਖ ਤੌਰ 'ਤੇ ਇਕ ਵਿਸ਼ੇਸ਼ ਪ੍ਰਭਾਵ ਪੈਦਾ ਕਰਨਾ ਲੋਚਦਾ ਹੈ। ਪਰ ਸਾਡੇ ਲਈ ਤੇਜੂ ਨੂੰ ਅਜੇਹਾ ਸਵੀਕਾਰ ਕਰਨਾ ਸੰਭਵ ਨਹੀਂ। ਤੇਜੂ ਸਾਰਾ 'ਘਾਣੀ ਗੇੜ ਤੇ ਸਿਲਸਿਲਾ' ਲਗ ਭਗ ਮਾਰਕਸਵਾਦੀ ਚੇਤਨਤਾ ਮੁਤਾਬਕ ਹੀ ਸਮਝਦਾ ਹੈ ਪਰ ਉਸਦੀ ਸਥਿਤੀ ਵਿਚ ਅਕਾਰਜਸ਼ੀਲਤਾ ਸਮਝ ਨਹੀਂ ਪੈਂਦੀ। ਜਾਂ ਇਉਂ ਕਹਿ ਲਵੋ ਕਿ ਇਕ ਸਿੱਥਲ ਵਿਅਕਤੀ ਕੋਲੋਂ ਏਡੀਆਂ ਸਿਆਣਪ ਭਰਪੂਰ ਗੱਲਾਂ ਦੀ ਆਸ ਨਹੀਂ ਕੀਤੀ ਜਾ ਸਕਦੀ।

ਕੀ ਤੇਜੂ ਮਾਨਸਿਕ ਤੌਰ 'ਤੇ ਅਸਮਾਨਯ ਚਰਿੱਤਰ ਹੈ ਜਿਹੜਾ ਆਪਣੀ ਕਾਰਜਕਾਰੀ ਲੋਚਾ ਨੂੰ ਦਬਾ ਕੇ ਵਿਤਰੇਕ ਜੀਵ ਬਣ ਗਿਆ ਹੈ ? ਜੇ ਸਾਡੇ ਪਿੰਡਾਂ ਦਾ ਯਥਾਰਥ ਏਨਾ ਹੀ ਸਵੈ-ਸੰਪੰਨ ਅਬਦਲ ਜਿਹਾ ਹੈ ਤਾਂ ਉਸ ਵਿਚ ਵਿਅਕਤੀ ਦੇ ਸਰਗਰਮ ਹੋਣ ਦੀ ਲੋਚਾ ਰਖਣ ਵਾਲਾ ਹੋਣਾ ਕਿਵੇਂ ਕਲਪਿਆ ਜਾ ਸਕਦਾ ਹੈ। ਨਾਲੇ ਸੰਧੂ ਅਜੇਹੇ ਮਾਨਸਿਕ ਤੌਰ 'ਤੇ ਅਧਰੰਗ ਹੋਏ ਪਾਤਰ ਨੂੰ ਸਿਰਜਕੇ ਕਿਹੜੀ ਪ੍ਰਗਤੀਸ਼ੀਲਤਾ ਵਿਖਾ ਰਿਹਾ ਹੈ।

## ਅਮਰਜੀਤ ਕਾਂਗ

ਵਰਿਆਮ ਸੰਧੂ ਦੀ ਕਹਾਣੀ 'ਡੰਮ੍ਹ' ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਇਕ ਵਿਸ਼ੇਸ਼ ਘਟਨਾ ਵਜੋਂ ਪ੍ਰਵੇਸ਼ ਹੋਈ ਹੈ। ਪੰਜਾਬੀ ਗਲਪ ਵਿਚ ਗੁਰਦਿਆਲ ਸਿੰਘ, ਪ੍ਰੇਮ ਪ੍ਰਕਾਸ਼ ਅਤੇ ਧੀਰ ਤੋਂ ਬਾਅਦ ਜੇਕਰ ਕੋਈ ਗਲਪਕਾਰ ਗਲਪ-ਭਾਸ਼ਾ ਦੀ ਵਿਰੋਧਾਭਾਸਕ ਸਮਰੱਥਾ ਤਕ ਪੁਜ ਸਕਿਆ ਹੈ ਤਾਂ ਉਹ 'ਡੰਮ੍ਹ' ਕਹਾਣੀ ਦਾ ਲੇਖਕ ਵਰਿਆਮ ਸੰਧੂ ਹੈ। ਤੇਜੂ ਦੇ ਚਰਿਤਰ ਦੀ ਉਸਾਰੀ ਅਤੇ ਉਸ ਦੇ ਆਸ ਪਾਸ ਫੈਲੇ ਤਨਾਉ ਦੇ ਅੰਤਰ-ਵਿਰੋਧਾਂ ਦੀ ਪਛਾਣ ਲੇਖਕ ਨੇ ਏਸੇ ਵਿਧੀ ਰਾਹੀਂ ਕਰਵਾਈ ਹੈ। ਤੇਜੂ ਬਾਹਰੀ ਜ਼ਿੰਦਗੀ ਵਿਚ ਮਸਖ਼ਰਾ ਪ੍ਰਤੀਤ ਹੋਵੇਗਾ ਪਰ ਉਸ ਦਾ ਆਤਮ ਘੋਰ ਡੂੰਘੀ ਨਿਰਾਸ਼ਾ ਦਾ ਡੰਮ੍ਹ ਬਣਿਆ ਹੋਇਆ ਹੈ। ਇਸ ਡੰਮ੍ਹ ਅੰਦਰਲਾ ਤਨਾਉ ਵਿਸ਼ੇਸ਼ ਪਰਿਸਥਿਤੀਆਂ ਅਤੇ ਨਿਸ਼ਚਿਤ ਪਦਾਰਥਕ ਰਿਸ਼ਤਿਆਂ ਦਾ ਪ੍ਰਤਿਕਰਮ ਹੈ। ਤੇਜੂ ਪਾਸ "ਅਕਲ ਦੀਆਂ ਰਾਪੀਆਂ" ਤਾਂ ਹਨ, ਪਰ ਇਨ੍ਹਾਂ ਦੀ ਸੇਧ ਉਸ ਦੀ ਸੰਤਾਨ ਲਈ ਵਰਜਿਤ ਹੈ। ਇਹ ਵਰਜਿਤ ਸੇਧ ਵਿਰੋਧਾਭਾਸਕ ਭਾਸ਼ਾ ਵਿਚ ਜਾਗੀਰਦਾਰੀ ਢਾਂਚੇ ਵਿਚਲੇ ਉਸ ਮਨੁੱਖ ਦੀ ਹੋਣੀ ਨੂੰ ਨਿਸ਼ਚਿਤ ਕਰਦੀ ਹੈ ਜੋ 'ਲੋਕਾਂ ਨੂੰ ਅੱਗੇ ਵਧਾਉਂਦਾ ਰਿਹਾ ਪਰ ਆਪ ਪਿੱਛੇ ਹੀ ਪਿੱਛੇ ਜਾਂਦਾ ਰਿਹਾ।' ਇਹ ਨਿਸ਼ਚਿਤ ਹੋਣੀ ਤੇਜੂ ਦੀ ਵੀ ਹੈ ਅਤੇ ਉਸ ਦੇ ਪੁੱਤਰ ਦੀ ਵੀ ਜੋ ਹੁਣ ਜੱਟ ਤੋਂ ਕੰਮੀ ਬਣ ਗਿਆ ਹੈ। ਤੇਜੂ ਸਰਕਾਰੀ ਕਾਗਜ਼ਾਂ ਵਿਚ ਤੇਜਾ ਸਿੰਘ ਬਣ ਕੇ ਵੀ ਸਿਰਫ ਤੇਜੂ ਹੈ। ਤੇਜੂ ਅਤੇ ਉਸ ਦੇ ਪੁੱਤਰ ਤਾਰੇ ਦੀ ਇਹ ਨਿਸ਼ਚਿਤ ਹੋਣੀ ਟੇਢੇ ਢੰਗ ਨਾਲ ਬਦਲੇ ਸਮਕਾਲੀ ਨਜ਼ਾਮ ਦੇ ਚਰਿਤਰ ਨੂੰ ਵੀ ਨਿਸ਼ਚਿਤ ਕਰਦੀ ਹੈ, ਜਿਸ ਵਿਚ ਸਰਦਾਰਾਂ ਦੀ ਸਰਦਾਰੀ ਉਸੇ ਤਰ੍ਹਾਂ ਕਾਇਮ ਹੈ। ਤਬਦੀਲੀ ਸਿਰਫ ਦੰਭ ਵਿਚ ਆਈ ਹੈ। ਇਹ ਦੰਭ ਸਥਿਤੀ ਸਾਪੇਖ ਦੰਭ ਹੈ। ਜਾਗੀਰਦਾਰ ਗੁਰਬਚਨ ਸਿੰਘ ਦਾ ਤੇਜੂ ਦੀ ਮੌਤ ਸਮੇਂ ਖੱਫਣ ਦੇ ਪੈਸੇ ਦੇਣੇ ਤਰਸ ਕਰਨਾ ਨਹੀਂ, ਸਿਰਫ ਸੰਕਟ-

ਮੌਕੇ ਦੀ ਸਹੀ ਪਛਾਣ ਕਰਨਾ ਹੈ। ਉਸ ਦਾ ਆਪਣੇ ਜਾਗੀਰਦਾਰ ਪਿਤਾ ਨਾਲੋਂ ਵੱਖਰਾ ਵਿਵਿਹਾਰ ਇਕ ਨਵੀਂ ਦੰਭੀ ਸੋਚ ਵਿਚੋਂ ਪੈਦਾ ਹੁੰਦਾ ਹੈ। ਵੋਟਾਂ ਦੇ ਹੱਕ ਵਾਲੇ ਨਜ਼ਾਮ ਵਿਚ ਆਈ ਓਪਰੀ ਜਿਹੀ ਤਬਦੀਲੀ ਦੀ ਨੁਹਾਰ ਤੋਂ ਜਾਗੀਰਦਾਰ ਗੁਰਬਚਨ ਸਿੰਘ ਚੇਤੰਨ ਹੈ ਅਤੇ ਤਾਰੇ ਦੇ ਇਸ ਆਰਥਿਕ ਸੰਕਟ ਨੂੰ ਵਕਤੀ ਤੌਰ 'ਤੇ ਹੱਲ ਕਰ ਦੇਣਾ ਉਸ ਦੀ ਇਕ ਲੰਮੀ ਦੰਭੀ ਸੋਚ ਦਾ ਸਿੱਟਾ ਹੈ। ਇਸ ਨੂੰ ਤਰਸ ਜਾਂ ਹਮਦਰਦੀ ਸਮਝਣਾ ਜਾਗੀਰਦਾਰੀ ਰਿਸ਼ਤਿਆਂ ਨੂੰ ਨਾ ਸਮਝਣ ਤੁਲ ਹੈ।

ਤੇਜੂ ਦੀ ਆਪਣੇ ਪੁੱਤਰ ਨੂੰ 'ਅਪਸਰ' ਬਣਾਉਣ ਦੀ ਰੀਝ ਹੇਠਲੇ ਵਰਗ ਦੇ ਹਰ ਮਨੁੱਖ ਦੀ ਰੀਝ ਵਾਂਗ ਬੜੀ ਸੁਭਾਵਕ ਹੈ ਅਤੇ ਇਸ ਮਨੁੱਖ ਦੀ ਰੀਝ ਦਾ ਹਮੇਸ਼ਾ ਅਪੂਰਿਆਂ ਰਹਿ ਜਾਣਾ ਸ਼੍ਰੇਣੀ-ਗਤ ਸਮਾਜ ਦੀ ਅਲਾਮਤ ਹੈ। ਸਾਰਾ ਤੇਜੂ-ਵਰਗ ਇਸ ਸ਼੍ਰੇਣੀਗਤ ਰਿਸ਼ਤਿਆਂ ਦੀ ਚੁੰਗਲ ਵਿਚ ਆਪਣੀ ਹੋਣੀ ਪ੍ਰਵਾਣ ਕਰਨ ਲਈ ਮਜਬੂਰ ਹੈ। ਇਸ ਮਨੁੱਖ ਨੂੰ ਏਨੀ ਚੇਤਨਾ ਤਾਂ ਜ਼ਰੂਰ ਹੈ ਕਿ ਉਸ ਦੇ ਦੁਖ ਦਾ ਮੂਲ ਵੀ ਮਨੁੱਖ ਹੀ ਹਨ, ਪਰ ਤ੍ਰਾਸਦੀ ਇਸ ਵਿਚ ਹੈ ਕਿ ਇਸ ਨੂੰ ਇਸ ਦੇ ਸ਼੍ਰੇਣਿਕ ਸੰਦਰਭ ਦੀ ਪਛਾਣ ਨਹੀਂ। ਇਸ ਮਨੁੱਖ ਦੀ ਇਹ ਸਾਧਾਰਨ ਚੇਤਨਾ ਸਿਰਫ ਸਾਧਾਰਨ ਦੀ ਸੀਮਾ ਤਕ ਰਹਿੰਦੀ ਹੈ ਅਤੇ ਉਨ੍ਹਾਂ ਦੀ ਇਹ ਸਾਧਾਰਨ ਚੇਤਨਾ ਨਾ ਕਿਸੇ ਨਵੇਂ ਰਿਸ਼ਤਿਆਂ ਨੂੰ ਸਿਰਜਣ ਦੇ ਸਮਰਥ ਹੈ ਅਤੇ ਨਾ ਹੀ ਵਰਤਮਾਨ ਸੰਕਟ ਦਾ ਪਰਿਪੇਖ ਸਮਝਣ ਜੋਗੀ ਹੈ। ਫਲਸਰੂਪ ਇਤਿਹਾਸਕ ਸਥਿਤੀਆਂ ਦੇ ਪ੍ਰਸੰਗ ਵਿਚ ਸ਼੍ਰੇਣੀਗਤ ਰਿਸ਼ਤਿਆਂ ਵਿਚ ਪੇਤਲੀ ਜਿਹੀ ਬਾਹਰੀ ਤਬਦੀਲੀ ਤਾਂ ਵਾਪਰਦੀ ਰਹਿੰਦੀ ਹੈ, ਪਰ ਇਸ ਦਾ ਧੁਰ ਅੰਦਰਲਾ ਆਧਾਰ ਪਹਿਲਾਂ ਵਾਂਗ ਹੀ ਅਡੋਲ ਰਹਿੰਦਾ ਹੈ ਅਤੇ ਤੇਜੂ-ਵਰਗ ਆਪਣੀ ਸਾਧਾਰਨ ਚੇਤਨਾ ਦੇ ਸੰਕਟ ਵਿਚ ਇਹ ਸਭ ਕੁਛ ਪਛਾਨਣ ਤੋਂ ਅਸਮਰਥ ਹੈ। ਸਾਰਾ ਸੰਕਟ ਚੇਤਨਾ ਦੇ ਪੇਤਲੇਪਨ ਦਾ ਸੰਕਟ ਹੈ। ਇਹ ਇਕ ਭਾਂਤ ਨਾਲ ਹੇਠਲੇ ਵਰਗ ਦੀ ਹੋਣੀ ਨੂੰ ਨਿਸ਼ਚਿਤ ਕਰਨ ਵਾਲਾ ਕੇਂਦਰੀ ਨੁਕਤਾ ਹੈ। ਇਸ ਕੇਂਦਰੀ ਨੁਕਤੇ ਦੀ ਪਛਾਣ ਬਿਨਾਂ ਵਰਤਮਾਨ ਤਨਾਉ ਭਰਪੂਰ ਰਿਸ਼ਤਿਆਂ ਅਤੇ ਸਥਿਤੀਆਂ ਦੀਆਂ ਤੰਦਾਂ ਅਤੇ ਦਵੰਦਾਂ ਨੂੰ ਨਹੀਂ ਸਮਝਿਆ ਜਾ ਸਕਦਾ। ਤੇਜੂ ਵਰਗ ਦੀ ਸਾਧਾਰਨ ਚੇਤਨਾ ਇਸ ਕੇਂਦਰੀ ਨੁਕਤੇ ਨੂੰ ਪਛਾਨਣ ਤੋਂ ਬੜੀ ਉਰ੍ਹਾਂ ਰਹਿ ਜਾਂਦੀ ਹੈ। ਏਸੇ ਵਿਚ ਹੀ ਉਨ੍ਹਾਂ ਦੇ ਦੁਖਾਂਤ ਦਾ ਮੂਲ ਹੈ। ਇਤਿਹਾਸ ਉਦੋਂ ਹੀ ਆਪਣਾ ਪਰਿਪੇਖ ਬਦਲਦਾ ਹੈ ਜਦੋਂ ਇਹ ਸਾਧਾਰਨ ਚੇਤਨਾ ਕਿਸੇ ਠੋਸ ਦਿਸ਼ਾ ਨੂੰ ਗ੍ਰਹਿਣ ਕਰਦੀ ਹੈ। ਇਹ ਤੱਤ ਮਾਨਵ ਇਤਿਹਾਸ ਵਿਚ ਇਕ ਤੱਥ ਵਜੋਂ ਪ੍ਰਮਾਣ ਬਣਦਾ ਦੇਖਿਆ ਜਾ ਸਕਦਾ ਹੈ। ਸਾਧਾਰਨ ਚੇਤਨਾ ਦਾ ਕਿਸੇ ਠੋਸ ਦਿਸ਼ਾ ਵਲ ਤੁਰਨਾ ਹੀ ਆਰਥਿਕ ਰਿਸ਼ਤਿਆਂ ਦੇ ਜਮੂਦ ਨੂੰ ਤੋੜ ਸਕਦਾ ਹੈ। ਵਰਨਾ ਰਿਸ਼ਤਿਆਂ ਵਿਚਲਾ ਇਹ ਡੂੰਘਾ ਜਮੂਦ ਹੀ ਤੇਜੂ ਵਰਗ ਦੀ ਹੋਣੀ ਬਣ ਜਾਂਦਾ ਹੈ। ਵਰਿਆਮ ਸੰਧੂ ਨੇ ਇਸ ਕਠੋਰ ਜਮੂਦ ਨੂੰ ਤੇਜੂ ਦੇ ਡੁੰਮ੍ਹ ਬਣੇ ਤਨਾਉ ਰਾਹੀਂ ਪੇਸ਼ ਕੀਤਾ ਹੈ। ਗਲਪ-ਸੰਸਾਰ ਦੀ ਇਕ ਵਿਲੱਖਣ ਵਿਸ਼ੇਸ਼ਤਾ ਇਹ ਵੀ ਹੈ ਕਿ ਕਿਸੇ ਜਮੂਦ ਵਿਚ ਠਹਿਰੇ ਸਮਾਜ ਦਾ ਭਰਪੂਰ ਚਿੱਤਰ ਵੀ ਆਪਣੇ ਰਚਨਾ ਸੰਸਾਰ ਵਿਚ ਗਤੀਸ਼ੀਲ ਹੁੰਦਾ ਹੈ। ਲੇਖਕ ਗਤੀਰੋਧ ਅਵਸਥਾ ਵਿਚੋਂ ਵੀ ਕਿਸੇ ਗਤੀਸ਼ੀਲਤਾ ਦਾ ਅਨੁਭਵ ਕਰਾਉਣ ਦੇ ਸਮਰਥ ਹੁੰਦਾ ਹੈ। 'ਡੁੰਮ੍ਹ' ਕਹਾਣੀ ਵਿਚ ਲੇਖਕ ਨੇ ਇਕ ਗਤੀ ਰੋਧ ਦੀ ਅਵਸਥਾ ਵਿਚ ਗ੍ਰਸੇ ਸਮਾਜ ਦੇ ਆਰਥਿਕ ਅਤੇ ਚੇਤਨਾ ਸੰਕਟ ਨੂੰ ਪਾਤਰਾਂ ਦੇ ਚਰਿਤਰ ਅੰਦਰਲੇ ਵਿਰੋਧਾਭਾਸਾਂ ਰਾਹੀਂ ਸਿਰਜਿਆ ਹੈ। ਵਰਿਆਮ ਸੰਧੂ ਦੀ ਕਹਾਣੀ ਕਲਾ ਦੀ ਪ੍ਰਾਪਤੀ ਇਨ੍ਹਾਂ ਪਾਤਰਾਂ ਦੇ ਚਰਿਤਰ ਅੰਦਰਲੇ ਵਿਰੋਧਾ ਭਾਸਾਂ ਨੂੰ ਸਿਰਜ ਸਕਣ ਵਿਚ ਹੈ। ਉਸ ਦੀ ਇਹ ਵਿਧੀ ਇਕ ਭਾਂਤ ਨਾਲ ਪੰਜਾਬੀ ਨਿੱਕੀ ਕਹਾਣੀ

ਦੀ ਪ੍ਰਾਪਤੀ ਵੀ ਕਹੀ ਜਾ ਸਕਦੀ ਹੈ । ਨਿਰਸੰਦੇਹ 'ਡੁੰਮ੍ਹ' ਕਹਾਣੀ ਪੰਜਾਬੀ ਨਿੱਕੀ ਕਹਾਣੀ ਦੀ ਪ੍ਰਾਪਤੀ ਦਾ ਪ੍ਰਮਾਣ ਬਣਨ ਦੇ ਸਮਰੱਥ ਹੈ ।

## ਹਰਿਭਜਨ ਹਲਵਾਰਵੀ

ਵਰਿਆਮ ਸਿੰਘ ਸੰਧੂ ਦੀ ਕਹਾਣੀ 'ਡੁੰਮ੍ਹ' ਪੜ੍ਹਦਿਆਂ ਜਦੋਂ ਤੇਜੂ ਕੋਲ 'ਅਕਲ ਦੀਆਂ ਕਾਪੀਆਂ' ਹੋਣ ਵਾਲੀ ਗੱਲ ਪੜ੍ਹੀ ਤਾਂ ਜਾਪਿਆ ਕਿ ਤੇਜੂ ਵਰਿਆਮ ਨੂੰ ਵੀ ਕੋਈ 'ਅਕਲ ਦੀ ਕਾਪੀ' ਦੇ ਗਿਆ ਹੈ । ਨਹੀਂ ਤਾਂ ਉਹ ਤੇਜੂ ਵਰਗਾ ਪਾਤਰ ਕਿਵੇਂ ਸਿਰਜ ਸਕਦਾ ?

ਤੇਜੂ ਸਾਧਾਰਨ ਪਰ ਬਹਾਦਰ ਮਨੁੱਖ ਹੈ । ਅੱਜ ਦੇ ਸਮੇਂ ਦਾ ਨਾਇਕ ਉਸ ਵਰਗਾ ਬੰਦਾ ਹੀ ਹੈ । ਉਹ ਚਾਰੇ ਬੰਨਿਉਂ ਧੱਕੇ ਖਾਂਦਾ ਵੀ ਰੋਂਦੂ ਨਹੀਂ ਬਣਦਾ ਸਗੋਂ ਹੱਸਣ ਤੇ ਹਸਾ ਸਕਣ ਦੀ ਸਮਰਥਾ ਰਖਦਾ ਹੈ । ਬੇਯਾਰੋ-ਮਦਦਗਾਰ ਹੁੰਦਾ ਹੋਇਆ ਵੀ ਉਹ ਤਰਸ ਦਾ ਪਾਤਰ ਨਹੀਂ ਸਗੋਂ 'ਅਕਲ ਦੀਆਂ ਕਾਪੀਆਂ' ਦੇ ਰੂਪ ਵਿਚ ਸਾਰਿਆਂ ਲਈ ਸ਼ੁਭ ਇਛਾਵਾਂ ਖਲੇਰਦਾ ਰਹਿੰਦਾ ਹੈ ।

ਜੱਗ ਦੇ ਰੰਗ ਤਮਾਸ਼ੇ ਦੇਖਦੀਆਂ ਤੇ ਕੋਈ ਵੀ ਰੰਗ ਨਾ ਫੜ ਸਕਣ ਵਾਲੀਆਂ ਸਫ਼ੇਦ ਡੇਲਿਆਂ ਵਾਲੀਆਂ ਉਸ ਦੀਆਂ ਅੱਖਾਂ ਨੂੰ ਸੁਪਨੇ ਦੇਖਣੋਂ ਕੌਣ ਰੋਕ ਸਕਦਾ ਹੈ ? ਆਪਣੇ ਪੁਤਰ ਤਾਰੇ ਨੂੰ ਭਲਵਾਨ, ਬਦਮਾਸ਼ ਜਾਂ ਅਫ਼ਸਰ ਬਣਾਉਣ ਦੀ ਉਸ ਦੀ ਰੀਝ ਨਿਰਾ ਸੁਪਨੇ ਦਾ ਮਹਿਲ ਨਹੀਂ ਸਗੋਂ ਦੁੱਖਾਂ ਦੇ ਡੂੰਘੇ ਚਿੱਕੜ ਵਿਚੋਂ ਨਿਕਲ ਕੇ ਜ਼ਿੰਦਗੀ ਦੇ ਖੁਲ੍ਹੇ ਪਾਣੀਆਂ ਵਿਚ ਤਰਨ ਦੀ ਉਸ ਦੀ ਤੇ ਉਸ ਵਰਗੇ ਅਨੇਕਾਂ ਹੋਰਨਾਂ ਦੀ ਸੁਤੇ ਸਿੱਧ ਤੇ ਬੇਰੋਕ ਇੱਛਾ ਹੈ ।

ਪੈਸੇ ਦੀ ਸਰਦਾਰੀ ਦਾ ਘਾਣੀ ਗੇੜ ਤੇ ਸਿਲਸਿਲਾ ਕੀ ਹੈ, ਇਹ ਤੇਜੂ ਚੰਗੀ ਤਰ੍ਹਾਂ ਜਾਣਦਾ ਹੈ । ਉਸ ਨੂੰ ਪਤਾ ਹੈ ਕਿ ਇਕੋ ਵੋਟਰ ਸੂਚੀ ਵਿਚ ਤੇਜਾ ਸਿੰਘ ਹੁੰਦਾ ਹੋਇਆ ਵੀ ਉਹ ਆਮ ਜੀਵਨ ਵਿਚ ਤੇਜੂ ਹੀ ਹੈ ਅਤੇ ਉਸ ਦਾ ਹਮ ਉਮਰ ਮੋਟਾ ਤਾਜ਼ਾ ਨਾਜ਼ਰ ਸਿੰਘ ਕੈਪਟਨ ਤੇ ਸਰਦਾਰ ਕਿਉਂ ਰਹਿੰਦਾ ਹੈ । ਉਸ ਨੂੰ ਜ਼ਿੰਦਗੀ ਦੇ ਭਵਿਖ ਵਿਚ ਡੂੰਘਾ ਵਿਸ਼ਵਾਸ ਹੈ ਭਾਵੇਂ ਉਸ ਨੂੰ ਪਤਾ ਹੈ ਕਿ ਹਾਲ ਦੀ ਘੜੀ ਉਸ ਦੇ ਤਾਰੇ ਨੇ ਨਹੀਂ ਚਮਕਣਾ ਕਿਉਂਕਿ ਉਸ ਨੂੰ ਕਿਸੇ ਸਰਦਾਰਨੀ ਨੇ ਆਪਣੇ ਮੁੰਡੇ ਦੇ ਚਿੱਤੜ ਪੂੰਝਣ ਲਈ ਵਰਤ ਲਿਆ ਹੋਇਐ ।

ਏਨਾ ਜ਼ਿੰਦਾ ਦਿਲ ਤੇਜੂ ਮਰ ਨਹੀਂ ਸਕਦਾ, ਇਹ ਮੇਰਾ ਪੱਕਾ ਵਿਸ਼ਵਾਸ ਹੈ । ਉਹ ਮਰਿਆ ਨਹੀਂ ਪਿਆ ਸਗੋਂ ਉਸ ਦੇ ਕਹਿਣ ਮੁਤਾਬਕ 'ਠੰਡ ਨੂੰ ਲੱਗਾ' ਪਿਆ ਅਤੇ ਉਸ ਨੂੰ ਆਪਣੇ ਜਿਸਮ ਤੇ ਜਾਨ ਦਾ ਨਿੱਘ ਦੇ ਰਿਹਾ ਜਾਪਦਾ ਹੈ । ਲਗਦਾ ਹੈ ਕਿ ਉਹ ਹੁਣੇ ਹੀ ਡੁੰਮ੍ਹ 'ਚੋਂ ਬਾਹਰ ਨਿਕਲ ਆਏਗਾ ਅਤੇ ਬੇਰਹਿਮ ਮੌਸਮ ਨੂੰ ਹੱਸ ਕੇ ਵੰਗਾਰਦਿਆਂ ਕਹੇਗਾ : 'ਆ ਫਿਰ......ਆ ਫਿਰ......।'

---

# "ਬਾਬਾ ਸ਼ਰਨਾਰਥੀ ਨਹੀਂ"

ਅਜੀਤ ਸਿੰਘ

ਪਿਛਲੇ ਪਰਚੇ ਵਿਚ ਮੇਜਰ ਇਸਹਾਕ ਮੁਹੰਮਦ ਹੁਰਾਂ ਦਾ ਲਿਖਿਆ ਹੋਇਆ ਲੇਖ "ਸਾਡਾ ਬਾਬਾ ਸ਼ਰਨਾਰਥੀ ਹੋ ਗਿਆ" ਪੜ੍ਹਿਆ, ਜੋ ਉਨ੍ਹਾਂ ਨੇ ਬਹੁਤ ਮਿਹਨਤ ਨਾਲ ਲਿਖਿਆ ਹੈ। ਵਾਰੇ ਸ਼ਾਹ ਦੀਆਂ ਬੈਂਤਾਂ ਨਾਲ ਤੇ, ਬਾਬੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੀਆਂ ਟੂਕਾਂ ਨਾਲ ਸ਼ਿੰਗਾਰਿਆ ਹੈ। ਲੇਖ ਦੇ ਤੌਰ 'ਤੇ, ਅਤੇ ਜਾਣਕਾਰੀ ਦੇ ਪੱਖੋਂ ਮੈਂ ਮੇਜਰ ਸਾਹਿਬ ਦਾ ਕਾਇਲ ਹਾਂ ਕਿ ਉਨ੍ਹਾਂ ਨੇ ਕੁੱਜੇ ਵਿਚ ਸਮੁੰਦਰ ਬੰਦ ਕੀਤਾ ਹੈ।

ਪਰ ਮੈਂ ਮੇਜਰ ਸਾਹਿਬ ਦੀ ਇਸ ਗੱਲ ਨਾਲ ਉੱਕਾ ਹੀ ਸਹਿਮਤ ਨਹੀਂ ਕਿ ਬਾਬਾ ਵਾਰਸ ਸ਼ਾਹ ਸ਼ਰਨਾਰਥੀ ਹੋ ਗਿਆ ਹੈ। ਅਸਲ ਵਿਚ ਮੈਨੂੰ ਖੁਦ ਅਜ ਤੀਕ "ਸ਼ਰਨਾਰਥੀ" ਸ਼ਬਦ ਦਾ ਅਸ਼ਲ ਮਾਇਨਾ ਸਮਝ ਨਹੀਂ ਆਇਆ ਕਿ ਸ਼ਰਨਾਰਥੀ ਹੁੰਦਾ ਕੌਣ ਹੈ ? ਦੇਸ਼ ਜਾਂ ਗਿਰਾਂ ਛੱਡ ਕੇ ਤੁਰ ਜਾਣਾ, ਤੇ ਫੇਰ ਕਿਸੇ ਹੋਰ ਥਾਂ ਜਾ ਵਸਣਾ ਹੀ ਸ਼ਰਨਾਰਥੀ ਹੁੰਦਾ ਹੈ, ਤਾਂ ਮੈਂ ਵੀ ਸ਼ਰਨਾਰਥੀ ਹਾਂ, ਤੇ ਮੇਰੇ ਮਾਂ ਪਿਓ ਵੀ ਸ਼ਰਨਾਰਥੀ ਹਨ। ਫੇਰ ਇਉਂ ਬਾਬਾ ਵਾਰੇ ਸ਼ਾਹ ਤਾਂ ਮੁੱਢੋਂ ਹੀ ਸ਼ਰਨਾਰਥੀ ਰਿਹਾ ਹੈ ਜੋ ਥਾਓਂ ਥਾਈਂ ਘੁੰਮਦਾ ਰਿਹਾ ਹੈ।

ਮੇਜਰ ਸਾਹਿਬ ਹੁਰਾਂ ਲਿਖਿਆ ਹੈ ਕਿ ਬਾਬਾ ਸ਼ਰਨਾਰਥੀ ਹੋ ਕੇ ਜਲੰਧਰ ਜਾ ਪਹੁੰਚਿਐ। ਮੈਂ ਕੋਈ ਲੇਖਕ ਨਹੀਂ ਹਾਂ। ਪਾਠਕ ਹਾਂ, ਵਾਰੇ ਸ਼ਾਹ ਦਾ ਪ੍ਰਸ਼ੰਸਕ ਹਾਂ। ਹੀਰ ਦੇ ਬੋਲ ਮੇਰੇ ਦਿਲ 'ਤੇ ਇਉਂ ਉੱਕਰੇ ਹਨ, ਜਿਵੇਂ ਅਜੰਤਾ ਤੇ ਅਲੌਰਾ ਦੀਆਂ ਮੂਰਤੀਆਂ ਚਟਾਨਾਂ ਵਿਚ ਉੱਕਰੀਆਂ ਹੋਈਆਂ ਹਨ।

ਅੱਜ 29 ਸਾਲ ਗੁਜ਼ਰ ਗਏ ਹਨ, ਦੰਗੇ ਫਸਾਦਾਂ ਨੂੰ। ਜੇਕਰ ਵਾਰੇ ਸ਼ਾਹ ਇਧਰ ਆਇਆ ਵੀ ਤਾਂ ਇੰਨੇ ਸਾਲ ਕਿਧਰ ਲੁਕਿਆ ਰਿਹਾ ? ਕਿਹੜੇ, ਕਾਫਲੇ ਨਾਲ ਆਇਆ ?

ਮੇਰੀ ਜਾਚੇ ਤਾਂ ਵਾਰੇ ਸ਼ਾਹ ਇਧਰ ਆਇਆ ਹੀ ਨਹੀਂ । ਜੇ ਕਦੇ ਭੁੱਲ ਭੁਲੇਖੇ ਬਾਬੇ ਨੇ ਕਦੇ ਹੱਦ ਟੱਪਣ ਦੀ ਕੋਸ਼ਸ਼ ਕੀਤੀ ਵੀ ਹੋਵੇਗੀ ਤਾਂ ਵਿਚਾਰੇ ਨੂੰ ਮੁਜਾਹਿਦਾਂ ਨੇ ਕਾਫ਼ਰ ਜਾਣਕੇ ਲੰਬੀ ਦਾੜ੍ਹੀ ਤੇ ਮੁੱਛਾਂ ਦੇਖ ਕੇ ਪਾਰ ਬੁਲਾ ਦਿਤਾ ਹੋਵੇਗਾ । ਜੇ ਬਾਬਾ ਮੁਜਾਹਿਦਾਂ ਦੇ ਪੰਜੇ ਚੋਂ ਬਚਕੇ ਕਿਸੇ ਤਰ੍ਹਾਂ ਜ਼ਖਮੀ ਹਾਲਤ ਵਿਚ ਇਧਰ ਸਤਲੁਜ ਟੱਪ ਵੀ ਆਇਆ ਹੋਵੇ ਤਾਂ ਹੋ ਸਕਦਾ ਹੈ, ਕਿਸੇ ਨਿਹੰਗ ਸਿੰਘ ਨੇ ਕਾਜ਼ੀ ਜਾਣਕੇ "ਸੋਧ" ਦਿਤਾ ਹੋਵੇ।

ਪਰ ਜੇ ਉਥੋਂ ਫੇਰ ਵੀ ਬਚ ਗਿਆ ਹੋਵੇ, ਤਾਂ ਮੇਰੇ ਵਰਗੇ ਕਚਘਰੜ ਦੀਆਂ ਹਿੰਦੀ ਨੁਮਾ ਪੰਜਾਬੀ ਰਚਨਾਵਾਂ ਪੜ੍ਹਕੇ, ਤੇ ਸੰਸਕ੍ਰਿਤ ਬਨਾਮ ਪੰਜਾਬੀ ਪ੍ਰੋਗਰਾਮ ਸੁਣਕੇ, ਅਪਣੇ ਆਪ ਨੂੰ ਕਿਸੇ ਹੋਰ ਬੇਗਾਨੇ ਦੇਸ਼ ਆਇਆ ਸਮਝਕੇ, ਸਿਰ ਤੇ ਪੈਰ ਰਖਕੇ ਬਾਬਾ ਫੇਰ ਵਾਹਗਾ ਟੱਪ ਗਿਆ ਹੋਵੇਗਾ ।

ਇਹ ਵੀ ਹੋ ਸਕਦਾ ਹੈ ਕਿ ਵਾਹਗਾ ਟਪਦਿਆਂ ਬਾਬੇ ਨੂੰ ਬੀ.ਐਸ.ਐਫ. ਵਾਲਿਆਂ ਸਮਗਲਰ ਜਾਣਕੇ ਗੋਲੀ ਮਾਰ ਦਿਤੀ ਹੋਵੇਗੀ। ਉਹ ਦੀ ਲਾਸ਼ ਵੀ ਦਰਿਆ ਵਿਚ ਰੋੜ੍ਹ ਦਿਤੀ ਹੋਵੇਗੀ। ਪਰ ਉਹਦੀ ਆਤਮਾ ਅੱਜ ਵੀ ਲਾਹੌਰ ਲਾਗੇ ਘੁੰਮਦੀ ਫਿਰਦੀ ਹੈ।

ਉਹਦੇ ਬੋਲ ਅੱਜ ਵੀ ਉਥੇ ਗੂੰਜਦੇ ਹਨ। ਅਸੀਂ ਜਦੋਂ ਵੀ ਲਾਹੌਰ ਸੁਣਦੇ ਹਾਂ ਤਾ ਸਾਨੂੰ ਬਾਬਾ ਉਥੇ ਹੀ ਜਾਪਦਾ ਹੈ। ਪਰ ਅਸਲ ਵਿਚ ਗੱਲ ਕੁਝ ਝਗੜੇ ਵਾਲੀ ਹੀ ਜਾਪਦੀ ਹੈ। ਆਓ ਆਪਾਂ ਰਲਕੇ ਬਾਬਾ ਭਾਲੀਏ।

[ਸੰਗੂਆਣਾ, ਬਠਿੰਡਾ]

## ਪੰਜਾਬੀ ਸਾਹਿਤਕ ਜਗਤ ਦੀ ਨਕਸ਼-ਨਿਗਾਰੀ

ਸੁਰਜੀਤ ਹਾਂਸ

**ਤੁਰਦੇ ਫਿਰਦੇ ਮਸਖਰੇ** [ਮੋਹਨਜੀਤ, ਮੁੱਲ ਸੱਤ ਰੁਪਏ, ਹਰਨਾਖਸ਼ ਪਬਲੀਕੇਸ਼ਨਜ਼, ਅੰਮ੍ਰਿਤਸਰ] ਪੁਸਤਕ ਦੀ ਆਲੋਚਨਾ ਅਤੇ ਪੰਜਾਬੀ ਦੇ ਸਾਹਿਤਕ ਮਾਹੌਲ ਬਾਰੇ ਵਿਸਥਾਰ ਦੀ ਟਿੱਪਣੀ ਤੋਂ ਪਹਿਲਾਂ ਮੈਂ ਆਪਣੀ ਵੀ ਕਹਿਣੀ ਚਾਹੁੰਦਾ ਹਾਂ। ਮੈਂ ਆਪਣੀ ਸਫ਼ਾਈ ਪੇਸ਼ ਕਰਦਾ ਹਾਂ।

ਜ਼ਾਤੀ ਤੌਰ 'ਤੇ ਮੇਰੀ ਮੋਹਨਜੀਤ ਨਾਲ ਬਹਿਣੀ ਉਠਣੀ ਜ਼ਰੂਰ ਹੈ। ਪਰ ਮੇਰੇ ਦੋ ਕਰੀਬੀ ਮਿੱਤਰ ਅਜਿਹੇ ਹਨ ਜਿਹੜੇ ਮੋਹਨਜੀਤ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਮੇਰੀ ਲਿਖਤ ਨਾਲ ਮੋਹਨਜੀਤ ਖੁਸ਼ ਹੋਵੇ ਨਾ ਹੋਵੇ ਪਰ ਦੋਸਤ ਜ਼ਰੂਰ ਨਾਖੁਸ਼ ਹੋਣਗੇ ਅਤੇ ਮੇਰੇ ਦੋਸਤ ਕਮਜ਼ਰਫ ਵੀ ਨਹੀਂ ਹਨ।

ਪਰ ਮੇਰੀ ਮੋਹਨਜੀਤ ਨਾਲ ਸਾਹਿੱਤ ਦੇ ਆਦਰਸ਼ਾਂ, ਕਵਿਤਾ ਦੀ ਸ਼ੈਲੀ ਅਤੇ ਕਲਾ ਦੇ ਉਦੇਸ਼ ਬਾਰੇ ਕੋਈ ਸਾਂਝ ਨਹੀਂ। ਜੋ ਕੁਝ ਮੋਹਨਜੀਤ ਕਰਨਾ ਚਾਹੁੰਦਾ ਹੈ, ਮੈਨੂੰ ਉਸ ਦੀ ਨਦਾਮਤ ਹੀ ਹੋ ਸਕਦੀ ਹੈ। ਜਿਸ ਗੱਲ ਨੂੰ ਮੈਂ ਗੌਲਦਾ ਹਾਂ ਉਸਨੂੰ ਮੋਹਨਜੀਤ ਐਵੇਂ-ਕੈਵੇਂ ਸਮਝਦਾ ਹੈ। ਬਹਿਣ-ਖਲੋਣ ਦੇ ਬਾਵਜੂਦ ਸਾਡੀ ਕੋਈ ਸਾਹਿਤਕ ਰਾਹੋਰਸਮ ਨਹੀਂ ਹੈ।

ਇਹੀ ਗੱਲਾਂ ਕਿਸੇ ਲਈ ਮੋਹਨਜੀਤ ਬਾਰੇ ਚੁੱਪ ਰਹਿਣ ਦਾ ਕਾਰਨ ਹੋ ਸਕਦੀਆਂ ਹਨ। ਪਰ ਮੇਰੀ ਆਪਣੀ ਸਥਿਤੀ ਵਿਚ ਚੁੱਪ ਰਹਿਣਾ ਬੁਜ਼ਦਿਲੀ ਹੋਵੇਗੀ। ਆਲੋਚਕ ਨੂੰ ਆਪਣੇ ਪ੍ਰਤੀਕਰਮਾਂ, ਖ਼ਾਸ ਕਰਕੇ ਓਪਰਿਆਂ ਦੇ ਪ੍ਰਤੀਕਰਮਾਂ ਤੋਂ ਘਬਰਾ ਕੇ ਆਪਣੀ ਸੁਰੱਖਿਆ ਬਾਰੇ ਨਹੀਂ ਸੋਚਣਾ ਚਾਹੀਦਾ। ਸੁਰੱਖਿਆ ਕੁਫਲਸਾਜ਼ ਦਾ ਉਦੇਸ਼ ਹੋ ਸਕਦਾ ਹੈ, ਆਲੋਚਕ ਦਾ ਨਹੀਂ।

ਮੈਨੂੰ ਇਕ ਹੋਰ ਚੀਜ਼ ਦਾ ਵੀ ਇਹਸਾਸ ਹੈ। ਬਰੈਖਟ ਨੇ ਲੂਕਾਚ ਨੂੰ ਠੀਕ ਮਿਹਣਾ ਮਾਰਿਆ ਸੀ ਕਿ ਕਲਾਸਕੀ ਲਿਖਾਰੀਆਂ ਦੀ ਅਮ੍ਰਤਾ ਸਥਾਪਿਤ ਕਰੀ ਜਾਣੀ ਜੀਂਦੇ ਲਿਖਾਰੀਆਂ ਨੂੰ ਮਾਰਨ ਦਾ ਚੰਗਾ ਬਹਾਨਾ ਹੈ। ਜੇ ਮੈਨੂੰ ਮੋਹਨਜੀਤ ਵਿਚ ਜਾਨ ਨਜ਼ਰ ਆਉਂਦੀ ਹੈ, ਤਾਂ ਮੈਂ ਉਹਨੂੰ ਵਿਰੋਧੀ ਹੋਣ ਦੇ ਬਾਵਜੂਦ ਵੀ ਮਾਰਨ ਨੂੰ ਤਿਆਰ ਨਹੀਂ ਹਾਂ। ਇਹੀ ਮੇਰੀ ਸਫ਼ਾਈ ਹੈ।

ਮੋਹਨਜੀਤ ਨੇ 33 ਵਿਅਕਤੀ ਚਿਤਰ ਲਿਖੇ ਹਨ। ਮੈਂ ਤਾਂ ਮੋਹਨਜੀਤ ਦੀ ਵਾਕਫ਼ੀਅਤ ਦੇ ਘੇਰੇ 'ਤੇ ਹੈਰਾਨ ਹਾਂ। ਇਹਨਾਂ 33 ਵਿਅਕਤੀਆਂ ਨੇ ਮੋਹਨਜੀਤ 'ਤੇ ਥੋੜੇ ਬਹੁਤੇ ਸਮੇਂ ਲਈ ਇੰਨਾ ਡੂੰਘਾ ਪ੍ਰਭਾਵ ਪਾਇਆ ਕਿ ਉਹਨੇ ਇਹਨਾਂ ਬਾਰੇ ਕਵਿਤਾਵਾਂ ਲਿਖੀਆਂ ਹਨ। ਮੋਹਨਜੀਤ ਵਿਚ ਜ਼ਰੂਰ ਹੀ ਹਿਰਦੇ ਦੀ ਵਿਸ਼ਾਲਤਾ ਹੋਵੇਗੀ, ਕਿਉਂਕਿ ਉਹ ਭਾਨਮਤੀ ਦੇ ਕੁਨਬੇ ਦੀਆਂ ਭਾਵਨਾਵਾਂ ਦੇ ਰੌਂਅ ਵਿਚ ਆ ਕੇ ਗੱਲਾਂ ਕਰਦਾ ਹੈ। ਇਸ ਤੋਂ ਵੱਧ ਮੋਹਨਜੀਤ ਇਹਨਾਂ ਵਿਅਕ-ਤੀਆਂ ਦੇ ਪਿਛੋਕੜ ਬਾਰੇ ਜਾਣਦਾ ਹੈ। ਉਹ ਇਹਨਾਂ ਦੀਆਂ ਰਚਨਾਵਾਂ ਦੇ ਚੋਣਵੇਂ ਹਵਾਲਿਆਂ ਨੂੰ ਆਪਣੇ ਵਿਅਕਤੀ-ਚਿਤਰਾਂ ਦੀ ਉਸਾਰੀ 'ਚ ਵਰਤਦਾ ਹੈ।

ਜੇ ਮੇਰੀ ਇੰਨੀ ਵਾਕਫ਼ੀਅਤ ਹੋਵੇ, ਤਾਂ ਮੇਰਾ ਤਾਂ ਬੁਰਾ ਹਾਲ ਹੋ ਜਾਵੇ। ਜੇ ਇੰਨੇ ਬੰਦਿਆਂ ਦਾ ਪਿਛੋਕੜ ਮੇਰੇ ਮਨ ਵਿਚ ਧਸ ਜਾਵੇ ਮੈਂ ਤਾਂ ਸ਼ਾਇਦ ਪਾਗਲ ਹੋ ਜਾਵਾਂ। ਨਾ ਹੀ ਮੈਂ ਦੂਸ-

ਰਿਆਂ ਦੀਆਂ ਰਚਨਾਵਾਂ ਦੇ ਹਵਾਲੇ ਇਸ ਹੱਦ ਤਕ ਗ੍ਰਹਿਣ ਕਰ ਸਕਦਾ ਹਾਂ ਕਿ ਉਹ ਮੇਰੇ ਕਾਵਿਕ ਅਨੁਭਵ ਦਾ ਅੰਗ ਬਣ ਜਾਣ।

ਮੈਂ ਲਾਜ਼ਮੀ ਤੌਰ 'ਤੇ ਬਹੁਤ ਸਾਰੇ ਵਿਅਕਤੀ-ਚਿਤਰਾਂ ਦੀ ਪਿੱਠਭੂਮੀ ਨੂੰ ਗ੍ਰਹਿਣ ਨਹੀਂ ਕਰ ਸਕਿਆ, ਕਿਉਂਕਿ ਮੇਰੀ ਸਾਹਿਤਕ ਜਗਤ ਨਾਲ ਬਹੁਤ ਥੋੜੀ ਵਾਕਫ਼ੀਅਤ ਹੈ। ਪਰ ਮੈਨੂੰ ਵੀ 'ਗੋਲਡ ਫਲੇਕ ਪੀਂਦਿਆਂ' 'ਉਹਨੂੰ ਸ਼ਤਰੰਜ ਖੇਡਦੇ' 'ਕੋਰੇ ਲੱਠੇ ਵਰਗੇ ਸ਼ਬਦਾਂ 'ਚ ਬਰੀਕ ਵਾਇਲ ਦੇ ਅਰਥ ਭਰਕੇ' ਉਹਨੇ ਕਈ ਜਨਮ ਲਏ ਹਨ', 'ਮੇਰਾ ਯਾਰ ਰੋਜ਼ ਵਾਕ ਆਊਟ ਕਰ ਜਾਂਦਾ ਹੈ' ਦੀ ਸਮਝ ਪੈ ਗਈ ਹੈ। ਮੈਂ ਬਹੁਤ ਸਾਰੀਆਂ ਰਚਨਾਵਾਂ ਦੇ ਹਵਾਲਿਆਂ ਤੋਂ ਵੀ ਕੋਰਾ ਰਿਹਾ ਹੋਵਾਂਗਾ, ਕਿਉਂਕਿ ਮੇਰਾ ਪੰਜਾਬੀ ਸਾਹਿਤ ਦਾ ਅਧਿਅਨ ਓਨਾ ਨਹੀਂ ਹੈ, ਜਿੰਨਾ ਚਾਹੀਦਾ ਹੈ। ਜਦ ਮੇਰੀ ਕਿਸੇ ਵਿਅਕਤੀ ਨਾਲ ਨਾਵਾਕਫ਼ੀਅਤ ਉਹਦੀ ਰਚਨਾ ਦੀ ਅਗਿਆਨਤਾ ਨਾਲ ਰਲ ਗਈ ਹੈ, ਤਾਂ ਮੈਂ ਉਹਦੇ ਬਾਰੇ ਕੁਝ ਨਹੀਂ ਸਮਝ ਸਕਿਆ। ਮਸਾਲ ਦੇ ਤੌਰ 'ਤੇ ਮੈਂ ਸੁਖਬੀਰ ਦੇ ਵਿਅਕਤੀ-ਚਿਤਰ ਦਾ ਕੁਝ ਨਹੀਂ ਬਣਾ ਸਕਿਆ। ਇਸੇ ਗੱਲ ਨੇ ਮੇਰੇ ਮਨ ਵਿਚ ਇਹ ਸ਼ੰਕਾ ਪੈਦਾ ਕੀਤਾ ਕਿ **ਤੁਰਦੇ ਫਿਰਦੇ ਮਸਖ਼ਰੇ** ਸਾਹਿਤ ਵਿਚ ਫਿਰਦੇ ਮਸਖ਼ਰਿਆਂ ਲਈ ਹੈ। ਆਮ ਪਾਠਕ ਲਈ ਨਹੀਂ। ਇਹ ਕੋਈ ਔਗੁਣ ਨਹੀਂ, ਮੈਂ ਤਾਂ ਕੇਵਲ ਏਸ ਤੱਥ ਵਲ ਧਿਆਨ ਦਵਾਉਣਾ ਚਾਹੁੰਦਾ ਹਾਂ।

ਵਿਅਕਤੀ-ਚਿਤਰਾਂ ਵਿਚ ਇਹ ਗੱਲ ਪ੍ਰਤੀਤ ਨਹੀਂ ਹੁੰਦੀ ਕਿ ਕਿਸੇ ਕਲਾਕਾਰ ਦਾ ਕੀ ਸਥਾਨ ਹੈ। ਭਾਵੇਂ ਇਹਨਾਂ 33 ਸਾਹਿਤਕਾਰਾਂ ਦੀਆਂ ਪ੍ਰਾਪਤੀਆਂ ਦੇ ਪੱਧਰ ਉੱਚੇ ਨੀਵੇਂ ਹਨ, ਪਰ ਉਹਨਾਂ ਦੇ ਚਿਤਰ ਇਕੋ ਜਹੇ ਹਨ। ਇਹਨਾਂ ਚਿਤਰਾਂ ਦੇ ਪ੍ਰਭਾਵਾਂ ਤੋਂ ਅਸੀਂ ਸਾਹਿਤਕਾਰਾਂ ਦੇ ਅਦਬੀ ਕਮਾਲ ਜਾਂ ਜ਼ਵਾਲ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦੇ। ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ. ਸ. ਮੀਸ਼ਾ, ਅਮਰਜੀਤ ਚੰਦਨ, ਸ਼ਹਰਯਾਰ, ਰਵਿੰਦਰ ਇਕੋ ਜਿਹੇ ਮਲੂਮ ਹੁੰਦੇ ਹਨ (ਮੇਰੇ ਨਾਂਵ-ਕਰਮ ਦਾ ਮਤਲਬ ਇਹ ਰਹੀਂ ਕਿ ਪਹਿਲੇ ਪਿਛਲਿਆਂ ਨਾਲੋਂ ਚੰਗੇ ਹਨ)।

ਮੋਹਨਜੀਤ ਦੀ ਸ਼ੇਖ਼ੀ ਪ੍ਰਸਿੱਧ ਹੈ। ਉਹਦੀ ਸ਼ੇਖ਼ੀ ਕਈ ਵਾਰ ਗੁਸਤਾਖ਼ੀ ਬਣ ਜਾਂਦੀ ਹੈ। ਮੈਨੂੰ ਮੂੰਹਕੂਲ ਬੰਦਿਆਂ ਦੇ ਮੁਕਾਬਲੇ ਵਿਚ ਗੁਸਤਾਖ਼ ਆਦਮੀ ਚੰਗੇ ਲਗਦੇ ਹਨ। ਉਹਨਾਂ ਵਿਚ ਵੰਗਾਰ ਦੀ ਚਿਣਗ ਹੁੰਦੀ ਹੈ। ਮੋਹਨਜੀਤ ਦੀ ਗੁਸਤਾਖ਼ੀ ਕਸਰ-ਨਫ਼ਸੀ ਵਾਲੇ ਆਦਮੀ ਦੀ ਜੁਰਅਤ-ਇ-ਰਿੰਦਾਨਾ ਨਹੀਂ ਸਗੋਂ ਅਹੰਮ (Egoism) ਦਾ ਅੰਗ ਹੈ। ਮਸਲਨ ਮਸਖਰਾ ਆਪਣਾ ਅਲਮੀਨੀਅਮ ਦਾ ਗੋਲਡ ਮੈਡਲ ਛਿੱਕੇ 'ਤੇ ਟੰਗ ਆਉਂਦਾ ਹੈ (ਪੰਨਾ 43)।

'ਨਾਨਕ ਤੇ ਮਹਾਂਕਾਵਿ ਲਿਖਣ ਵਾਲੇ ਖੜਸੁੱਕ ਰੁੱਖ ਦਾ,
ਮਾਸੂਮ ਪਰਿੰਦੇ ਤੋਂ ਰੋਟੀ ਦਾ ਟੁਕੜਾ ਖੋਹਣਾ ਵੀ ਤਾਂ ਇਹੋ ਕੁੱਝ ਹੈ' (42)
'ਉਹ ਮੇਰੇ ਨਿਡਰ ਤੇਵਰਾਂ ਦੀ ਭਾਸ਼ਾ ਸਮਝਦਾ ਹੈ' (41)
'ਆਪਣਾ ਗੋਲਡ (ਅਲਮੀਨੀਅਮ) ਮੈਡਲ ਨਿਊਟਨ ਦੇ ਕੁੱਤੇ ਦੇ ਗਲ 'ਚ ਪਾ ਦਿਆਂ' (77)

ਮੋਹਨਜੀਤ ਦੇ ਅਹੰਮ ਦੇ ਕਈ ਰੂਪ ਹਨ, ਕੁਝ ਚੰਗੇ ਅਤੇ ਕਈ ਭੈੜੇ। ਇਹੀ ਅਹੰਮ ਬਦ-ਜ਼ੌਕੀ (Bad taste) ਫ਼ਿਕਰਾ ਬਣ ਜਾਂਦਾ ਹੈ, 'ਕਵਿਤਾ ਦੀ ਤਲਾਸ਼ ਮੇਰੀ ਜ਼ਿੰਦਾ ਦਿਲੀ ਹੈ' (50) ਜਾਂ 'ਯੂਰੇਪੀਡੀਜ਼, ਲੋਰਕਾ, ਗ਼ਾਲਿਬ, ਨਾਜ਼ਮ ਹਿਕਮਤ ਤੇ ਸ੍ਰੀ ਸ੍ਰੀ ਉਹ ਇਹਨਾਂ ਦੇ ਨਾਂ ਨਹੀਂ ਲੈਂਦਾ, ਸਿਰਫ ਖ਼ਤ ਵਿਖਾਉਂਦਾ ਹੈ' (55) ਉਹ ਆਪਣੇ ਅਹੰਮ ਕਾਰਨ 'ਤਰਸ ਦਾ ਪਾਤਰ ਬਣਦਾ ਹੈ ਕਿਉਂਕਿ 'ਫੁੱਲ ਜਿੰਨੇ ਵੀ ਖਿੜੇ ਕੰਧ ਤੋਂ ਪਰਲੇ ਪਾਸੇ ਹੀ ਖਿੜੇ' (63)। ਕਈ ਵਾਰ ਗੁਸਤਾਖ਼ੀ ਮਾਨਸਿਕ ਗੁੰਝਲ ਵਾਲਾ ਫੋਕਾ ਸੰਸਕਾਰ (Empty Ritual) ਹੀ ਹੋ ਜਾਂਦੀ ਹੈ।

'ਇਥੇ ਕੋਈ ਭਰੀ ਸਭਾ ਵਲ ਮੂੰਹ ਕਰਕੇ ਪੇਸ਼ਾਬ ਕਰ ਸਕਦਾ ਹੈ' (67)। ਪਰ ਇਹੀ ਗੁਸਤਾਖ਼ੀ ਰਚਨਾ ਦੀ ਦਲੇਰੀ ਵੀ ਬਣ ਸਕਦੀ ਹੈ 'ਆਓ...ਹਰ ਰਚਨਾ ਨੂੰ ਹਦਾਇਤਨਾਮੇ ਦੇ ਰੁਮਾਲੇ 'ਚ ਧਰੀਏ' (75)

ਇਸ ਨੁਕਤੇ ਦਾ ਮੋਹਨਜੀਤ ਦੀ ਸ਼ਖ਼ਸੀਅਤ ਨਾਲ ਵੀ ਤੁਅਲਕ ਹੈ ਅਤੇ ਫੇਰ ਸਾਡੇ ਸਮਾਜ ਨਾਲ। ਸਰਮਾਏਦਾਰੀ ਦੀ ਪ੍ਰਕਿਰਿਆ ਹੀ ਐਸੀ ਹੈ ਕਿ ਇਹ ਮਨੁੱਖ ਨੂੰ ਆਪਣੀ ਉਜਰਤ ਦੇ ਮੁੱਲ ਦੇ ਬਰਾਬਰ ਸਮਝਣ'ਤੇ ਮਜਬੂਰ ਕਰਦੀ ਹੈ। ਉਹਦਾ ਹਉਮੈ ਉਹਦੀ ਦਿਹਾੜੀ ਜਿੰਨਾ ਹੈ,ਜਿਸ ਵਿਚ ਨਾ ਉਹਦੇ ਭਾਵ, ਨਾ ਉਹਦੇ ਖਿਆਲ, ਨਾ ਕਲਾਕਾਰ ਦੀ ਸੂਹਜ ਆਦਿ ਕੋਈ ਫ਼ਰਕ ਪਾ ਸਕਦੇ ਹਨ। ਸਰਮਾਏਦਾਰੀ ਨਿਜ਼ਾਮ ਅਹੰਮ-ਵਿਰੋਧੀ ਹੈ। ਇਸੇ ਕਾਰਨ ਹੀ 19 ਵੀਂ ਸਦੀ ਦੀ ਪੱਛਮੀ ਕਲਾ ਦਾ ਇਤਿਹਾਸ ਅਹੰਮ 'ਚੋਂ ਉਪਜੇ ਵਿਦਰੋਹ ਦਾ ਇਤਿਹਾਸ ਹੈ। ਸਾਨੂੰ ਇਹ ਭਲੀਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਅਹੰਮ ਦਾ ਕਲਾਕਾਰ ਸਰਮਾਏਦਾਰੀ ਦਾ ਦੁਸ਼ਮਣ ਹੋ ਸਕਦਾ ਹੈ। ਸਾਡੇ ਦੇਸ਼ ਵਿਚ ਤਾਂ ਆਰਥਿਕ ਅਵਸਰ ਦੀ ਘਾਟ ਕਾਰਨ ਰੋਜ਼ੀ, ਰਿਸ਼ਤੇ ਅਤੇ ਰਚਨਾ ਦੀ ਨਾਕਾਮੀ ਪੈਰ ਪੈਰ 'ਤੇ ਮਿਲਦੀ ਹੈ। ਸਾਡਾ ਅਹੰਮ ਦਾ ਕਲਾਕਾਰ ਏਸ ਨਾਕਾਮੀ ਨੂੰ ਬਹੁਤ ਸ਼ਿੱਦਤ ਨਾਲ ਸਾਹਮਣੇ ਲਿਆ ਸਕਦਾ ਹੈ। ਅਹੰਮ ਦਾ ਕਲਾਕਾਰ ਸਰਮਾਏਦਾਰੀ ਦਾ ਦੁਸ਼ਮਣ ਤਾਂ ਹੁੰਦਾ ਹੈ, ਪਰ ਇਹਦਾ ਮਤਲਬ ਇਹ ਨਹੀਂ ਕਿ ਉਹ ਸਮਾਜਵਾਦ ਦਾ ਦੋਸਤ ਵੀ ਹੈ। ਮੋਹਨਜੀਤ ਦੀਆਂ ਇਨਕਲਾਬੀ ਸੰਭਾਵਨਾਵਾਂ ਉਨੀ ਦੇਰ ਹੀ ਹਨ, ਜਿੰਨਾ ਚਿਰ ਉਹ ਸਥਾਪਨਾ-ਖੰਡ (Establishment) ਵਿਚ ਸ਼ਾਮਲ ਨਹੀਂ ਹੁੰਦਾ। ਉਹ ਸਥਾਪਨਾ ਖੰਡ ਵਿਚ ਸ਼ਾਮਿਲ ਹੋ ਕੇ ਹੋਰ ਵੀ ਨਾਗਵਾਰ ਕਿਰਦਾਰ ਹੋ ਸਕਦਾ ਹੈ, ਕਿਉਂਕਿ ਉਹਦੇ ਲਈ ਸਥਾਪਨਾ ਹੀ ਉਹਦੇ ਅਹੰਮ ਦੀ ਪੁਸ਼ਟੀ ਕਰਨ ਲਗ ਜਾਵੇਗੀ ਅਤੇ ਉਹਨੂੰ ਦੂਸਰਿਆਂ, ਨਾਕਾਮ ਬੇਗਾਨਿਆਂ ਨੂੰ ਹਕਾਰਤ ਨਾਲ ਵੇਖਣ ਦਾ ਹੱਕ ਹੋਰ ਵੀ ਮਿਲ ਗਿਆ ਮਲੂਮ ਹੋਵੇਗਾ। ਇਸ ਗੱਲ ਦਾ ਫ਼ੈਸਲਾ ਤਾਂ ਮੋਹਨਜੀਤ ਦਾ ਜੀਵਨ ਹੀ ਕਰ ਸਕੇਗਾ। ਮੇਰੀ ਬਦ-ਦੁਆ ਹੈ ਕਿ ਮੋਹਨਜੀਤ ਨੂੰ ਬਹੁਤੀਆਂ ਕਾਮਯਾਬੀਆਂ ਨਾ ਹੀ ਹੋਣ ਤਾਂ ਚੰਗਾ ਹੈ, ਤਾਂ ਜੋ ਉਹਦੇ ਅਹੰਮ ਦੀਆਂ ਰਚਨਾਤਮਕ ਸੰਭਾਵਨਾਵਾਂ ਕਾਇਮ ਰਹਿਣ। ਪਰ ਮੋਹਨਜੀਤ ਦੀ ਖ਼ਾਹਸ਼ ਉਹਨਾਂ ਪ੍ਰਾਪਤੀਆਂ ਦੀ ਹੈ, ਜਿਹਨਾਂ ਕਾਰਨ ਉਹ ਨਾਕਾਬਲ-ਇ-ਬਰਦਾਸ਼ਤ ਹੋ ਜਾਵੇਗਾ।

ਮੋਹਨਜੀਤ ਦੇ ਬਿੰਬ (Image) ਵੀ ਧਿਆਨ ਯੋਗ ਹਨ। ਉਹ ਅਲੰਕਾਰ ਨੂੰ ਕਲਾਸਕੀ ਢੰਗ ਨਾਲ ਨਹੀਂ ਵਰਤਦਾ; ਸਗੋਂ ਇਸ ਵਿਚ ਕਿਸੇ ਗੱਲ ਦਾ ਵਾਧਾ ਕਰਦਾ ਰਹਿੰਦਾ ਹੈ, ਜਿਸ ਨਾਲ ਕਈ ਵਾਰ ਬਿੰਬ ਬੇਹੂਦਾ ਪ੍ਰਤੀਤ ਹੁੰਦਾ ਹੈ ਅਤੇ ਕਈ ਵਾਰ ਬਿੰਬ ਵਿਚ ਬੇਚੈਨ ਕਰਨ ਵਾਲਾ ਅੰਸ਼ ਹੁੰਦਾ ਹੈ ਜਿਹੜਾ ਰਚਨਾਤਮਕ ਤੌਰ 'ਤੇ ਕਾਮਯਾਬ ਹੁੰਦਾ ਹੈ। ਸ਼ਾਇਦ ਇਹੀ ਚੀਜ਼ ਕਿਸੇ ਸਮਾਜ ਪ੍ਰਕ੍ਰਿਆ ਦੀ ਸੂਚਕ ਹੈ, ਜਿਸ ਨੂੰ ਮੈਂ ਸਮਝ ਨਹੀਂ ਸਕਿਆ।

'ਮੈਂ ਉਹਦੀਆਂ ਘਸੀਆਂ ਤਲੀਆਂ 'ਤੇ ਮਹਾਂ ਕਾਵਿ ਲਿਖਦਾ ਰਿਹਾ' (10), 'ਹਸਦਾ ਏ ਤਾਂ ਛੱਤ ਚੋਣ ਲਗ ਪੈਂਦੀ ਹੈ' (11), 'ਜੇ ਉਹਦੇ ਹੱਥ ਅੱਥਰੇ ਘੋੜੇ ਦੀਆਂ ਵਾਗਾਂ ਨਾ ਹੁੰਦੀਆਂ ਤਾਂ ਕਦੇ ਵੀ ਉਹਦੀ ਫ਼ੌਜ ਦਾ ਸਿਪਾਹ-ਸਾਲਾਰ ਨਾ ਬਣਦਾ' (17), 'ਤੁਰਦੀ ਜਾਂਦੀ ਏ ਕਮੀਨਗੀ ਦੀਆਂ ਸੂਲਾਂ ਮਿੱਧਦੀ ਸਫ਼ਰ ਦੇ ਹਥ-ਕੰਡਿਆਂ ਤੋਂ ਬੱਚਦੀ' (16), 'ਆਪ ਹਦਵਾਣੇ ਦੇ ਰਸ 'ਚ ਬਿਸਕੁਟ ਥੋਰ ਕੇ ਖਾਂਦਾ ਰਹਿੰਦਾ ਹੈ' (16) 'ਉਸ ਅਨੁਸਾਰ 'ਸੇਖੋਂ' ਉਹਦੀ ਯੋਗਤਾ ਹੈ' (23) 'ਅੱਖਾਂ 'ਚ ਸੱਪ ਦੀ ਜੀਭ' (30) 'ਡਰਨਾ ਵੀ ਪੈਲੀ ਦੀ ਰਾਖੀ ਲਈ ਕਿਹੜਾ ਪ੍ਰਮਾਣ-ਪੱਤਰ ਹੈ'? (41), 'ਚਾਰ ਸੌ ਚਾਲੀ ਵੋਲਟ 'ਤੇ ਪੇਸ਼ਾਬ ਕਰਨਾ ਉਹਦੀ ਹਾਬੀ ਹੈ' (48), 'ਛਾਤੀਆਂ

ਦੇ ਜੇਠ-ਹਾੜ ਲੱਭਣੇ ਕੋਈ ਸੌਖੇ ਨਹੀਂ' (57), 'ਹੰਢਾਈ ਮੌਤ ਦੀ ਭਾਵੁਕਤਾ ਹੀ ਸ਼ਾਇਦ-ਇਸ ਮਿੱਟੀ ਦੀ ਪਹਿਲੀ ਕਵਿਤਾ ਸੀ' (60) 'ਕਿਸੇ ਮੁਸਕ੍ਰਾਹਟ ਦੀ ਅੱਖ ਨਾ ਚੋਭ ਲੈਣਾ' (67) 'ਜਿਹਨੇ ਬਚਪਨ 'ਚ ਹੀ ਚਿੱਟੇ ਵਾਲਾਂ ਦਾ ਤਿਲਕ ਮੱਥੇ 'ਤੇ ਲਾ ਲਿਆ' (75) ਆਦਿ ਕਿਸੇ ਕੰਢੇ ਨਹੀਂ ਲਗਦੇ ।

ਉਹ ਐਸਾ ਤਲਾਬ ਹੈ ਜੀਹਦੇ ਪਾਣੀ ਦੇ ਹਰੇ ਜਾਲੇ ਹੇਠਾਂ
ਸੁਨਹਿਰੀ ਮੱਛੀਆਂ ਸੁਪਨਿਆਂ ਦੇ ਆਂਡੇ ਦੇਂਦੀਆਂ ਨੇ
ਤੇ ਮਹੀਨ ਮੱਛਰਦਾਨੀ 'ਚੋਂ
ਸੂਰਜ ਦੀ ਪਹਿਲੀ ਕਿਰਨ ਪੀ ਕੇ ਉਦਾਸ ਹੋ ਜਾਂਦੀਆਂ ਨੇ ।

ਸਾਨੂੰ ਤਲਾਬ ਅਤੇ ਮੱਛਰਦਾਨੀ ਦੀ ਸਮਤਾ (Equivalence) ਨਜ਼ਰ ਆਉਣ ਤੋਂ ਰਹਿੰਦੀ ਨਹੀਂ ਹੈ । ਪਰ ਮੱਛਰਦਾਨੀ ਦਾ ਹਰੇ ਜਾਲੇ ਨਾਲ ਭਾਵੁਕ ਅਤੇ ਮਾਦੀ ਸੰਬੰਧ ਹੈ । ਕਿਰਨ ਪੀ ਕੇ ਉਦਾਸ ਹੋਣਾ ਅਤੇ ਆਂਡੇ ਦੇਣਾ ਦੋ ਉਰਵਾਰ ਅਤੇ ਪਾਰਾਵਾਰ ਦੇ ਕਰਮ ਹਨ, ਜਿਹਨਾਂ ਦਾ ਆਪਸੀ ਤੁਅਲਕ ਹੈ । ਇਹ ਬਿੰਬ ਨਾਕਾਮਯਾਬ ਪ੍ਰਤੀਤ ਹੁੰਦਾ ਕਾਮਯਾਬ ਮਲੂਮ ਹੁੰਦਾ ਹੈ । ਕਾਮਯਾਬ ਮਲੂਮ ਹੁੰਦਿਆਂ ਹੋਇਆਂ ਵੀ ਸੰਦੇਹ ਦੀ ਗੁੰਜਾਇਸ਼ ਰਖਦਾ ਹੈ । ਸ਼ਾਇਦ ਇਹਦੀ ਖੂਬੀ ਦੁਬਿਧਾ ਵਿਚ ਹੈ ।

'ਤੂੰ ਵਾਰ ਵਾਰ ਪਾਏ ਜਾਂਦੇ ਕਪੜੇ ਵਾਂਗ ਹੰਢਦਾ ਰਹੁ' ਵਾਰ ਵਾਰ ਦਾ ਭਾਵੁਕ ਮਹੱਤਵ 'ਹੰਢਣ' ਨਾਲ ਜਾਂਦਾ ਹੈ । ਭਾਵੇਂ ਹਰ ਕਪੜਾ ਵਾਰ ਵਾਰ ਹੀ ਪਾਇਆ ਜਾਂਦਾ ਹੈ ਪਰ ਵਾਰ ਵਾਰ ਹੰਢਦਾ ਸ਼ਿਵ ਕੁਮਾਰ ਹੀ ਰਿਹਾ ।

'ਜਦੋਂ ਉਹਦਾ ਵਗ੍ਹਾਤਾ ਕਿੱਤੂ ਸਾਡੇ ਮੱਥੇ 'ਚ ਆ ਕੇ ਵੱਜਾ' ਵਿਚ ਸਲਾ-ਏ-ਆਮ ਹੈ ਅਤੇ ਵਾਕ ਦੀ ਰਵਾਨੀ (Rhythm) ਵਿਚ ਵੰਗਾਰ ਦਾ ਅਸਰ ਵੀ ਪ੍ਰਤੱਖ ਹੈ ।

'ਕਿੰਨਾ ਚਿਰ ਅਸੀਂ ਗੁਮਨਾਮ ਇਤਿਹਾਸ ਦੀਆਂ ਕਤਾਰਾਂ ਜੋੜ ਕੇ ਰਾਵਣ ਸਾੜਦੇ ਰਹਾਂਗੇ' ਵਿਚ ਬੇਚੈਨ ਕਰਨ ਵਾਲੀ ਸਮਾਜੀ ਸੂਝ ਹੈ । ਜਿੰਨੀ ਦੇਰ ਅਸੀਂ ਇਤਿਹਾਸ ਦੇ ਕਰਤਾ ਨਹੀਂ ਹੁੰਦੇ, ਉਨੀ ਦੇਰ ਸਾਨੂੰ ਅਜਿਹੇ ਕਰਮਾਂ ਨਾਲ ਵਾਹ ਹੀ ਨਹੀਂ ਪੈਂਦਾ ਜਿਹਨਾਂ ਦੇ ਪਾਪ/ਪੁੰਨ ਬਾਰੇ ਦੁਬਿਧਾ 'ਚ ਹੋਣਾ ਜ਼ਰੂਰੀ ਹੋਵੇ । ਕੇਵਲ ਇਤਿਹਾਸ ਦੇ ਪੀੜਤਾਂ ਲਈ ਪਾਪ ਪੁੰਨ ਉਹਨਾਂ ਦੇ ਆਤਮ (Self) ਤੋਂ ਦੂਰ ਅਤੇ ਨਿੱਜ ਤੋਂ ਬਾਹਰੇ ਹੁੰਦੇ ਹਨ, ਜਿਹਨਾਂ ਕਾਰਨ ਨੇਕੀ ਬਦੀ ਰਾਮਲੀਲਾ ਬਣ ਜਾਂਦੀ ਹੈ । ਇਤਿਹਾਸ ਦੇ ਸਿਰਜਣਹਾਰਾਂ ਨੂੰ ਰਾਵਣ ਦੇ ਬੁੱਤਾਂ ਦੀ ਥਾਂ ਸਮਾਜ ਦੀਆਂ ਸੰਸਥਾਵਾਂ ਨੂੰ ਸਾੜਨ ਦੀ ਲੋੜ ਪੈਂਦੀ ਹੈ ।

'ਉਹ ਗਾਲ੍ਹਾਂ ਕੱਢਦਾ ਹੈ ਤਾਂ ਆਦਮੀ ਹੁੰਦਾ ਹੈ' ਵਿਚ ਮਾਨਸਿਕ ਯਥਾਰਥ ਦੀ ਬੜੀ ਸੁਹਣੀ ਪਕੜ ਹੈ । ਇੰਜ ਹੀ 'ਸ਼ਖ਼ਸੀਅਤ ਦੀ ਸੀਮਾ ਤੋਂ ਬਾਹਰ ਆਉਣਾ ਬੜਾ ਔਖਾ ਹੈ ।'

'ਰਿਸ਼ਤਾ ਬਰਤਰੀ ਨਹੀਂ, ਵਾਸ਼ਨਾ ਹੈ
ਦਿਲਾਂ ਦੇ ਪਾਣੀਆਂ 'ਚ ਉੱਗੀ ਕਾਈ ਦੀ ਲਰਜ਼ਿਸ਼ ਹੈ'

ਰਿਸ਼ਤੇ ਦੀ ਬਰਾਬਰੀ ਅੱਜ ਦੀ ਚੇਤਨਤਾ ਦਾ ਸੰਕੇਤ ਹੈ । ਇਹਦਾ ਆਧਾਰ ਵਾਸ਼ਨਾ ਹੋਣਾ ਯਥਾਰਥ ਹੈ, ਪਰ ਇਸ ਨੂੰ ਪਾਣੀ ਦੀ ਕਾਈ ਕਹਿਣ ਦੀ ਅਚਾਰਿਕ (Moral) ਲੋੜ ਨਹੀਂ ਸੀ । ਇਹਦੀ ਲਰਜਿਸ਼ ਜ਼ਰੂਰ ਰਿਸ਼ਤੇ ਨੂੰ ਚਲਦਾ ਰਖਦੀ ਹੈ ।

'ਪੂਰੀ ਅੱਖ ਖੋਲ੍ਹਣਾ ਸਰਾਪ ਹੈ ਇਥੇ' ਦੀ ਗੱਲ ਸਹੀ ਹੈ । ਸ਼ਰੇਣੀ ਸਮਾਜ ਵਿਚ ਪੂਰੀ ਅੱਖ

ਖੁਲ੍ਹ ਨਹੀਂ ਸਕਦੀ, ਜਿਸ ਕਰਕੇ ਖੁੱਲ੍ਹੀਆਂ ਅੱਖਾਂ ਵਾਲਿਆਂ ਨੂੰ ਬਹੁਤ ਕੁਝ ਭੁਗਤਣਾ ਪੈਂਦਾ ਹੈ।

'ਜੇ ਤਨ 'ਚੋਂ ਮਨ ਦੀ ਤਸਵੀਰ ਦਿਸ ਪੈਂਦੀ ਹੈ ਤਾਂ 'ਤਾਜ' ਦੀ ਕੀ ਲੋੜ ਸੀ' ਪੁਸਤਕ ਦੀ ਸਭ ਤੋਂ ਵਧੀਆ ਪੰਗਤੀ ਹੈ। ਜ਼ਾਤੀ ਤੌਰ 'ਤੇ ਜੇ ਤਨ 'ਚੋਂ ਮਨ ਦੀ ਤਸਵੀਰ ਦਿਸ ਪਈ ਤਾਂ ਮੈਂ 'ਤਾਜ' ਦੀ ਲੋੜ ਨਹੀਂ ਸਮਝਦਾ, ਪਰ ਮੈਂ ਇਹਦੇ ਬਾਵਜੂਦ 'ਤਾਜ' ਦਾ ਸਤਿਕਾਰ ਕਰਦਾ ਹਾਂ।

(2)

**ਤੁਰਦੇ ਫਿਰਦੇ ਮਸਖਰੇ** ਪੁਸਤਕ ਵਿਚੋਂ ਸਾਨੂੰ ਸਮਕਾਲੀ ਕਲਾਕਾਰਾਂ ਬਾਰੇ ਅਤੇ ਪੰਜਾਬੀ ਦੇ ਸਾਹਿਤਕ ਮਾਹੌਲ ਬਾਰੇ ਕਾਫੀ ਕੁਝ ਮਿਲਦਾ ਹੈ, ਜਿਸ ਕਰਕੇ ਪੁਸਤਕ ਦਾ ਇਤਿਹਾਸਕ ਮੁੱਲ ਹੈ। ਸਾਡਾ ਸਾਹਿਤਕਾਰ ਮਾਮੂਲੀ ਚਰਚੇ ਦਾ ਮਾਰਿਆ ਉਠਣ ਜੋਗਾ ਨਹੀਂ ਰਹਿੰਦਾ। ਭਾਵੇਂ 'ਆਪਣੇ ਬਾਰੇ ਪੜ੍ਹ ਕੇ ਨਾ ਹਿਰਖਵਾਨ ਤੇ ਨਾਭਾਵੁਕ' ਹੋਣਾ ਚਾਹੀਦਾ ਹੈ ਪਰ ਉਹ ਦੋਵੇਂ ਗੱਲਾਂ ਕਰ ਲੈਂਦਾ ਹੈ। ਉਹ ਆਪਣੀ ਪ੍ਰਸ਼ੰਸਾ ਵਿਚ ਅਜਿਹਾ ਆਪਾ ਵੇਖ ਲੈਂਦਾ ਹੈ, ਜਿਸ ਨੂੰ ਪਹਿਚਾਨਣ ਲਈ ਉਹ 'ਉਮਰ ਦੇ ਬਾਕੀ ਵਰ੍ਹੇ ਕਾਫ਼ੀ' ਨਹੀਂ ਸਮਝਦਾ। ਜੇ ਕਲਾਕਾਰ ਦਾ ਆਪਾ ਹਰ ਆਲੋ-ਚਨਾ ਵਿਚ ਵਿਆਪਕ ਹੋ ਜਾਂਦਾ ਹੈ, ਤਾਂ ਪਤਾ ਨਹੀਂ ਉਹਦੇ ਕਿੰਨੇ ਕੁ ਆਪੇ ਹੋਣਗੇ ਜਾਂ ਕੋਈ ਲਿਖਾਰੀ ਇੰਨਾ ਹੱਥੀਂ-ਪੈਰੀਂ ਆ ਜਾਂਦਾ ਹੈ, ਕਿ ਉਹਦੇ ਵਿਅਕਤੀ ਚਿਤਰ ਵਿਚ ਉਹਨੂੰ ਆਪਣੀ ਸ਼ਖ਼ਸੀਅਤ ਦੀਆਂ 'ਤਿੰਨੇ ਤਹਿਆਂ' (Dimensions) ਨਜ਼ਰ ਆਉਂਦੀਆਂ, ਪਰ ਇਹ ਪਤਾ ਨਹੀਂ ਇਹ ਤਹਿਆਂ ਹਨ ਕਿਹੜੀਆਂ ? ਕੋਈ ਆਪਣੇ ਬਾਰੇ ਜ਼ਿਕਰ ਦਾ 'ਅੱਖਰ ਅੱਖਰ ਦਿਲ ਨਾਲ ਛੁਹਾ ਕੇ' ਸਾਂਭ ਲੈਂਦਾ ਹੈ ਅਤੇ ਉਹਦੇ ਵਾਕ ਦੇ ਵਿਆਕਰਣ ਦੀ ਗ਼ਲਤੀ ਉਹਦੇ ਮਾਨਸਿਕ ਤੌਰ 'ਤੇ ਉਖੜਣ ਦੀ ਨਸ਼ਾਨੀ ਹੈ। ਇਹ ਉਸ ਵਿਅਕਤੀ ਦਾ ਹਾਲ ਹੈ, ਜਿਹਦੇ ਪਾਸ ਦੂਸਰੇ ਸਾਹਿਤਕਾਰ 'ਜ਼ਿਆਰਤ ਦੀ ਨਿਗਾਹ' ਲੈ ਕੇ ਜਾਂਦੇ ਹਨ। ਕੋਈ ਸਾਹਿਤਕਾਰ ਮੋਹਨਜੀਤ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਉਣ ਕਾਰਨ ਸਿਲਾ ਦਿੰਦਾ ਹੈ ਕਿ 'ਤੈਨੂੰ ਵੀ ਅਜੇ ਤੇਰਾ ਆਲੋਚਕ ਨਹੀਂ ਮਿਲਿਆ, ਜੋ ਤੇਰੀ ਕਵਿਤਾ ਦਾ ਮੁਲੰਕਣ ਕਰ ਸਕੇ'। ਇਹ ਗੱਲ ਵੀ ਸਪਸ਼ਟ ਹੈ ਕਿ ਉਪਰੋਕਤ ਕਵੀ ਨੂੰ ਵੀ ਕਿਸੇ ਦੂਰ-ਦਰਸ਼ੀ ਆਲੋਚਕ 'ਤੇ ਆਸ ਅਤੇ ਹਸਰਤ ਹੈ, ਪਰ ਕਿਉਂ ? ਆਸਾਂ ਅਕਸਰ ਝੂਠੀਆਂ ਹੁੰਦੀਆਂ ਹਨ ਅਤੇ ਹਸਰਤ ਬੰਦੇ ਦੀ ਕਮਜ਼ੋਰੀ ਹੁੰਦੀ ਹੈ।

ਵਿਅਕਤੀ-ਚਿੱਤਰਾਂ ਵਿਚ ਅਜਿਹੀਆਂ ਮੂਰਤੀਆਂ ਹਨ ਕਿ ਕਲਾਕਾਰ ਇਹਨਾਂ ਮੂਰਤੀਆਂ ਦੇ 'ਅੱਧੇ ਅਧੂਰੇ ਵਜੂਦ' ਹਨ। ਜੇ ਕੋਈ ਸਾਹਿਤਕਾਰ ਆਪਣੇ ਵਿਅਕਤੀ-ਚਿਤਰ ਦਾ ਅੱਧਾ ਅਧੂਰਾ ਵਜੂਦ ਹੈ ਤਾਂ ਉਸ ਦੇ ਬਾਰੇ ਏਸ ਆਲੋਚਨਾ ਨੂੰ ਕਾਫੀ ਕੁਝ ਪਤਾ ਹੋਣਾ ਚਾਹੀਦਾ ਹੈ। ਕਿਸੇ ਨੂੰ ਵਿਅਤੀ ਦੀ ਗੱਲ ਘੁਟਣ ਦਾ ਇਹਸਾਸ ਕਰਾਉਂਦੀ ਹੈ ਅਤੇ ਸ਼ਾਇਦ ਉਹਦੀ ਸਹਾਇਤਾ ਲਈ 'ਪੂਰੀ ਅਧੂਰੀ ਪਰਸਨੈਲਿਟੀ ਦੀ ਤਲਾਸ਼ ਤੇ ਚਿਤਰਨ ਬਹੁਤ ਜ਼ਰੂਰੀ ਹੈ', ਸ਼ਾਇਦ ਉਹਦਾ ਮਤਲਾ 'ਪੂਰੀ ਦੀ ਤਲਾਸ਼' ਲਈ 'ਅਧੂਰੀ ਦਾ ਚਿਤਰਨ' ਹੈ ਜਾਂ ਇਸ ਤੋਂ ਉਲਟ ਵੀ ਹੋ ਸਕਦਾ ਹੈ। ਅਸੀਂ **ਤੁਰਦੇ ਫਿਰਦੇ ਮਸਖਰੇ** ਪੁਸਤਕ ਨਾਲ ਆਈ ਜਾਗ੍ਰਿਤੀ ਦੇ ਮਸ਼ਕੂਰ ਹਾਂ, ਨਹੀਂ ਤਾਂ ਕਈਆਂ ਦਾ 'ਵਿਅਕਤਿਤਵ' ਅੰਦਰ ਹੀ ਕਿਤੇ ਅਣਗੌਲਿਆ ਰਹਿ ਜਾਣਾ ਸੀ। ਸਾਡੇ ਜ਼ਿਕਰ-ਏ-ਖ਼ੈਰ ਨਾਲ 'ਮਨ ਦਾ ਦਰਦ ਇਕੋ ਜਿਹਾ...ਅਤੇ ਦਰਦ ਦੀ ਨੁਹਾਰ ਵੀ ਰਲ' ਜਾਂਦੀ ਹੈ। ਕੋਈ ਵਿਅਕਤੀ-ਚਿਤਰਾਂ ਨੂੰ ਮੋਹਨਜੀਤ ਦੇ ਗੁਆਚੇ 'ਆਪੇ' ਦੀ ਭਾਲ ਕਹਿੰਦਾ ਹੈ। ਸਾਡੇ ਆਪੇ ਨਾ ਤਾਂ ਬਹੁਤ

ਵੱਡੇ ਪ੍ਰਤੀਤ ਹੁੰਦੇ ਹਨ ਅਤੇ ਨਾ ਹੀ ਇਹਦੀ ਭਾਲ ਕੋਈ ਮੁਸ਼ਕਿਲ ਲਗਦੀ ਹੈ । ਤਾਂ ਹੀ ਅੰਤਿਕਾ-2 ਦੀ ਗੁਫ਼ਤਗੂ ਕਿਸੇ ਵੀ ਧਿਰ ਨੂੰ ਸੋਭਾ ਨਹੀਂ ਦਿੰਦੀ ।

ਸਾਡੇ ਕਵੀਆਂ ਵਿਚ ਜ਼ਿਕਰ ਦੀ ਭੁੱਖ ਖ਼ਤਰਨਾਕ ਹੱਦ ਤਕ ਜ਼ਿਆਦਾ ਹੈ । ਇਸ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਜੇ ਕਿਸੇ ਨੇ ਵਿਅਕਤੀ ਚਿੱਤਰਾਂ ਦੀ ਆਲੋਚਨਾ ਕੀਤੀ ਹੈ, ਤਾਂ ਉਹ ਦੋ ਹੋਣਹਾਰ ਕਵੀਆਂ ਨੇ ਹੀ ਕੀਤੀ ਹੈ । ਸ਼ਹਰਯਾਰ ਅਨੁਸਾਰ ਚਿੱਤਰਾਂ ਵਿਚ 'ਨਾਵਾਂ ਦਾ ਰਾਮ ਰੌਲਾ' ਅਤੇ 'ਸ਼ਬਦਾਂ ਦਾ ਰਾਜ ਰੌਲਾ' ਇਸ ਹੱਦ ਤਕ ਹੈ ਕਿ ਉਹਦਾ ਵਜੂਦ ਸੌੜਾ ਜਾਪਣ ਲਗ ਪੈਂਦਾ ਹੈ ।' ਚਿੱਤਰ ਦਾ 'ਅਜਨਬੀ ਉਹਦੇ ਵਿਚ ਪ੍ਰਵੇਸ਼' ਕਰਨ ਲਗ ਜਾਂਦਾ ਹੈ । ਉਹ 'ਖ਼ੂਬਸੂਰਤ ਇਲਜ਼ਾਮਾਂ' ਨੂੰ ਅਪਣਾਉਣ ਦਾ ਚਾਹਵਾਨ ਹੈ । ਇਹਨਾਂ ਸਦਕੇ ਅਮਰਜੀਤ ਚੰਦਨ ਨੇ ਵਿਅਕਤੀ ਚਿੱਤਰਾਂ ਨੂੰ ਠੀਕ ਹੀ, 'ਛਾਂ-ਚਿਤ੍ਰ' ਕਿਹਾ ਹੈ । 'ਨਾ ਹਾਵਭਾਵ. ਬੱਸ ਬਾਹਰੀ ਆਕਾਰ...'

ਸਾਹਿਤਕਾਰਾਂ ਦੇ ਪ੍ਰਤੀਕਰਮਾਂ ਨੇ ਮੈਨੂੰ ਵਿਅਕਤੀ ਚਿੱਤਰਾਂ ਬਾਰੇ ਸੰਦੇਹਮਾਨ ਕਰ ਦਿੱਤਾ ਹੈ । ਜੇ ਵਿਅਕਤੀਆਂ ਦਾ ਇਹ ਹਾਲ ਹੈ, ਤਾਂ ਚਿੱਤਰਾਂ ਬੇਚਾਰਿਆਂ ਵਿਚ ਕੀ ਰਹਿ ਗਿਆ ਹੋਣਾ ਹੈ । ਭਾਵੇਂ ਹਲਕੇ ਯਥਾਰਥ ਦੀ ਪ੍ਰਬਲ ਸਿਰਜਣਾ ਵਿਚ ਕੋਈ ਨਿਆਯਸ਼ੀਲ (Logical) ਵਿਰੋਧ ਨਹੀਂ, ਪਰ ਵਿਹਾਰਕ ਸੰਭਾਵਨਾ ਬਹੁਤ ਘੱਟ ਹੈ, ਖ਼ਾਸਕਰ ਜੇ ਸਿਰਜਣਹਾਰ ਆਪ ਇਸੇ ਯਥਾਰਥ ਦੇ ਵਰਗ ਦਾ ਹੋਵੇ । ਮੈਨੂੰ ਆਸ ਹੈ ਕਿ ਕਰਤਾ ਦਾ ਯਥਾਰਥ ਸ਼ਹਰਯਾਰ ਅਤੇ ਅਮਰਜੀਤ ਚੰਦਨ ਵਰਗਾ ਹੈ, ਨਾ ਕਿ 'ਖੜਸੁਕ' ਇਨਾਮੀ ਸਾਹਿਤਕਾਰਾਂ ਵਾਲਾ ।

ਇਸ ਪੁਸਤਕ ਦੀ ਇਕ ਹੋਰ ਇਤਿਹਾਸਕ ਖ਼ੂਬੀ ਹੈ ਕਿ ਇਹਦੇ ਵਿਚੋਂ ਸਾਨੂੰ ਸਮਕਾਲੀ ਪੰਜਾਬੀ ਸਾਹਿਤਕ ਮਾਹੌਲ ਦਾ ਪਤਾ ਲੱਗ ਜਾਂਦਾ ਹੈ ਜਿਹੜਾ ਕਿ ਸ਼ਾਇਦ ਹੀ ਕਿਸੇ ਨਾਵਲ ਜਾਂ ਕਹਾਣੀ ਵਿਚ ਦਰਸਾਇਆ ਜਾ ਸਕਦਾ । ਕਲਾਕਾਰ ਨੂੰ ਸਮਾਜ ਤੋਂ ਘੱਟ ਪਰ ਆਪਣੇ ਵਰਗੇ ਸਾਹਿਤਕਾਰਾਂ ਤੋਂ ਜ਼ਿਆਦਾ ਖ਼ਤਰਾ ਹੈ । 'ਉਹ ਤੁਰਦੀ ਜਾਂਦੀ ਹੈ ਕਮੀਨਗੀ ਦੀਆਂ ਸੂਲਾਂ ਮਿਧਦੀ/ ਸਫ਼ਰ ਦੇ ਹੱਥ-ਕੰਡਿਆਂ ਤੋਂ ਬਚਦੀ' (16) । ਜਿਵੇਂ ਸਾਡੇ ਇੰਤਜ਼ਾਮੀਏ ਵਿਚ ਅਫ਼ਸਰ ਦੀ ਅਕਲ ਦਾ ਅੰਦਾਜ਼ਾ ਉਹਦੀ ਤਨਖ਼ਾਹ ਤੋਂ ਲਗਦਾ ਹੈ, ਉਂਜ ਸਾਡੇ ਸਾਹਿਤਕਾਰ ਆਪਣੇ ਅਹੁਦੇ ਕਾਰਨ ਉੱਚੇ ਹੋ ਜਾਂਦੇ ਹਨ । 'ਕਈ ਵਾਰ ਉਹਦੀ ਕੁਰਸੀ ਨੂੰ ਪੁੱਛਦਾ ਹਾਂ:/ਉਮਰਾਂ ਦੇ ਪੁਲਾਂ ਹੇਠੋਂ ਪਾਣੀ ਕਿਵੇਂ ਲੰਘਿਆ ਸੀ ।' (17) । ਅਫ਼ਸਰ ਸਾਹਿਤਕਾਰ ਦਫਤਰੀ ਸਹੂਲਤਾਂ ਸਦਕੇ ਜ਼ਿਆਦਾ ਲਿਖਦੇ ਛਪਦੇ ਹਨ 'ਘੰਟੀ ਜਿਸ ਦਾ ਮਤਲਬ...ਨਵੀਂ ਕਹਾਣੀ ਦੇ ਖਰੜੇ ਦਾ ਡਾਕ 'ਚ ਪੈਣਾ' (24) । ਸਾਡੇ ਕਈ ਸਾਹਿਤਕਾਰ ਤਾਂ ਸਾਹਿਤਕਾਰ ਹੀ ਆਪਣੀ ਵੱਡੀ ਨੌਕਰੀ ਕਾਰਨ ਹਨ । ਕਈਆਂ ਦਾ ਜਨਮ ਹੀ ਭਾਈ-ਭਰਾ ਦੇ ਪਦਵੀ 'ਤੇ ਆਉਣ ਤੋਂ ਬਾਅਦ ਸ਼ੁਰੂ ਹੁੰਦਾ ਹੈ ।

ਅਸੀਂ ਫ਼ਾਰਮੂਲੇ ਅਨੁਸਾਰ ਬਣੀਆਂ ਹਿੱਟ ਫਿਲਮਾਂ ਨੂੰ ਭੈੜਾ ਕਹਿੰਦੇ ਹਾਂ, ਪਰ 'ਉਹਦੇ ਕੋਲ ਉਹ ਸਭ ਨੁਸਖੇ' ਵਾਲੇ ਕਹਾਣੀਕਾਰ ਦਾ ਕੋਈ ਬੁਰਾ ਨਹੀਂ ਮਨਾਉਂਦੇ । ਸਾਡੇ ਸਾਹਿਤਕਾਰ ਕਲਾ ਨੂੰ ਕੋਈ ਵਿਹਾਰਕ ਸਮਾਜੀ ਕਾਰਜ ਨਹੀਂ ਮੰਨਦੇ, ਜਿਸ ਦੀ ਉਪਜ, ਵੰਡ ਅਤੇ ਖਪਤ ਹੁੰਦੀ ਹੈ, ਸਗੋਂ ਆਪਣੀ ਸਦੀਵਤਾ ਨੂੰ ਮਿਥ ਕੇ ਚਲਦੇ ਹਨ ਅਤੇ ਆਪਣੇ ਕਿਸੇ ਆਲੋਚਕ ਦੇ ਅਵਤਾਰ ਧਾਰਨ 'ਤੇ ਆਸ ਲਾਈ ਬੈਠੇ ਰਹਿੰਦੇ ਹਨ । ਪਤਾ ਨਹੀਂ ਇੰਨੀ ਮਹਾਨਤਾ ਗੁੱਝੀ ਕਿਵੇਂ ਰਹਿ ਸਕਦੀ ਹੈ ? ਪਰ ਉਹਨਾਂ ਦੀ ਮਹਾਨਤਾ ਦੀਆਂ ਕਈ ਘਟੀਆ ਮਜਬੂਰੀਆਂ ਵੀ ਹਨ । 'ਬੁੱਢੀ ਜਾਦੂਗਰਨੀ

ਦੇ ਘੱਗਰੇ ਦੀ ਛਾਵੇਂ ਬੈਠਾ/ਹੋਰਨਾਂ ਨੂੰ ਉਹਦੀਆਂ ਮੀਢੀਆਂ ਮੁੰਨਣ ਲਈ ਕਹਿੰਦਾ ਹੈ' (31)। 'ਉਹ ਦਿੱਲੀ ਦੀ ਸਾਹਿੱਤਕ ਦਰਸ਼ਨੀ ਡਿਉੜੀ ਦਾ ਚੋਬਦਾਰ ਹੈ' (50)। ਬਹੁਤ ਸਾਰੇ ਆਲੋਚਕ ਲੂਕਾਚ ਵਾਂਗੂ ਆਪਣੇ ਵਰਤਮਾਨ ਦੀ ਗੱਲ ਕਰਨ ਦੀ ਥਾਂ ਬੇਗਾਨੇ ਭੂਤਕਾਲ ਦੀ ਜੈ ਜੈਕਾਰ ਕਰਦੇ ਰਹਿੰਦੇ ਹਨ 'ਗੱਲ ਗੁਆਂਢੀ ਦੇਸ਼ ਦੀ ਕਵਿਤਾ ਦੇ ਜੰਗਲ 'ਚ ਗੁੰਮ ਜਾਂਦੀ ਹੈ' (41)। ਹੈਰਾਨੀ ਦੀ ਗੱਲ ਹੈ ਕਿ ਸਾਡੇ ਸੁਹਿਰਦ ਸਾਹਿਤਕਾਰ ਵੀ ਸਾਹਿਤਕਾਰ ਔਰਤ ਨੂੰ ਵੀ ਕਾਮ-ਦ੍ਰਿਸ਼ਟੀ ਨਾਲ ਹੀ ਦੇਖਦੇ ਹਨ, ਜਿਸ ਦੇ ਸਾਹਮਣੇ ਉਹਨਾਂ ਦੀ ਸੌਂਦਰਯਵਾਦੀ ਰੁਚੀ ਖ਼ਤਮ ਹੋ ਜਾਂਦੀ ਹੈ। 'ਕੁਝ ਲੋਕ ਉਹਦੀਆਂ ਛਾਤੀਆਂ 'ਤੇ ਹੀ ਰੀਝ ਜਾਂਦੇ ਹਨ' (44)। ਅਤੇ ਸ਼ਾਇਦ ਔਰਤ ਕਲਾਕਾਰਾਂ ਵੀ ਰਵਾਇਤੀ ਚਲਿਤਰਾਂ ਨੂੰ ਛੱਡਦੀਆਂ ਨਹੀਂ ਹਨ, 'ਜਦ ਮਹਿਬੂਬਾ ਬਣਨ ਦੀ ਘੜੀ ਆਉਂਦੀ ਹੈ ਤਾਂ ਪਰੂਫ ਪੜ੍ਹਨ ਲਗ ਜਾਂਦੀ ਹੈ' (45)। ਅਤੇ ਸਾਡੇ ਬੋਗਸ ਲੇਖਕਾਂ ਦਾ ਹੱਥ ਬਹੁਤ ਦੂਰ ਤਕ ਪਹੁੰਚਦਾ ਹੈ (46)।

ਪੰਜਾਬੀ ਸਾਹਿਤਕ ਮਾਹੌਲ ਵਿਚ ਨਾਕਾਮੀ ਦਾ ਪ੍ਰਬਲ ਪ੍ਰਭਾਵ ਹੈ ਅਤੇ ਮਹਾਨਤਾ ਦੀ ਤਲਾਸ਼ ਦਾ ਆਦਰਸ਼ ਇਸੇ ਦਾ ਹੀ ਅਚੇਤ ਰੂਪ ਹੈ, ਜਿਹੜਾ ਸਾਡੇ ਮਨਾਂ ਉੱਤੇ ਛਾਇਆ ਹੋਇਆ ਹੈ।

ਸ਼ੁਰੂ ਕਰ ਦਿਤੀ ਨ ਫਿਰ ਪੰਜਾਬੀ ਸਾਹਿਤ ਦੀ ਗੱਲ-
ਤੇਰੀ ਸਮੱਸਿਆ ਏ ਕਿ ਤੂੰ ਫਰੱਸਟਰੇਟਿਡ ਏਂ
ਸਾਡੀ ਮਜਬੂਰੀ ਹੈ ਕਿ ਅਸਾਂ ਕਲਚਰ ਦਾ ਮੂੰਹ ਮੱਥਾ ਬਣਾਉਣਾ ਹੈ (49)
'ਸਾਡੀ ਉਚਿਆਈ ਦਾ ਹੀ ਸੂਲ ਇਹਦੇ ਢਿੱਡ ਵਿਚ ਉੱਠਦਾ ਹੈ' (63)।

ਅਜਿਹੀ ਮਾਨਸਿਕ ਦਸ਼ਾ ਦੇ ਕਾਰਣ ਸਾਡੇ ਸਾਹਿੱਤਕਾਰ ਮਾਮੂਲੀ ਪ੍ਰਸ਼ੰਸਾ ਨਾਲ ਹੱਥੀਂ ਪੈਰੀਂ ਆਉਂਦੇ ਹਨ। ਰੋਗੀ ਵਾਂਗ ਉਹਨਾਂ ਨੂੰ ਆਪਣਾ ਨਾਕਾਮੀ ਤੋਂ ਮਹਾਨਤਾ ਦਾ ਕਾਇਆਕਲਪ ਸ਼ੁਰੂ ਹੋ ਗਿਆ ਨਜ਼ਰ ਆਉਣ ਲੱਗ ਜਾਂਦਾ ਹੈ।

ਪੁਸਤਕ ਵਿਚ ਨਾਮ-ਗਰਦਾਨੀ ਦੀ ਭਰਮਾਰ ਹੈ। ਖ਼ਲੀਲ, ਮੰਟੋ, ਗੋਰਕੀ, ਇਸਮਤ ਚੁਗਤਾਈ, ਡਾਇਓਜਨੀਜ਼, ਪਿਕਾਸੋ, ਚਾਨਕੱਯ, ਨੀਰੋ, ਵੈਨਗਾਗ, ਮਾਈਕੱਲੈਂਜਲੋ, ਮਾਇਕੋਵਸਕੀ, ਅਫਲਾਤੂਨ, ਲੈਨਿਨ, ਟੈਗੋਰ, ਸ਼ੇਕਸਪੀਅਰ. ਐਜ਼ਰਾ ਪਾਉਂਡ, ਹੈਨਰਿਖ ਬੋਲ, ਫੈਜ਼, ਹਿਟਲਰ. ਬਲੇਕ, ਸੁਕਰਾਤ, ਲੋਰਕਾ, ਨੈਪੋਲੀਅਨ, ਜੋਸ਼ ਮਲੀਹਾਬਾਦੀ, ਮਾਓ, ਅਗੇਯ ਤੋਂ ਬਿਨਾਂ ਦੋ ਨਾਉਂ ਅਜਿਹੇ ਹਨ ਜਿਹਨਾਂ ਨੂੰ ਮੈਂ ਉਠਾ ਨਹੀਂ ਸਕਿਆ।

ਸਾਡੇ ਸਾਹਿਤਕਾਰਾਂ ਦੀ ਸਾਹਿਤ, ਚਿਤਰਕਲਾ, ਦਰਸ਼ਨ ਆਦਿ ਨਾਲ ਵਾਕਫੀਅਤ ਕੇਵਲ ਨਾਵਾਂ ਤਕ ਹੀ ਹੁੰਦੀ ਹੈ। ਜੇ ਕੋਈ ਸਾਹਿਤਕਾਰ ਦੂਸਰੇ ਕਲਾਕਾਰ ਨੂੰ ਸਮਝਦਾ ਹੈ ਤਾਂ ਉਹ ਉਹਦੀ ਵਿਸ਼ੇਸ਼ਤਾਈ ਆਪਣੀ ਕਿਰਤ 'ਚ ਲਿਆਉਣ ਦੀ ਕੋਸ਼ਿਸ਼ ਕਰੇਗਾ ਅਤੇ ਜੇ ਉਹਦੀ ਅਜਿਹੀ ਕੋਸ਼ਿਸ਼ ਕਾਮਯਾਬ ਹੈ, ਤਾਂ ਉਹਨੂੰ ਦੂਸਰੇ ਦਾ ਬਾਰ ਬਾਰ ਨਾਉਂ ਲੈਣ ਦੀ ਲੋੜ ਨਹੀਂ ਰਹਿੰਦੀ। ਰਾਮ ਰਾਮ ਸਭ ਕੋ ਕਹੇ, ਕਹਿਆ ਰਾਮ ਨਾ ਹੋਏ' ਕਬੀਰ ਅਨੁਸਾਰ ਕੇਵਲ ਕਿਸੇ ਦਾ ਨਾਉਂ ਲਿਆਂ ਹੀ ਉਹਦੇ ਵਰਗਾ ਨਹੀਂ ਹੋਇਆ ਜਾਂਦਾ। ਇੰਨੇ ਨਾਵਾਂ ਦੀ ਗਿਣਤੀ ਪੰਜਾਬੀ ਸਾਹਿਤ ਦੀ ਕਚਿਆਈ ਦੀ ਨਿਸ਼ਾਨੀ ਹੈ।

ਕਿਤਾਬ ਵਿਚ ਅੰਗਰੇਜ਼ੀ ਸ਼ਬਦਾਂ ਦੀ ਭਰਮਾਰ ਹੈ। ਡੈਡੱ ਐਂਡੱ, ਪਿਰਾਮਿਡ, ਡੈਕੋਰੇਸ਼ਨ, ਪਿੰਨ-ਕੁਸ਼ਨ. ਡਿਸਟੈਂਪਰ, ਆਰਕੈਸਟਰਾ, ਹੂਟਿੰਗ, ਕੈਨਵਸ, ਕੋਲਾਜ਼, ਫਰਿੱਜ, ਕਰੈਸ਼ ਹੈਲਮਿਟ,

ਟੀਊਬ, ਲੈਟਰ ਬਕਸ, ਬਰੋਚ, ਡਾਇਨਾਮਾਈਟ, ਕੰਪਲੈਕਸਿਟੀ, ਐਬਸਰਡਿਟੀ, ਐਂਟੀ-ਫੈਸ਼ਨ, ਕੈਕਟਸ, ਵਾਕ-ਆਊਟ, ਪਰਾਈਵੇਟ ਕੈਂਡੀਡੇਟ, ਪਰੈਸ਼ਰ ਕੁਕਰ, ਸੀ-ਗੱਲ, ਪੈਰੋਡੀ, ਕੈਥੋਲਿਕ, ਪੈਰਾਸ਼ੂਟ, ਡਿਕਸ਼ਨਰੀ, ਪੋਲਿਸਟਰ, ਸਟੈਥੋਸਕੋਪ, ਗੋਗੋ, ਇਮੇਜ, ਕਾਊਂਟ । ਕਵੀ ਦਾ ਮਨੋਰਥ ਆਪਣੀ ਜ਼ਬਾਨ ਨੂੰ ਸੰਵਾਰਨਾ ਹੁੰਦਾ ਹੈ ਨਾ ਕਿ ਇਹਦਾ ਮਲਗੋਭਾ ਬਣਾਉਣਾ । ਅਸੀਂ ਬਹੁਤ ਜ਼ਰੂਰੀ ਅੰਗਰੇਜ਼ੀ ਲਫ਼ਜ਼ਾਂ ਦੇ ਉਚਾਰਨ ਦੇ ਪੱਖ ਤੋਂ ਅਜਿਹੇ ਰੂਪ ਘੜ ਸਕਦੇ ਹਾਂ, ਜਿਹੜੇ ਸਾਡੀ ਬੋਲੀ ਵਿਚ ਰਚ ਮਿਚ ਜਾਣ ।

(3)

ਮੋਹਨਜੀਤ ਦੀ ਅੰਗਰੇਜ਼ੀ ਆਰਟੀਕਲ 'A' ਦੇ ਪੰਜਾਬੀ ਰੂਪ (ਇਕ) ਦੀ 10,26 (8 ਵਾਰ) 44,100 ਸਫਿਆਂ 'ਤੇ ਅਯੋਗ ਵਰਤੋਂ ਹੈ ।

ਨੱਕ, ਪਗ੍ਹਾ, ਫਰਸ਼, ਖਰੇਪੜ, ਲੈਂਪ ਪੁਲਿੰਗ ਸ਼ਬਦ ਹਨ ਅਤੇ ਕੂਤ ਇਸਤ੍ਰੀ ਲਿੰਗ ਹੈ ।

ਬਾਕੀ ਸ਼ਾਇਰਾਂ ਵਾਂਗੂ ਮੋਹਨਜੀਤ ਵਿਚ ਵੀ ਬੇਮਾਇਨੀ ਸਨਅਤ-ਇ-ਤੱਜ਼ਾਦ (Antithesis) ਹੈ: 'ਰੋਂਦਾ ਵੀ ਏ ਤਾਂ ਠਹਾਕਾ ਮਾਰਕੇ' 'ਕਬਰਾਂ ਦੇ ਸਿਰਨਾਵੇਂ/ਉਡੀਕ ਬਸ ਵਤਨ ਹੁੰਦੀ ਏ ਜਾਂ ਮੋਏ ਮਿੱਤਰਾਂ ਦੀ'/ਤੂੰ ਉਹ ਪ੍ਰੇਮ-ਪੱਤਰ ਏਂ ਜਿਸ ਦਾ ਸੰਬੋਧਨ ਚੁੱਪ ਦੀ ਇਬਾਰਤ ਏ' । ਸਨਅਤ-ਇ-ਤਜ਼ਾਦ ਦਾ ਸੂਫੀਮੱਤ ਨਾਲ ਸਿੱਧਾ ਤੁਅਲਕ ਹੈ । ਸੂਫੀ ਨਿਆਯਕਾਰ (Logician) ਤਰਕਵਾਦੀ (Rationalist) ਮੁਸਲਮਾਨੀ ਕਲਾਮ (Theology) ਦੇ ਨਿਆਯ ਦੇ ਖਿਲਾਫ਼ ਸਨ, ਜਿਹੜਾ ਅਰਸੂਤ ਦੀ ਖਾਰਜ-ਦਰਮਿਆਨ (Excluded middle) 'ਤੇ ਆਧਾਰਿਤ ਸੀ ਕਿ ਕੋਈ ਗੱਲ ਜਾਂ ਹੈ ਜਾਂ ਨਹੀਂ ਹੈ, ਵਿਚ-ਵਿਚਾਲਾ ਕੋਈ ਨਹੀਂ । ਪਰ ਸੂਫੀ ਨਿਆਯ ਸ਼ਾਮਿਲ-ਦਰਮਿਆਨ ਦਾ ਹੈ, ਜਿਸ ਅਨੁਸਾਰ ਕੋਈ ਗੱਲ ਹੈ ਵੀ ਅਤੇ ਨਹੀਂ ਵੀ । ਸਨਅੱਤ-ਤਜ਼ਾਦ ਸੂਫੀ ਰਹੱਸ ਦਾ ਸੰਕੇਤ ਅਤੇ ਪ੍ਰਗਟਾਵਾ ਵੀ ਹੈ । ਪਰ ਹੁਣ ਜੇ ਕੋਈ ਕਵੀ ਰਹੱਸਵਾਦੀ ਨਹੀਂ, ਤਾਂ ਤਜ਼ਾਦ ਨੇ ਉਹਦੇ ਲਈ ਕੋਈ ਅਜਿਹਾ ਮਹੱਤਵ ਨਹੀਂ ਫੜ ਦੇਣਾ, ਜਿਸ ਦਾ ਉਹਨੂੰ ਖ਼ਿਆਲ ਨਹੀਂ ਹੈ ।

ਅੰਤ ਵਿਚ, ਪਾਠਕ ਦੀਆਂ ਵਿਅਕਤੀ ਚਿਤਰਾਂ ਬਾਰੇ ਦੋ ਰਾਵਾਂ ਹੋ ਸਕਦੀਆਂ ਹਨ, ਤਾਂ ਹੀ ਇਹਨਾਂ ਬਾਰੇ ਮੈਂ ਵੀ ਆਪਣਾ ਫੈਸਲਾ ਮੁਅੱਤਲ ਕੀਤਾ ਹੋਇਆ ਹੈ । ਕੁੱਲੀ ਤੌਰ 'ਤੇ **ਤੁਰਦੇ ਫਿਰਦੇ ਮਸਖਰੇ** ਦੀ ਬਹੁਤ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਨੇ ਪੰਜਾਬੀ ਸਾਹਿਤਕ ਜਗਤ ਦੀ ਨਕਸ਼-ਨਗਾਰੀ ਕੀਤੀ ਹੈ । ਇਸ ਦੇ ਕਿਰਦਾਰਾਂ ਦੇ ਨੈਣ ਨੁਕਸ਼ ਕਿਸ ਹੱਦ ਤਕ ਉਭਰਦੇ ਹਨ, ਦਾ ਸਵਾਲ ਜ਼ਰੂਰ ਹੀ ਭਾਂਤ-ਸੁਭਾਂਤੇ ਪ੍ਰਤੀਕਰਮਾਂ ਦਾ ਨਿਰਮਾਤਾ ਹੋਵੇਗਾ । ਫਰਜ਼ ਕਰੋ ਕਵੀ ਵਿਅਕਤੀ ਚਿਤਰਾਂ ਵਿਚ ਅਸਫਲ ਰਿਹਾ, ਪਰ ਉਹਦੀ ਪੰਜਾਬੀ ਸਾਹਿਤਕ ਜਗਤ ਦੇ ਚਿਤਰਨ ਵਿਚ ਵੱਡੀ ਕਾਮਯਾਬੀ ਹੈ । ਹਰ ਕੋਈ ਸਫਲ ਨਾਕਾਮਯਾਬੀ 'ਤੇ ਰਸ਼ਕ ਕਰ ਸਕਦਾ ਹੈ ।

[ਗੁਰੂ ਨਾਨਕ ਅਧਿਅਨ ਵਿਭਾਗ, ਗੁ. ਨਾ. ਦੇਵ. ਯੂਨੀਵਰਸਿਟੀ, ਅੰਮ੍ਰਿਤਸਰ]

ਰੀਵੀਊ

## ਇਤਿਹਾਸਕ ਪਦਾਰਥਵਾਦੀ ਅਲੋਚਣਾ [ਗੁਰਚਰਨ ਸਿੰਘ ਸਹਿੰਸਰਾ]

ਇਤਿਹਾਸਕ ਪਦਾਰਥਵਾਦੀ ਅਲੋਚਣਾ (ਪ੍ਰਕਾਸ਼ਕ, ਫ਼ਕੀਰ ਸਿੰਘ ਐਂਡ ਸਨਜ਼), ਘੰਟਾ ਘਰ, ਅੰਮ੍ਰਿਤਸਰ, ਪੰਨੇ 220, ਮੁੱਲ 15 ਰੁਪਏ) ਗੁਰਚਰਨ ਸਿੰਘ ਸਹਿੰਸਰਾ ਰਚਿਤ ਅੱਠ ਆਲੋਚਨਾਤਮਕ ਲੇਖਾਂ ਦਾ ਸੰਗ੍ਰਹਿ ਹੈ। ਪਾਠਕ ਸਹਿੰਸਰਾ ਦੀ ਖਰੀ ਖਰੀ ਗੱਲ ਕਹਿਣ ਦੀ ਵਾਦੀ ਤੋਂ ਜਾਣੂ ਹਨ ਜੋ ਕਿ ਇਕ ਖਾੜਕੂ ਵਿਅਕਤੀ ਹੀ ਕਰ ਸਕਦਾ ਹੈ। ਪਰ ਤਦ ਵੀ ਪੁਸਤਕ ਪੜ੍ਹਨ ਉਪਰੰਤ ਇਕ ਪ੍ਰਭਾਵ ਇਹ ਬਣਦਾ ਹੈ ਕਿ ਸਮਕਾਲੀ ਪੰਜਾਬੀ ਆਲੋਚਨਾ ਦੇ ਗੰਭੀਰ ਮਾਰਕਸਵਾਦੀ ਅਤੇ ਗ਼ੈਰ-ਮਾਰਕਸਵਾਦੀ ਹਲਕਿਆਂ ਨਾਲ ਕੋਈ ਤਾਰਕਿਕ ਸੰਵਾਦ ਛੇੜਨ ਤੋਂ ਬਿਨਾਂ ਇਸ ਖੇਤਰ ਵਿਚ ਕੋਈ ਬਹਿਸਯੋਗ ਉਤਕ੍ਰਿਸ਼ਟ ਪ੍ਰਾਪਤੀ ਕਰਨੀ ਸੰਭਵ ਗੱਲ ਨਹੀਂ ਜਾਪਦੀ। ਇਸ ਲਈ ਆਲੋਚਨਾ ਖੇਤਰ ਵਿਚ ਮੁੱਖ ਪ੍ਰਵਾਹ ਤੋਂ ਅਲੱਗ ਥਲੱਗ ਸੰਵਾਦ-ਰਹਿਤ ਇਹ ਪੁਸਤਕ ਆਪਣਾ ਨਿਵੇਕਲਾ ਜਿਹਾ ਵਜੂਦ ਰਖਦੀ ਹੈ। ਜੇ ਇਸ ਪੁਸਤਕ ਵਿਚ ਸੰਵਾਦ ਆਇਆ ਵੀ ਤਾਂ ਉਹ ਵੀ ਸਰੵ-ਸਥਾਪਿਤ ਆਲੋਚਕ ਕਿਸ਼ਨ ਸਿੰਘ ਨਾਲ ਵਧੇਰੇ ਇਤਿਹਾਸਕ ਮਹੱਤਤਾ ਵਾਲਾ ਹੀ ਹੈ। ਪੰਜਾਬੀ ਆਲੋਚਨਾ ਵਿਚ ਪ੍ਰਵੇਸ਼ ਕਰ ਗਈਆਂ ਜਾਂ ਕਰ ਰਹੀਆਂ ਸੰਰਚਨਾਵਾਦੀ, ਮਿਥੋ-ਕਾਵਿਕ, ਪ੍ਰਭਾਵਵਾਦੀ, ਦਾਰਸ਼ਨਿਕ/ਇਤਿਹਾਸਕ ਅਤੇ ਸਨਾਤਨੀ ਭਾਰਤੀ ਆਲੋਚਨਾ ਵਿਧੀਆਂ/ਵਿਚਾਰ-ਧਾਰਾਵਾਂ ਨੂੰ ਬਿਨਾਂ ਦਲੀਲ ਦੇ ਇਕ ਵਢੋਂ ਉਚੇ ਸੁਰ ਵਿਚ ਰੱਦ ਕਰ ਦੇਣਾ ਕੋਈ ਬਹੁਤੀ ਦਾਨਸ਼ਮੰਦੀ ਵਾਲੀ ਗੱਲ ਨਹੀਂ।

[ਉਂਝ ਮੈਂ ਇਸ ਗੱਲੋਂ ਸੁਚੇਤ ਹਾਂ ਕਿ ਪੰਜਾਬੀ ਦੇ ਗੰਭੀਰ ਆਲੋਚਨਾ ਮੰਡਲਾਂ ਵਿਚ ਵੀ ਅਜੇਹਾ ਸੰਵਾਦ ਅਜੇ ਸਾਡਾ ਲੱਛਣ ਨਹੀਂ ਬਣਿਆ ਕਿਉਂਕਿ ਅਸੀਂ ਸਥਾਪਨਾ ਦੀ ਚਾਹਨਾ ਅਧੀਨ ਆਪਣੀ ਆਪਣੀ ਡਫਲੀ ਵਜਾਉਣ ਵਿਚ ਲੱਗੇ ਰਹਿੰਦੇ ਹਾਂ। ਪਰ ਸਹਿੰਸਰਾ ਘੱਟੋ ਘੱਟ ਇਸ ਰੁਚੀ ਅਧੀਨ ਇਸ ਦੋਸ਼ ਦਾ ਭਾਗੀ ਨਹੀਂ ਹੈ।]

ਉਪਰੋਕਤ ਕਈ ਵਿਧੀਆਂ ਵਿਚ ਉਠਾਏ ਜਾਂਦੇ ਕਈ ਪ੍ਰਸ਼ਨ ਉੱਕਾ ਗ਼ੈਰ-ਵਾਜਿਬ ਨਹੀਂ ਸਗੋਂ ਖ਼ੁਦ ਵਿਕਾਸਸ਼ੀਲ ਮਾਰਕਸਵਾਦੀ ਚਿੰਤਨ ਹੀ ਧੂਹ ਕੇ ਇਹ ਪ੍ਰਸ਼ਨ ਉਠਾਉਣ ਦੇ ਸਮਰੱਥ ਹੋਇਆ ਹੈ ਅਤੇ ਇਨ੍ਹਾਂ ਤੋਂ ਬੇਧਿਆਨੇ ਰਹਿਣਾ ਕੱਟੜ ਸਨਕੀਪੁਣਾ ਹੀ ਹੋਵੇਗਾ। ਮਿਸਾਲ ਵਜੋਂ ਮਾਰਕਸ-ਵਾਦ ਦੀ ਇਹ ਧਾਰਨਾ ਹੈ ਕਿ ਇਕ ਆਰਥਿਕ-ਪ੍ਰਬੰਧ ਵਿਸ਼ੇਸ਼ ਵਿਚ ਉਸਰ ਚੁਕੇ ਚਿੰਤਨ, ਸੰਸਥਾਵਾਂ ਆਦਿ ਪ੍ਰਚਲਿਤ ਸ਼ਰੇਣੀ-ਪ੍ਰਬੰਧ ਦੀ ਪ੍ਰਭੁਸਤਾ ਪੱਕੀ ਕਰਨ ਵਿਚ ਹੀ ਸਹਾਈ ਹੁੰਦੇ ਹਨ। ਪਰ ਹੁਣ ਮਾਰਕਸਵਾਦੀ ਸਾਹਿਤਕ ਚਿੰਤਨ ਇਸ ਪ੍ਰਸ਼ਨ ਦਾ ਜਵਾਬ ਢੂੰਡਣ ਵੱਲ ਵਧੇਰੇ ਰੁਚਿਤ ਹੈ ਕਿ ਇਕ ਸਾਹਿਤ-ਵਿਸ਼ੇਸ਼ ਇਕ ਸਮਾਜ-ਵਿਸ਼ੇਸ਼ ਦਾ ਉਹ ਕਿਹੜਾ ਕਾਰਜ ਜਾਂ ਅਕਾਂਖਿਆ ਨੇਪਰੇ ਚਾੜ੍ਹਦਾ ਹੈ ਜਿਹੜਾ ਇਸ ਸਾਹਿਤ-ਵਿਸ਼ੇਸ਼ ਦੇ ਬਲਬੋਤੇ ਹੀ ਸੰਭਵ ਹੈ।

ਇਹ ਠੀਕ ਹੈ ਕਿ ਸਹਿੰਸਰਾ ਸਾਹਿਤ ਨੂੰ ਪ੍ਰਗਤੀਸ਼ੀਲ ਰਾਜਸੀ ਲਕਸ਼ਾਂ ਦਾ ਪੂਰਕ ਮਿਥ ਲੈਂਦਾ ਹੈ ਅਤੇ ਇਸ ਧਾਰਨਾ ਅਧੀਨ ਉਹ ਆਲੋਚਨਾ-ਕਰਤੱਵ ਨੂੰ 'ਸਾਹਿਤ ਕਿਰਤ ਨੂੰ ਸਮਾਜੀ

ਤੌਰ, ਇਤਿਹਾਸ ਦੇ ਕਾਨੂੰਨਾਂ ਤੇ ਰੀਤਾਂ ਅਨੁਸਾਰ ਮੇਚਦੀ, ਮਾਪਦੀ, ਹਾਂਡਦੀ ਜੋਖਦੀ, ਤੋਲਦੀ ਪਰਖਦੀ' ਤੇ ਫਿਰ 'ਇਸਦਾ ਸਮਾਜੀ ਹਾਣ ਲਾਭ ਅੰਗਦੀ' ਨਿਰਧਾਰਿਤ ਕਰਦਾ ਹੈ । ਪਰ ਇਸ ਕਰਤਵ ਅਧੀਨ ਸ਼ਾਇਦ ਸਹਿੰਸਰਾ ਸਾਹਿਤਕ ਨਾਲੋਂ ਇਤਿਹਾਸਕ ਚਿੰਤਨ ਦੀ ਵਧੇਰੇ ਸੇਵਾ ਕਰ ਰਿਹਾ ਹੈ ਜਿਸ ਵਿਚ ਉਹ ਕਾਫ਼ੀ ਹੱਦ ਤੱਕ ਸਫਲ ਵੀ ਹੈ । 'ਸੂਫ਼ੀ ਧਾਰਾ', 'ਸ਼ੇਖ ਫ਼ਰੀਦ', 'ਭਾਈ ਵੀਰ ਸਿੰਘ ਸਾਹਿਤ' ਨੂੰ ਇਤਿਹਾਸਕ ਤੌਰ 'ਤੇ ਵੇਲੇ ਦੀਆਂ ਲੋਟੂ ਹਕੂਮਤਾਂ ਦਾ ਸਹਾਈ ਅਤੇ 'ਨਾਨਕ ਧਾਰਾ ਦੀਆਂ ਇਤਿਹਾਸਕ ਕਦਰਾਂ ਕੀਮਤਾਂ' ਅਤੇ 'ਗੋਬਿੰਦ ਧਾਰਾ' ਅਧੀਨ ਦੋਨਾਂ ਧਾਰਾਵਾਂ ਦਾ ਇਤਿਹਾਸਕ ਪ੍ਰਗਤੀ ਦੀ ਦ੍ਰਿਸ਼ਟੀ ਤੋਂ ਅਗਾਂਹ ਵਧੂ ਰੋਲ ਆਂਕਿਆ ਹੈ । ਇਨ੍ਹਾਂ ਲੇਖਾਂ ਵਿਚ ਚੋਖੀ ਇਤਿਹਾਸਕ ਸਾਮਗਰੀ ਅਤੇ ਹਵਾਲੇ ਪੇਸ਼ ਕੀਤੇ ਹਨ । ਸਗੋਂ ਹਵਾਲੇ ਪੇਸ਼ ਕਰਨ ਵਿਚ ਲੇਖਕ ਕਈ ਵਾਰੀ ਵਧੇਰੇ ਹੀ ਉਲਾਰ ਅਤੇ ਅਨੁਚਿਤ ਜਾਪਦਾ ਹੈ ।

ਕ੍ਰਾਂਤੀਕਾਰੀ ਲਹਿਰ ਨਾਲ ਕਿਰਿਆਤਮਕ ਰੂਪ ਵਿਚ ਜੁੜਿਆ ਰਹਿਣ ਕਰਕੇ ਸਹਿੰਸਰਾ ਸ਼ਾਇਦ ਸਾਹਿਤ ਦੇ ਕਾਰਜ ਨੂੰ ਇਤਿਹਾਸਕ ਲਹਿਰਾਂ ਦੇ ਵਿਰਾਟ ਸੰਦਰਭ ਵਿਚ ਰਖਕੇ ਹੀ ਵੇਖ ਸਕਦਾ ਹੈ । ਅਜੇਹੇ ਵਿਅਕਤੀ ਆਪਣੀਆਂ ਤਰਫ਼ਦਾਰੀਆਂ ਵਿਚ ਬਹੁਤ ਪ੍ਰਚੰਡ ਅਤੇ ਨਿੱਖੜ ਹੁੰਦੇ ਹਨ, ਅਤੇ ਆਪਣੇ ਖੇਤਰ ਤੋਂ ਬਾਹਰੇ ਆਲੋਚਨਾਤਮਕ ਆਦਿ ਜਤਨ ਵਿਚ ਵੀ ਆਪਣੀ ਮਾਨਸਿਕ ਬਣਤਰ ਅਨੁਸਾਰ ਵਿਸ਼ਾਲ ਰਾਜਨੀਤਕ ਦਾਰਸ਼ਨਿਕ ਪਰਾਵਰਗ (Categories) ਲਾਗੂ ਕਰ ਦਿੰਦੇ ਹਨ ਜਿਵੇਂ ਮਾਰਕਸੀ ਵਿਧੀ, ਦਵੰਦਵਾਦੀ ਪਦਾਰਥਵਾਦ,ਇਤਿਹਾਸਕ ਪਦਾਰਥਵਾਦ, ਡਾਇਲੈਕਟਕੀ ਆਦਿ ਪਰਾਵਰਗਾਂ ਨੂੰ ਸਮਾਨਾਰਥਕ ਅਰਥਾਂ ਵਿਚ ਵਰਤਕੇ ਲਗ ਪਗ ਰਲਗੱਡ ਹੀ ਕਰ ਦਿਤਾ ਹੈ । ਵਿਚਾਰਵਾਦ ਦੀ ਥਾਂ ਵਿਚਾਰਧਾਰਾ ਪਦ ਵਰਤਣਾ ਵੀ ਭੁਲੇਖਾ ਪਾਊ ਹੈ । ਪ੍ਰਤੱਖ ਹੈ ਕਿ ਅਜੇਹੇ ਜਤਨ ਵਿਚ ਮੋਟੇ ਮੋਟੇ ਨਿਰਣੇ ਹੀ ਹੋ ਸਕਦੇ ਹਨ । ਜਿਵੇਂ ਸਹਿੰਸਰਾ ਅਨੁਸਾਰ ਭਾਈ ਵੀਰ ਸਿੰਘ ਦਾ ਪਹਿਲਾ ਸਾਹਿਤ 'ਅੰਗਰੇਜ਼ ਪਰਭੂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਪੂਰਨ ਲਈ' ਅਤੇ 1920 ਤੋਂ ਬਾਅਦ ਦਾ 'ਚੀਫ਼ ਖ਼ਾਲਸਾ ਦੀਵਾਨ ਦੇ ਮਨੋਰਥਾਂ ਤੇ ਕਾਰਜ ਵਿਧੀ ਦੀ' ਸਿਆਸੀ ਲਿਖਣ ਕਲਾ ਹੈ । ਸਪੱਸ਼ਟ ਹੈ ਕਿ ਅਜੇਹੇ ਵਿਸ਼ਲੇਸ਼ਣ ਵਿਚ ਭਾਈ ਵੀਰ ਸਿੰਘ ਸਾਹਿਤ ਦੇ ਉਹ ਗੁਪਤ ਸਾਕਾਰਾਤਮਕ ਪੱਖ ਉਜਾਗਰ ਨਹੀਂ ਹੋ ਸਕਦੇ ਜਿਹੜੇ ਆਪਣੇ ਆਪ ਨੂੰ ਮਾਨਵਵਾਦੀ ਸਮਝਦੇ ਹੋਏ ਸਰਗਰਮ ਵਿਅਕਤੀ ਦੀ ਲਿਖਤ ਵਿਚੋਂ ਅਚੇਤ ਹੀ ਵਿਅਕਤ ਹੋ ਜਾਂਦੇ ਹਨ । ਭਾਈ ਵੀਰ ਸਿੰਘ ਦੀ ਲਿਖਤ ਦੁਆਰਾ ਪਹਿਲੀ ਵਾਰ ਪੰਜਾਬੀ ਸਾਹਿਤ ਭਰਪੂਰਤਾ ਅਤੇ ਵਿਵਿਧਤਾ ਅਖ਼ਤਿਆਰ ਕਰਦਾ ਹੈ । ਪੰਜਾਬੀ ਸਾਹਿਤ ਨੂੰ ਰੂਪ ਬਖਸ਼ਣ ਲਈ ਇਸਦਾ ਰੋਲ ਵੀ ਸ਼ਲਾਘਾ ਯੋਗ ਹੈ ।

'ਮਾਰਕਸਵਾਦ ਕਿੱਥੇ ਅਤੇ ਕਿਸ਼ਨ ਸਿੰਘ ਕਿੱਥੇ' ਵਾਲੇ ਲੇਖ ਵਿਚ ਕਿਸ਼ਨ ਸਿੰਘ ਦੇ ਸਿੱਖ-ਪੁਨਰ ਸੁਰਜੀਤੀਵਾਦ ਦੇ ਉਦੇਸ਼ ਨੂੰ ਯੁਕਤੀ ਪੂਰਬਕ ਉਘਾੜਿਆ ਗਿਆ ਹੈ । ਪਰ ਇਸਦਾ ਬਹੁਤਾ ਭਾਗ ਹਵਾਲਿਆਂ ਦੀ ਘੜਮੱਸ ਵਿਚ ਦਬਿਆ ਰਹਿ ਗਿਆ ਹੈ । ਜੇ ਸਹਿੰਸਰਾ ਇਸ ਲੇਖ ਵਿਚ ਸਿੱਖ ਲਹਿਰ ਦੇ ਉਥਾਨ ਨੂੰ ਅਰੰਭ ਵਿਚ ਇਕ ਮਹਾਜਨੀ ਲਹਿਰ ਜਿਹਦੀ ਆਪਣੀ ਵਿਜੇ ਲਈ ਕਿਰਸਾਣੀ ਅਤੇ ਨੀਵੀਆਂ ਜਾਤਾਂ ਪ੍ਰਤੀ ਅਪੀਲ ਸੀ, ਦੇ ਰੂਪ ਵਿਚ ਵੇਖ ਕੇ ਵੀ ਨਜਿੱਠ ਲੈਂਦਾ ਤਾਂ ਇਹ ਲੇਖ ਵਧੇਰੇ ਵਿਵਾਦੀ ਹੋ ਸਕਦਾ ਸੀ ਅਤੇ ਹੋਰ ਮਹੱਤਵਪੂਰਨ ਸਿੱਟੇ ਨਿਕਲ ਸਕਣ ਦੀ ਸੰਭਾਵਨਾ ਸੀ ।

'ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ' ਵਾਲੇ ਲੇਖ ਵਿਚ ਗੁਰੂ ਸਾਹਿਬ ਦੇ ਵਿਅਕਤਿਤਵ ਤੇ ਉਨ੍ਹਾਂ ਦੇ ਰੋਲ ਨੂੰ ਇਤਿਹਾਸਕ ਚੌਖਟੇ ਵਿਚ ਰੱਖਕੇ ਇਹ ਸਾਬਤ ਕੀਤਾ ਹੈ ਕਿ ਉਨ੍ਹਾਂ ਦੇ ਇਤਿਹਾਸਕ

ਰੋਲ ਮੁਤਾਬਕ ਜ਼ਫ਼ਰਨਾਮਾ ਦੀ ਵਸਤੂ ਮੇਲ ਨਹੀਂ ਖਾਂਦੀ, ਇਸ ਲਈ ਇਸ ਲਿਖਤ ਦੇ ਕਰਤਾ ਗੁਰੂ ਗੋਬਿੰਦ ਸਿੰਘ ਹੋਣ ਬਾਰੇ ਕਿੰਤੂ ਕੀਤਾ ਗਿਆ ਹੈ। ਇਹ ਲੇਖ ਉਸ ਅਬੋਧਿਕ ਧਾਰਮਿਕ ਬ੍ਰਿਤੀ ਨੂੰ ਨੰਗਿਆਂ ਕਰਦਾ ਹੈ ਜਿਹੜੀ ਹਰ ਸੂਰਤ ਵਿਚ ਆਪਣੇ ਨਾਇਕ ਨੂੰ ਸਰਬੋਤਮ ਸਮਝਦੀ ਹੈ।

ਆਮੁਖ ਲੇਖ 'ਸਾਹਿਤ ਵਾਚਣ ਦੀ ਮਾਰਕਸੀ ਵਿਧੀ' ਵਿਚ ਵਿਵਿਹਾਰਕ ਆਲੋਚਨਾ ਕਰਨ ਸਮੇਂ ਸਹਿੰਸਰਾ ਕਾਫ਼ੀ ਅੰਤਰਮੁਖਤਾ ਦਾ ਸ਼ਿਕਾਰ ਹੋ ਗਿਆ ਹੈ ਅਤੇ ਬਿਨਾਂ ਗਹਿਰ ਗੰਭੀਰ ਵਿਸ਼ਲੇਸ਼ਣ ਤੋਂ ਓਮ ਪ੍ਰਕਾਸ਼ ਗਾਸੋ, ਗੁਰਬਖਸ਼ ਸਿੰਘ ਪ੍ਰੀਤ ਲੜੀ, ਹਰਭਜਨ ਸਿੰਘ ਹੁੰਦਲ, ਰਘੁਬੀਰ ਢੰਡ, ਸ਼ਮਸ਼ੇਰ ਸੰਧੂ ਆਦਿ ਦੀਆਂ ਰਚਨਾਵਾਂ ਨੂੰ ਪੰਜਾਬੀ ਸਾਹਿੱਤ ਵਿਚ 'ਵਸਤੂ ਤੇ ਰੂਪ ਪੱਖੋਂ ਅੱਜ ਦੇ ਡਾਇਲੈਕਟਿਕ ਨੂੰ ਚੰਗਾ' ਨਿਭਾਉਣ ਵਾਲੀਆਂ ਮੰਨਦਾ ਹੈ ਅਤੇ ਬਾਕੀ ਸਾਰੇ ਸਾਹਿਤਕਾਰਾਂ, ਅਲੋਚਕਾਂ ਨੂੰ ਸ਼ਰੇਣੀ ਵੰਡ ਦੇ ਆਧਾਰ 'ਤੇ ਉਚੀਆਂ ਪਦਵੀਆਂ ਵਾਲੇ ਕਹਿ ਕੇ ਰੱਦ ਕਰ ਸੁੱਟਦਾ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਪੁਸਤਕ ਇਕ ਅਰਧ-ਸਾਹਿਤਕ ਉਪਰਾਲਾ ਹੈ ਜਿਸਦਾ ਇਤਿਹਾਸਕ ਮੁੱਲ ਪ੍ਰਸ਼ੰਸਾ ਯੋਗ ਹੈ।

[ਬਲਜੀਤ ਬਾਸੀ]

**ਚਿੱਠੀਆਂ ਲਿਖ ਸਤਿਗੁਰਾਂ ਵੱਲ ਪਾਈਆਂ** [ਮਨੋਹਰ ਸਿੰਘ ਮਾਰਕੋ]

ਵਿਭਿੰਨ ਪੰਜਾਬੀ ਪੱਤ੍ਰਕਾਵਾਂ ਵਿਚ ਛਪ ਚੁਕੀਆਂ ਮਨੋਹਰ ਸਿੰਘ ਮਾਰਕੋ ਦੀਆਂ ਸਤਿਗੁਰਾਂ ਵਲ ਪਾਈਆਂ ਵੀਹ ਚਿੱਠੀਆਂ 104 ਸਫ਼ੇ ਦੀ ਪੁਸਤਕ ਵਿਚ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਹ ਚਿੱਠੀਆਂ ਜਾਣੋ ਗੁਰੂ ਸਾਹਿਬਾਂ ਵੱਲ ਉਹ ਫ਼ਰਿਆਦਾਂ ਹਨ ਜਿਹੜੀਆਂ ਲੇਖਕ ਦੇ ਮਨ ਵਿਚ ਉਸਦੇ ਸੰਕਲਪਿਤ ਸਿਖ ਧਰਮ ਮਰਯਾਦਾ ਦੀ ਬੁਰਜਵਾ ਜੁੱਗ ਵਿਚ ਦੁਰਦਸ਼ਾ ਦੇਖ ਕੇ ਉਠਦੀਆਂ ਹਨ। ਇਨ੍ਹਾਂ ਚਿੱਠੀਆਂ ਵਿਚ ਵਿਅੰਗ-ਸ਼ੈਲੀ ਰਾਹੀਂ ਲੇਖਕ ਨੇ ਸਿਖ ਰਹੁ ਰੀਤ ਵਿਚ ਆਈਆਂ ਕਰੁਚੀਆਂ ਜਿਹਾ ਕਿ ਮਾਇਆਵਾਦ, ਸੁਆਰਥ, ਮਸ਼ੀਨੀਕਰਣ, ਮਨਮੁਖਤਾ, ਦਿਖਾਵਾ ਆਦਿ ਨੂੰ ਨੰਗਿਆਂ ਕਰਨ ਅਤੇ ਅੱਠ ਕੁ ਕਾਰਟੂਨਾਂ ਨਾਲ ਪ੍ਰਭਾਵ ਨੂੰ ਤੀਬਰ ਕਰਨ ਦਾ ਜਤਨ ਕੀਤਾ ਹੈ। ਵਿਅੰਗ ਸਾਹਿਤ ਵਿਚ ਭਾਵੇਂ ਇਹ ਕੋਈ ਅਲੋਕਾਰ ਪ੍ਰਾਪਤੀ ਨਹੀਂ ਕਿਉਂਕਿ ਪੁਸਤਕ ਵਿਚ ਸਿਰਜਿਆ ਭੋਲਾ ਭਾਲਾ ਪਰ ਸਿਆਣਾ ਪਾਤਰ ਚਿਠੀ-ਲੇਖਕ (ਮਾਰਕੋ ਖੁਦ) ਲਗ-ਪਗ ਸਰਬ ਵਿਆਪਕ ਰੂਪ ਵਿਚ ਹਰ ਪ੍ਰਕਾਰ ਦੇ ਸੁਧਾਰਵਾਦੀ ਸਾਹਿਤ ਵਿਚ ਉਸਰ ਆਉਂਦਾ ਹੈ ਅਤੇ ਜਿਸਦੀ ਸੰਸਾਰ ਸਾਹਿਤ ਵਿਚ ਪਰੰਪਰਾ ਬਹੁਤ ਪੁਰਾਣੀ ਹੈ। ਪਰ ਫਿਰ ਵੀ ਧਰਮ ਵਿਚ ਆ ਚੁਕੇ ਰੂਪਵਾਦ ਉਤੇ ਕਿਸੇ ਵੀ ਤਰ੍ਹਾਂ ਸੱਟ ਮਾਰਨੀ ਇਕ ਦਲੇਰੀ ਵਾਲਾ ਕੰਮ ਹੀ ਹੋ ਸਕਦਾ ਹੈ।

ਵਿਗਠਿਤ ਹੋ ਰਿਹਾ ਬੁਰਜਵਾ ਪ੍ਰਬੰਧ ਹਰ ਵਸਤ ਉਤੇ ਰੂਪਵਾਦ ਦੀ ਪਾਣ ਚਾੜ੍ਹ ਦਿੰਦਾ ਹੈ। ਪਰ ਧਰਮ ਤਾਂ ਸ਼੍ਰੇਣੀ-ਪ੍ਰਬੰਧ ਦਾ ਵੱਡਾ ਠੁਮਣਾ ਹੁੰਦਾ ਹੈ। ਚਿੱਠੀਆਂ ਦਾ ਲੇਖਕ ਇਕ ਨਜ਼ਰੇ ਉਸ ਸਿੱਖ ਧਰਮ ਦਾ ਅਨੁਆਈ ਹੈ ਜਿਹੜਾ ਜ਼ਿੰਦਗੀ ਵਿਚ ਸਹਿਜ ਦਾ ਅਭਿਲਾਸ਼ੀ ਹੈ ਅਤੇ ਜਿਹੜਾ ਧਰਮ ਕਿ ਅਣ ਇਤਿਹਾਸਕ ਹੋ ਚੁਕਾ ਹੈ। ਸਾਡੇ ਜੁੱਗ ਵਿਚ ਧਰਮ ਰਸਮੀ ਹੋ ਕੇ ਹੀ ਪੁੱਗ ਸਕਦਾ ਹੈ ਅਤੇ ਜਿਹੜਾ ਸਹਿਜ ਧਰਮ ਦੀ ਅਜੇਹੀ ਦੁਰਗਤੀ ਨੂੰ ਅਨਰਥ ਸਮਝਦਾ ਹੈ ਉਸਦੀ ਰੁਚੀ ਭਾਵੇਂ ਇਕ ਤਰ੍ਹਾਂ ਨਾਲ ਸਮੇਂ ਤੋਂ ਪਿੱਛੇ ਹੀ ਹੈ ਜਿਸਦਾ ਸਾਕਾਰ ਹੋਣਾ ਸੰਕਲਪਿਤ ਨਹੀਂ ਕੀਤਾ ਜਾ ਸਕਦਾ।

ਪਰ ਜੇ ਇਕ ਪਾਸੇ ਸਹਿਜ-ਅਭਿਲਾਸ਼ਾ ਜ਼ਿੰਦਗੀ ਦੀਆਂ ਘੋਰ ਸਮਸਿਆਵਾਂ ਦਾ ਸਰਲੀਕ੍ਰਿਤ ਸਮਾਧਾਨ ਹੈ ਤਾਂ ਦੂਜੇ ਪਾਸੇ ਰਸਮੀ ਧਰਮ ਉਹ ਸਮਾਧਾਨ ਹੈ ਜਿਹੜਾ ਮਨੁੱਖ ਨੂੰ ਕਾਰਜਸ਼ੀਲ ਹੋਣ ਦਾ ਭੁਲਾਂਦਰਾ ਵੀ ਪਾਈ ਰੱਖਦਾ ਹੈ । ਵਾਸਤਵ ਵਿਚ ਦੋਵੇਂ ਹੀ ਯਥਾਰਥ ਤੋਂ ਲਾਂਭੇ ਲਿਜਾਂਦੇ ਹਨ। ਅਰਥਾਤ ਜੇ ਲੇਖਕ ਦਾ ਇਛਿੱਤ ਸਹਿਜ ਵੀ ਜ਼ਿੰਦਗੀ ਵਿਚ ਸਥਾਪਿਤ ਹੋ ਜਾਵੇ ਤਾਂ ਇਸ ਨਾਲ ਮਾਨਵੀ ਸਮੱਸਿਆਵਾਂ ਹੱਲ ਨਹੀਂ ਹੋ ਸਕਣਗੀਆਂ । ਪਾਠ ਸਮੇਂ ਸ਼ਾਮ ਨੂੰ ਆਰਤੀ ਵੇਲੇ ਗੁਰੂ ਨਾਨਕ ਦੀ ਰਚੀ ਆਰਤੀ ਉਚਾਰਨਾ ਠੀਕ ਹੀ ਇਸ ਪੱਖ ਤੋਂ ਬਹੁਤ ਹਾਸੋ ਹੀਣੀ ਕਿਰਿਆ ਲਗਦੀ ਹੈ ਪਰ ਇਸ ਆਰਤੀ ਤੋਂ ਬਿਨਾਂ ਹੋਰ ਰਸਮੀ ਕਿਰਿਆ ਵੀ ਆਪਣੇ ਆਪ ਵਿਚ ਕੋਈ ਸੰਜੀਦਾ ਕਰਮ ਨਹੀਂ ।

ਪਰ ਲੇਖਕ ਲਈ ਸਹਿਜ ਉਤੇ ਰੂਪਵਾਦ ਦਾ ਸਪਰਸ਼ ਉਸਨੂੰ ਵਿਅੰਗਮਈ ਸਥਿਤੀ ਵਿਚ ਲਿਆਉਂਦਾ ਹੈ । ਪਾਠਕ ਨੂੰ ਇਸ ਗੱਲ ਉਤੇ ਹਾਸਾ ਆਉਂਦਾ ਹੈ ਕਿ ਜਿਸ ਮਸ਼ੀਨੀ ਕਰਮ ਨੂੰ ਆਮ ਲੋਕ ਗੰਭੀਰ ਸਮਝਕੇ ਨਿਭਾ ਰਹੇ ਹਨ, ਉਸਨੂੰ ਲੇਖਕ ਅਨਰਥ ਸਮਝਦਾ ਹੈ ਜਿਸ ਕਰਕੇ ਉਸਦਾ ਮਨ ਲੁਛਦਾ ਹੈ । ਇਸ ਵਿਪਰੀਤ ਸਥਿਤੀ ਵਿਚ ਵਕ੍ਰੋਕਤੀ ਹੈ । ਪਰ ਸੂਝਵਾਨ ਪਾਠਕ ਨੂੰ ਇਕ ਹੋਰ ਗੱਲ 'ਤੇ ਵੀ ਹਾਸਾ ਆਉਂਦਾ ਹੈ ਕਿ ਲੇਖਕ ਦੀ ਰੀਝ ਵਾਸਤਵ ਵਿਚ ਪੂਰੀ ਨਹੀਂ ਹੋ ਸਕਦੀ। ਚਿੱਠੀ-ਲੇਖਕ ਇਕ ਹਾਰਿਆ ਹੋਇਆ ਪਾਤਰ ਹੈ ਜਿਹੜਾ ਸਿਰਫ਼ ਸ਼ਕਾਇਤਾਂ ਹੀ ਲਾ ਸਕਦਾ ਹੈ ।

ਪਰ ਮਨੁੱਖ ਦਾ ਵਿਅਕਤਿਤਵ ਬੜਾ ਗੁੰਝਲਦਾਰ ਹੈ । ਜਿਸ ਵਸਤੂ ਨੂੰ ਉਹ ਇਕ ਰੂਪ ਵਿਚ ਅਸਵੀਕਾਰ ਕਰਦਾ ਹੋਇਆ ਨਿੰਦਦਾ ਹੈ ਉਸੇ ਨੂੰ ਉਹ ਦੂਜੇ ਰੂਪ ਵਿਚ ਸਵੀਕਾਰ ਕਰਦਾ ਹੋਇਆ ਅਪਣਾਉਂਦਾ ਹੈ ਜਾਂ ਮਾਣਦਾ ਹੈ । ਚਿਠੀਆਂ ਦੇ ਵਡੇਰੇ ਭਾਗ ਵਿਚ ਲੇਖਕ ਦੇ ਵਿਅੰਗ ਪਿਛੇ ਉਤਨਾ ਦਰਦ ਨਹੀਂ ਹੈ । ਕੇਵਲ ਕੁਝ ਕਰੂਚੀਆਂ ਨੂੰ ਇਕ ਪਾਸੜ ਵਧਾ ਚੜ੍ਹਾਕੇ ਪੇਸ਼ ਕਰਦਿਆਂ ਲੇਖਕ ਖੁਦ ਚਟਖਾਰੇ ਲੈ ਰਿਹਾ ਹੈ । ਉਲਟੇ ਦਾਅ ਇਸ ਗੱਲ ਨੂੰ ਇਉਂ ਕਿਹਾ ਜਾ ਸਕਦਾ ਹੈ ਕਿ ਲੇਖਕ ਦੀ ਵੀ ਧਰਮ ਨੂੰ ਇਸੇ ਰੂਪ ਵਿਚ ਮਾਨਣ ਦੀ ਇਕ ਲੋਚਾ ਹੈ । ਇਸ ਵਿਰੋਧਾਭਾਸ ਨੂੰ ਮੈਂ ਇਕ ਤੁਲਨਾ ਦੇ ਕੇ ਖਤਮ ਕਰਦਾ ਹਾਂ । ਲੇਖਕ ਅਨੁਸਾਰ ਹੋਟਲ ਵਿਚ ਪਾਠ ਖੁਲ੍ਹਾਉਣਾ ਇਸ ਕਰਕੇ ਪਾਪ-ਕਰਮ ਹੈ ਕਿਉਂਕਿ ਇਸ ਵਿਚ ਪਹਿਲਾਂ ਪਤਾ ਨਹੀਂ ਕਿੰਨੇ ਕੁ ਯੁਵਕਾਂ ਨੇ ਸਿਗਰਟਾਂ ਪੀਤੀਆਂ ਹੋਣਗੀਆਂ । ਅਖੇ 'ਪੰਜਵੇਂ ਵੇਦ' ਅਨੁਸਾਰ ਪ੍ਰਤਾਪੀ ਰਾਵਣ ਦਾ ਦਾਹ ਸੰਸਕਾਰ ਧਰਤੀ ਉਪਰ ਉਸ ਥਾਂ 'ਤੇ ਕੀਤਾ ਜਾਵੇ ਜਿਥੇ ਪਹਿਲਾਂ ਕਿਸੇ ਦਾ ਨਾ ਹੋਇਆ ਹੋਵੇ । ਪਰ ਰਾਮ ਚੰਦਰ ਨੇ ਵੇਖਿਆ ਕਿ ਧਰਤੀ ਦੇ ਚੱਪੇ ਚੱਪੇ ਉਪਰ ਮੁਰਦੇ ਦਫ਼ਨਾਏ ਜਾਂ ਸਾੜੇ ਗਏ ਹਨ ਇਸ ਲਈ ਕੋਈ ਵੀ ਸਥਾਨ ਪਵਿਤਰ ਨਹੀਂ । ਹਾਰ ਕੇ ਰਾਮ ਚੰਦਰ ਨੇ ਰਾਵਣ ਨੂੰ ਹਿੰਮਗੀਰ ਪਰਬਤ ਦੀ ਉਚਾਈ ਤੇ ਦਫ਼ਨਾਇਆ ।

ਅਸੀਂ ਪਲੀਤ ਸਮਿਆਂ ਵਿਚ ਰਹਿ ਰਹੇ ਹਾਂ ਤੇ ਏਥੇ ਕਿਸੇ ਥਾਂ ਵੀ ਸਹਿਜ ਧਾਰਮਿਕ ਕਰਮ ਪਵਿਤਰ ਰੂਪ ਵਿਚ ਨਿਭਾਉਣਾ ਸੰਭਵ ਨਹੀਂ ।

[ਬਲਜੀਤ ਬਾਸੀ]

ਰਿਸ਼ਤੇ/ : [ਕਰਨਜੀਤ ਸਿੰਘ]

ਸ੍ਰਿਸ਼ਟੀ ਚੀਜ਼ਾਂ ਦੀ ਜਮ੍ਹਾਂ ਨਹੀਂ, ਰਿਸ਼ਤਿਆਂ ਦਾ ਸਿਲਸਿਲਾ ਹੈ । ਸਮਾਜ ਵਿਅਕਤੀਆਂ ਦੀ ਅੰਤਰ-ਨਿਰਭਰਤਾ ਦਾ ਨਾਂ ਹੀ ਸਮਾਜ ਹੈ । ਵਿਅਕਤੀ ਤੇ ਸਮਾਜ ਦੋਵੇਂ ਇਕ ਦੂਜੇ ਦੇ ਵਿਚ

ਰਹਿੰਦੇ ਹਨ । 'ਰਿਸ਼ਤੇ' [ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਮੁੱਲ : ਛੇ ਰੁਪਏ] ਕਾਵਿ-ਸੰਗ੍ਰਹਿ ਦੇ ਕਵੀ ਨੂੰ ਇਸ ਤੱਥ ਦੀ ਖ਼ੂਬ ਪਛਾਣ ਹੈ :

"ਸਭ ਦੀ ਭਾਵੇਂ ਆਪਣੀ ਆਪਣੀ ਹਸਤੀ,
ਤਾਂ ਵੀ ਹੋਂਦ ਇਹਨਾਂ ਦੀ ਇਕ ਦੂਜੇ 'ਤੇ ਨਿਰਭਰ ।"

ਸਭਿਅਤਾ ਦਾ ਵਿਕਾਸ ਤੇ ਮਨੁੱਖ ਦਾ ਸੁਖ-ਦੁਖ-ਮੋਹ-ਪਿਆਰ ਇਸ ਅੰਤਰ-ਨਿਰਭਰਤਾ ਉਤੇ ਆਧਾਰਿਤ ਹੈ । ਜਦੋਂ ਇਹ ਸੰਤੁਲਤ ਹੁੰਦੀ ਹੈ ਉਦੋਂ ਮਨੁੱਖ-ਮਨੁੱਖ ਦੀ ਸਾਂਝ, ਭਿਆਲੀ, ਪ੍ਰੀਤ ਵਧਦੀ ਹੈ, ਪਰ ਜਦੋਂ ਇਸ ਅੰਤਰ-ਨਿਰਭਰਤਾ ਦਾ ਤਵਾਜ਼ਨ ਵਿਗੜਦਾ ਹੈ ਤੇ ਇਹ ਨਿਰਭਰਤਾ ਦੀ ਥਾਂ ਗੁਲਾਮੀ ਦਾ ਰੂਪ ਇਖ਼ਤਿਆਰ ਕਰ ਲੈਂਦੀ ਹੈ ਤਾਂ ਦੁੱਖ ਵਧਦਾ ਹੈ, ਪਿਆਰ ਤੇ ਮਾਨਵਤਾ ਘਟਦੀ ਹੈ । ਭਾਰਤੀ ਸਮਾਜ ਦਾ ਇਹ ਸੰਤੁਲਨ ਲੰਮੇ ਅਰਸੇ ਤੋਂ ਵਿਗੜਦਾ ਤੁਰਿਆ ਆ ਰਿਹਾ ਹੈ ਅਤੇ ਹਰ ਕਾਲ ਦੇ ਚੇਤੰਨ ਵਿਅਕਤੀ ਇਸ ਵਿਗਾੜ ਨੂੰ ਮਹਿਸੂਸਦੇ ਰਹੇ ਹਨ ਤੇ ਅੱਜ ਵੀ ਮਹਿਸੂਸ ਕਰਦੇ ਹਨ :

1. ਜਿਸ ਦੁਨੀਆਂ ਵਿਚ ਮੈਂ ਵਸਦਾ ਹਾਂ
ਓਥੋਂ ਦੇ ਲੋਕਾਂ ਦੀਆਂ ਨਾੜਾਂ ਅੰਦਰ
ਕਾਲਾ ਜ਼ਹਿਰ ਦੌੜਦਾ
ਜਾਂ ਫਿਰ ਲਹੂ ਦਾ ਰੰਗ ਹੀ ਚਿੱਟਾ ਹੋਇਆ
ਮਾਂ, ਪਿਉ, ਭੈਣ, ਭਰਾ, ਭਰਜਾਈ
ਧੀ ਜਾਂ ਪੁੱਤਰ
ਸਭ ਬਣ ਗਏ ਹਨ ਅਰਥ-ਹੀਣ ਜਿਹੇ ਅੱਖਰ
ਰੂਹ ਦੀਆਂ ਸਿਲਕੀ ਗੰਢਾਂ ਢਿਲੀਆਂ ਪਈਆਂ
ਹੱਸ-ਦੰਦਾਂ ਦੀ ਪ੍ਰੀਤ ਗੁਆਚੀ ।

2. ਕਈ ਵਾਰ ਇੰਜ ਜਾਪੇ
ਮੈਂ, ਸ਼ਹਿਰ ਨਹੀਂ
ਭਿਆਨਕ ਜੰਗਲ ਵਿਚ ਘਿਰ ਗਿਆ ਹਾਂ ਕਿਤੇ
ਜਿਥੇ ਮੌਤ ਵਰਗਾ ਸੱਨਾਟਾ ਸ਼ੂਕਦਾ ਹੈ
ਵਿਹੁਲਾ ਹਨੇਰਾ ਹੈ
ਜਾਂ ਫਿਰ ਦਰਿੰਦਿਆਂ ਦੀ ਚਿੰਘਾੜ

ਗੁਆਚੀ ਪ੍ਰੀਤ ਤੇ ਮਾਨਵੀ ਰਿਸ਼ਤਿਆਂ ਦੇ ਅਣਮਨੁੱਖੀ, ਅਸੱਭਿਅਕ ਜਾਂ ਪਾਸ਼ਵੀ ਹੁੰਦੇ ਜਾਣ ਦਾ ਅਨੁਭਵ ਪੰਜਾਬੀ ਕਵਿਤਾ ਦੇ ਆਦਿ ਕਾਲ ਤੋਂ ਲੈ ਕੇ ਹੁਣ ਤੱਕ ਅਨੇਕਾਂ ਵਾਰ ਦੁਹਰਾਇਆ ਗਿਆ ਹੈ ਤੇ ਓਦੋਂ ਤੱਕ ਦੁਹਰਾਇਆ ਜਾਂਦਾ ਰਹੇਗਾ ਜਦ ਤਕ ਮਨੁੱਖੀ ਰਿਸ਼ਤੇ ਮੁੜ ਕਿਸੇ ਸੰਤੁਲਿਤ ਅੰਤਰ-ਨਿਰਭਰਤਾ ਵਿਚ ਬੱਝ ਕੇ ਇਕ ਨਿਰੋਗ ਸਭਿਆਚਾਰ ਦਾ ਰੂਪ ਧਾਰਨ ਨਹੀਂ ਕਰ ਲੈਂਦੇ । ਇਕੋ ਅਨੁਭਵ ਨੂੰ ਬਾਰ ਬਾਰ ਦੁਹਰਾਉਣਾ ਕੋਈ ਅਮੌਲਿਕ ਗੱਲ ਨਹੀਂ ਹੁੰਦੀ, ਸ਼ਰਤ ਇਹ ਹੈ ਕਿ ਉਹ ਅਨੁਭਵ ਕਵੀ ਨੂੰ ਤੱਤਕਾਲੀਨ ਪਰਿਸਥਿਤੀਆਂ ਵਿਚੋਂ ਪ੍ਰਾਪਤ ਹੋਇਆ ਹੋਵੇ । ਅਣਮਨੁੱਖੀ ਹੋ ਜਾਣ ਦਾ ਅਨੁਭਵ ਸਾਡੇ ਅੱਜੋਕੇ ਸਮਾਜ ਦਾ ਵੀ ਮੂਲ ਸੱਚ ਹੈ ਤੇ ਜੇ ਕੋਈ ਕਵੀ

ਆਪਣੇ ਅਣਜਾਣਪੁਣੇ ਕਾਰਨ ਜਾਂ ਆਪਣੇ ਆਪ ਨੂੰ 'ਮੌਲਿਕ' ਅਖਵਾਣ ਦੀ ਲਿੱਲ੍ਹ ਕਾਰਨ ਇਸ ਸੱਚ ਉਤੇ ਮਿੱਟੀ ਪਾ ਕੇ 'ਅਮਾਨਵਤਾ' ਨੂੰ 'ਮਾਨਵਤਾ' ਤੇ 'ਅਰਾਜਕਤਾ' ਨੂੰ 'ਸੁਤੰਤਰਤਾ' ਕਹਿ ਕੇ ਇਸ ਦੀ ਵਡਿਆਈ ਕਰੇਗਾ ਤਾਂ ਉਹ ਮੌਲਿਕ/ਅਮੌਲਿਕ ਤਾਂ ਇਕ ਪਾਸੇ, ਕਵੀ ਅਖਵਾਉਣ ਦਾ ਅਧਿਕਾਰੀ ਵੀ ਨਹੀਂ ਹੋਵੇਗਾ।

ਪ੍ਰੋ: ਕਰਨਜੀਤ ਸਿੰਘ ਨੇ ਸਮਾਜ ਦੇ ਇਸ ਬੁਨਿਆਦੀ ਸੱਚ ਦੀ ਸੂਰਤ ਪਛਾਣੀ ਹੈ, ਉਨ੍ਹਾਂ ਦੀ ਪ੍ਰਤਿਭਾ ਨੂੰ ਪ੍ਰਨਾਮ ਤੇ ਉਨ੍ਹਾਂ ਦੀ ਰਚਨਾ ਨੂੰ ਜੀ-ਆਇਆਂ ! ਪਰ ਉਹ ਆਪਣੇ ਅਨੁਭਵ ਨੂੰ ਅਜੋਕੇ ਪੰਜਾਬੀ ਸਮਾਜ ਦੇ ਵੱਖ ਵੱਖ ਵਰਗਾਂ ਦੇ ਵਿਅਕਤੀਆਂ ਦੀਆਂ ਪਰਿਸਥਿਤੀਆਂ ਅਰਥਾਤ ਆਪਣੇ ਸਮਕਾਲੀ ਪ੍ਰਸੰਗ ਸਮੇਤ ਪ੍ਰਗਟਾਉਣ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋਏ। ਉਨ੍ਹਾਂ ਦੀਆਂ ਕਵਿਤਾਵਾਂ ਪੜ੍ਹ ਕੇ ਵਿਅਕਤੀ (ਮੈਂ) ਦੀ ਸ਼੍ਰੇਣੀਗਤ ਹਾਲਤ ਤੇ ਉਸ ਹਾਲਤ ਵਿਚ ਉਪਰੋਕਤ ਅਮਾਨਵਤਾ ਵੱਲ ਉਸ ਦਾ ਨਿੱਜੀ ਪ੍ਰਤਿਕਰਮ ਸਾਹਮਣੇ ਸਾਕਾਰ ਨਹੀਂ ਹੁੰਦਾ । ਇਹ ਪ੍ਰਤੀਕਰਮ, ਵਿਅਕਤੀ ਦੀ ਸਮਾਜਕ ਅਵਸਥਾ ਅਨੁਸਾਰ, ਕਈ ਤਰ੍ਹਾਂ ਦਾ ਹੋ ਸਕਦਾ ਹੈ : ਉਦਾਸੀਨਤਾ. ਸਮਝੌਤਾ, ਵਿਦਰੋਹ, ਕ੍ਰਾਂਤੀ, ਆਦਿ। ਪ੍ਰੋ: ਕਰਨਜੀਤ ਦੀ ਕਵਿਤਾ ਵਿਚ ਕਿਤੇ ਕਿਤੇ ਕ੍ਰਾਂਤੀ ਦੇ ਬੋਲ ਉਚਾਰੇ ਗਏ ਹਨ :

"ਆ ਜ਼ਰਾ ਲੋਕਾਂ 'ਚ ਰਲ !
ਇਸ਼ਕ-ਅੱਗ ਪ੍ਰਚੰਡ ਕਰੀਏ ਹੋਰ ਕੁਝ
ਭੜਕ ਉਠੇ ਚੌਹਾਂ ਕੂਟਾਂ ਵਿਚ ਜਵਾਲਾ ਰੋਹ ਦੀ
ਰਾਖ ਹੋ ਜਾਏ ਇਹ ਜਾਲ
ਰੇਖਾ ਪਗਡੰਡੀ ਦੀ ਉਭਰੇ।"

ਪਰ ਇਹ ਬੋਲ ਵਿਸ਼ੇਸ਼ ਹਾਲਤਾਂ ਵਿਚ ਘਿਰੇ ਵਿਸ਼ੇਸ਼ ਵਰਗ ਦੇ ਕਿਸੇ ਵਿਅਕਤੀ ਦੇ ਨਹੀਂ, ਇਕ ਜਨਰਲ 'ਹੋਕਾ' ਜਾਪਦੇ ਹਨ। ਇਕ ਪਾਠਕ ਦੇ ਨਾਤੇ ਮੇਰਾ ਇਹ ਇਤਰਾਜ਼ ਨਾਜਾਇਜ਼ ਨਹੀਂ ਹੋਵੇਗਾ ਕਿ ਇਹ ਵਿਆਪਕ 'ਹੋਕਾ' ਅਜੋਕੇ ਵਿਅਕਤੀਆਂ (ਵਿਅਕਤੀ ਨਹੀਂ) ਦੇ ਵਿਸ਼ੇਸ਼ ਵੱਖਰੇ ਰਿਸ਼ਤਿਆਂ ਦੇ ਤਣਾਉ/ਟਕਰਾਉ ਵਿਚੋਂ ਉਭਰਦਾ ਤੇ ਫਿਰ ਉਚਾ ਹੁੰਦਾ ਨਜ਼ਰ ਨਹੀਂ ਆਉਂਦਾ।

ਕੁਝ ਕੁ ਕਵਿਤਾਵਾਂ ਵਿਚ (ਉਦਾਹਰਣ ਲਈ : ਇਕ ਪਲ ਦੀ ਅਮੀਰੀ, ਮੇਰੇ ਪਿਆਰ, ਉਡੀਕ, ਤੇਰਾ ਖਿਆਲ, ਤੂੰ ਨਹੀਂ ਆਈ, ਮੇਲ ਦੀ ਘੜੀ, ਕੋਈ ਜਵਾਬ ਨਹੀਂ, ਇਕ ਸੰਕਲਪ) ਕਵੀ ਨੇ ਵਿਆਪਕ ਸੱਚ ਨੂੰ ਵਿਅਕਤਿਕ ਜਾਂ ਨਿਜੀ ਸੱਚ ਨਾਲ ਜੋੜ ਕੇ, ਪਿਆਰ ਦੇ ਦੁਖਾਂਤ, ਉਸ ਦੁਖਾਂਤ ਤੋਂ ਮਿਲੀ ਪ੍ਰੇਰਨਾ ਨਾਲ ਉਸ ਤੋਂ ਪਾਰ ਜਾਣ ਦੀ ਲੋਚਾ ਤੇ ਜਤਨ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਇਥੇ ਵੀ ਫ਼ੈਜ਼ ਅਹਿਮਦ 'ਫ਼ੈਜ਼' ਤੇ ਅੰਮ੍ਰਿਤਾ ਪ੍ਰੀਤਮ ਵਰਗੇ ਸਥਾਪਿਤ ਕਵੀਆਂ ਦੇ ਸਥਾਪਿਤ ਸਾਧਾਰਣੀਕਰਣ ਨੂੰ ਉਨ੍ਹਾਂ ਦੀਆਂ ਵਿਧੀਆਂ ਅਨੁਸਾਰ ਹੀ ਦੁਹਰਾਇਆ ਗਿਆ ਹੈ। ਮੇਰੇ ਖਿਆਲ ਵਿਚ ਵਧੀਆ ਕਵੀ, ਆਪਣੇ ਤੋਂ ਪਹਿਲੇ ਅਨੁਭਵ ਨੂੰ ਤਾਂ ਦੁਹਰਾ ਸਕਦਾ ਹੈ ਪਰ ਆਪਣੇ ਤੋਂ ਪਹਿਲੇ 'ਕਵੀ' ਨੂੰ ਨਹੀਂ ਦੁਹਰਾਉਂਦਾ।

'ਰਿਸ਼ਤੇ' ਦਾ ਕਵੀ ਕਿਉਂਕਿ ਅਨੁਭਵ ਨੂੰ (Concretise) ਨਹੀਂ ਕਰ ਸਕਿਆ, ਇਸ ਲਈ ਇਹ ਕਵਿਤਾ ਵਾਰਤਕ ਦੇ ਨੇੜੇ-ਨੇੜੇ ਰਹਿੰਦੀ ਹੈ।

ਪੁਸਤਕ ਦੇ ਅੰਤ ਵਿਚ ਇਕ ਗ਼ਜ਼ਲ ਤੇ ਚਾਰ ਗੀਤ ਹਨ। 'ਗ਼ਜ਼ਲ' ਵਿਚ ਉਪਭਾਵੁਕਤਾ ਤੇ 'ਗੀਤਾਂ' ਵਿਚ ਬੋਧਿਕਤਾ ਭਾਰੂ ਹੈ, ਜਦ ਕਿ ਗੀਤ ਤੇ ਗ਼ਜ਼ਲ ਦੀ ਰਚਨਾ ਲਈ ਧੁਖਦੀ ਉਪਭਾਵਕਤਾ/ਉਪਬੋਧਿਕਤਾ ਨਾਲੋਂ ਭਖਦੀ ਭਾਵਕਤਾ ਦੀ ਵਧੇਰੇ ਲੋੜ ਹੁੰਦੀ ਹੈ।

ਪ੍ਰੋ: ਕਰਨਜੀਤ ਮੇਰੇ ਵਿਦਿਆ-ਗੁਰੂਆਂ ਵਿਚੋਂ ਹਨ ਤੇ ਜੋ ਕੁਝ ਮੈਂ ਉਨ੍ਹਾਂ ਦੀ ਪੁਸਤਕ ਬਾਰੇ ਲਿਖਿਆ ਹੈ ਇਹ ਉਨ੍ਹਾਂ ਦੀ ਸਿੱਖਿਆ-ਦੀਖਿਆ ਅਨੁਸਾਰ ਹੀ ਲਿਖਿਆ ਹੈ। ਮੈਨੂੰ ਪਤਾ ਹੈ ਕਿ ਉਹ ਪੰਜਾਬੀ ਦੇ ਈਮਾਨਦਾਰ ਤੇ ਸਮਰੱਥ ਅਧਿਆਪਕ/ਆਲੋਚਕ ਹਨ ਤੇ ਮੇਰੀ ਉਮੰਗ ਹੈ ਕਿ ਉਹ ਉਚਕੋਟੀ ਦੇ ਸ਼ਾਇਰ ਵੀ ਹੋਣ!

[ਕੇਸਰ ਸਿੰਘ 'ਕੇਸਰ']

**ਭਾਈਆਂ ਬਾਝ** [ਨਵਤੇਜ ਸਿੰਘ]

'ਭਾਈਆਂ ਬਾਝ' ਨਵਤੇਜ ਸਿੰਘ ਦਾ ਛੇਵਾਂ ਕਹਾਣੀ ਸੰਗ੍ਰਹਿ ਹੈ ਜੋ ਪੰਜਵੇਂ ਤੋਂ ਬਾਅਦ ਲੰਮੀ ਵਿੱਥ ਪਾ ਕੇ ਪ੍ਰਕਾਸ਼ਿਤ ਹੋਇਆ ਹੈ। ਸ਼ਾਮਲ ਕਹਾਣੀਆਂ ਸਮੇਂ ਸਮੇਂ ਪ੍ਰੀਤ ਲੜੀ ਅਤੇ ਹੋਰਨਾਂ ਰਸਾਲਿਆਂ ਵਿਚ ਛਪ ਚੁਕੀਆਂ ਹਨ ਅਤੇ ਇਨ੍ਹਾਂ ਵਿਚੋਂ ਕਈ ਕਹਾਣੀਆਂ ਜਿਵੇਂ 'ਪਹਿਲੀ ਚੁੰਮੀ' ਕਾਫੀ ਚਰਚਾ ਦਾ ਵਿਸ਼ੇ ਵੀ ਬਣੀਆਂ ਰਹੀਆਂ ਹਨ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਵੰਡ ਨਾਲ ਸੰਬੰਧਿਤ ਤ੍ਰਾਸਦ-ਸਥਿਤੀਆਂ ਅਤੇ ਪਾਤਰਾਂ ਦੇ ਮਾਨਸਿਕ ਤਨਾਉ ਨੂੰ ਪੇਸ਼ ਕਰਦੀਆਂ ਹਨ। ਇਸ ਲਈ ਇਨ੍ਹਾਂ ਕਹਾਣੀਆਂ ਪਿਛੇ ਲੇਖਕ ਦੀ ਕਾਰਜਸ਼ੀਲ ਭਾਵਨਾ ਅਤੇ ਸਥਿਤੀਆਂ ਦਾ ਅਨੁਭਵ ਹੀ ਸਾਨੂੰ ਕਹਾਣੀਕਾਰ ਦੇ ਦ੍ਰਿਸ਼ਟੀਕੋਣ ਅਤੇ ਉਸ ਸਮੇਂ ਵਿਚ ਵਰਤਮਾਨ ਦੁਖ ਦੀ ਸਥਿਤੀ ਦਾ ਬੋਧ ਕਰਵਾ ਸਕੇਗਾ।

1947 ਦੇ ਰਾਜਸੀ ਬਟਵਾਰੇ ਸਮੇਂ ਪੰਜਾਬੀ ਬੋਲਦੇ ਇਲਾਕਿਆਂ ਨੂੰ ਵੀ ਦੋ ਹਿੱਸਿਆਂ ਵਿਚ ਵੰਡ ਦਿਤਾ ਗਿਆ ਸੀ। ਇਹ ਵੰਡ ਭਵਿਸ਼ ਵਿਚ ਵਾਪਰਨ ਵਾਲੇ ਦੁਖ ਦਾ ਆਰੰਭ ਸੀ ਵੰਡ ਦੇ ਇਸ ਅਣਚਾਹੇ ਦੁਖ ਵਿਚ ਵਾਧਾ ਉਦੋਂ ਹੋਇਆ ਜਦ ਦੋਹਾਂ ਪਾਸਿਆਂ ਵਲੋਂ ਸਾਹਿਤ-ਸੰਚਾਰ ਦੀ ਸਮੱਸਿਆ ਬਣੀ। ਇਹ ਸਾਰੀ ਸਥਿਤੀ ਸਮੁੱਚੇ ਪੰਜਾਬੀਆਂ ਅਤੇ ਪੰਜਾਬੀ ਸਾਹਿਤ ਦੇ ਰਚਨਹਾਰਿਆਂ ਲਈ ਬੜੀ ਦੁਖਾਂਤਕ ਸੀ। ਇਸ ਵਰਜਿਤ ਮਾਹੌਲ ਵਿਚ ਦੋਹਾਂ ਧਿਰ ਵਲੋਂ ਇਕ ਦੂਜੇ ਪ੍ਰਤਿ ਭਾਵੁਕ ਉਦਰੇਵਾਂ ਪੈਦਾ ਹੋਣਾ ਬੜਾ ਸੁਭਾਵਕ ਸੀ। ਇਸ ਉਦਰੇਵੇ ਦੇ ਪ੍ਰਤਿਕਰਮ ਵਜੋਂ ਕਾਫ਼ੀ ਸਾਹਿਤ ਰਚਿਆ ਗਿਆ ਹੈ। ਨਵਤੇਜ ਸਿੰਘ ਦੇ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਏਸੇ ਉਦਰੇਵੇਂ, ਮਨੁੱਖਾਂ ਦੀ ਸਦੀਵੀ ਸਾਂਝ ਅਤੇ ਅੰਤਰ-ਰਾਸ਼ਟਰਵਾਦੀ ਸੋਚ ਦੇ ਪ੍ਰਗਟਾ ਦੀ ਲੋਚਾ ਅਧੀਨ ਲਿਖੀਆਂ ਗਈਆਂ ਹਨ। ਇਨ੍ਹ ਕਹਾਣੀਆਂ ਵਿਚ ਨਵਤੇਜ ਸਿੰਘ ਨੇ ਪਾਤਰਾਂ ਦੀ ਮਨੋਅਵਸਥਾ ਅਤੇ ਉਨ੍ਹਾਂ ਦੇ ਵਿਵਿਹਾਰ ਵਿਚੋਂ ਸਮਾਜਕ ਅਤੇ ਰਾਜਸੀ ਸਥਿਤੀਆਂ ਦੇ ਵਰਤਾਰੇ ਨੂੰ ਪੇਸ਼ ਕੀਤਾ ਹੈ। ਪਾਤਰਾਂ ਦ ਅਜਿਹੀ ਮਾਨਸਿਕ ਉਦਰੇਵੇਂ ਵਾਲੀ ਅਵਸਥਾ ਵਿਚੋਂ ਸਮਕਾਲੀ ਸਥਿਤੀਆਂ ਦਾ ਦਵੰ ਤਾਂ ਜ਼ਰੂਰ ਪੇਸ਼ ਹੋਇਆ ਹੈ ਪਰ ਜਿਹੜੀ ਗੱਲ ਨਵਤੇਜ ਸਿੰਘ ਦੀ ਕਹਾਣੀ ਕਲਾ ਦੀ ਸੀਮ ਬਣਦੀ ਹੈ, ਉਹ ਹੈ ਉਸਦੀ ਆਪਣੀ ਸੰਘਣੀ ਭਾਵੁਕਤਾ। ਨਵਤੇਜ ਸਿੰਘ ਦੀਆਂ ਇਹਨ

ਕਹਾਣੀਆਂ ਵਿਚ ਸੰਘਣਾ ਭਾਵੁਕ ਮਾਹੌਲ ਮੱਧਮ ਸੁਰ ਵਿਚ ਨਹੀਂ ਸਗੋਂ ਕੇਂਦਰੀ ਸੁਰ ਵਜੋਂ ਪੇਸ਼ ਹੋਇਆ ਹੈ। ਇਹ ਗੱਲ ਮੈਂ 'ਭਾਈਆਂ ਬਾਝ' 'ਮੇਰਾ ਹਬੀਬ' 'ਬੰਦ ਬਿਸਤਰਾ' ਅਤੇ ਤਲਾਸ਼ੀ ਕਹਾਣੀਆਂ ਦੇ ਸੰਦਰਭ ਵਿਚ ਕਹੀ ਹੈ। 'ਭਾਈਆਂ ਬਾਝ' ਅਤੇ 'ਚੰਨ ਦੀ ਮਹਿਕ' ਕਹਾਣੀ ਵਿਚ ਦੋ ਦੋਸਤਾਂ ਦਾ ਆਪਸੀ ਉਦਰੇਵਾਂ ਹੈ। 'ਮੇਰਾ ਹਬੀਬ' ਵਿਚ ਇਹੀ ਉਦਰੇਵਾਂ ਪ੍ਰੇਮੀਆਂ ਦੀ ਪ੍ਰੀਤ ਦੇ ਅਧੂਰਿਆਂ ਰਹਿਣ ਵਿਚ ਹੈ। 'ਬੰਦ ਬਿਸਤਰਾ' ਕਹਾਣੀ ਵਿਚਲਾ ਉਦਰੇਵਾਂ ਵਤਨ ਦੇ ਪ੍ਰਚੰਡ ਮੋਹ ਦਾ ਹੈ ਅਤੇ 'ਤਲਾਸ਼ੀ' ਕਹਾਣੀ ਵਿਚ ਇਹੀ ਉਦਰੇਵਾਂ ਸੰਬੰਧੀਆਂ ਦੇ ਵਿਛੜਣ ਦਾ ਪ੍ਰਤਿਕਰਮ ਹੈ। ਕਹਾਣੀਕਾਰ ਇਸ ਉਦਰੇਵੇਂ ਵਾਲੇ ਸੰਘਣੇ ਪ੍ਰਤਿਕਰਮ ਨੂੰ ਹੀ ਮਨੁੱਖੀ ਅਟੁੱਟ ਸਾਂਝ ਅਤੇ ਅੰਤਰਰਾਸ਼ਟਰਵਾਦ ਦੀ ਲੋਚਾ ਦੇ ਆਧਾਰ ਵਜੋਂ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਇਨ੍ਹਾਂ ਕਹਾਣੀਆਂ ਨੂੰ ਪੜ੍ਹਦੇ ਸਮੇਂ ਕੇਸਰ ਸਿੰਘ ਦੇ ਨਾਵਲ 'ਜੰਗੀ ਕੈਦੀ' ਦੇ ਵੱਖ ਵੱਖ ਨਸਲਾ ਵਾਲੇ ਪਾਤਰ ਬਾਰ ਬਾਰ ਯਾਦ ਆਉਂਦੇ ਹਨ ਜੋ ਇਸੇ ਮਨੁੱਖੀ ਸਾਂਝ ਵਿਚ ਬੱਝੇ ਇਕ ਦੂਜੇ ਦੇ ਦੁਖ ਵਿਚ ਪੀੜਿਤ ਤਾਂ ਹਨ ਪਰ ਪਾਤਰਾਂ ਦੀ ਇਸ ਪੀੜਾ ਵਿਚ ਲੇਖਕ ਆਪ ਕਿਧਰੇ ਵੀ ਭਾਵੁਕ ਨਹੀਂ। ਇਹੀ ਕਾਰਣ ਹੈ ਕਿ ਨਵਤੇਜ ਸਿੰਘ ਦੀਆਂ ਇਹ ਕਹਾਣੀਆਂ ਇਕੋ ਹੀ ਵਿਚਾਰ ਅਤੇ ਜਜ਼ਬਾਤ ਦਾ ਵਿਸਥਾਰ ਬਣ ਗਈਆਂ ਹਨ।

ਨਵਤੇਜ ਸਿੰਘ ਦੇ ਇਸ ਸੰਗ੍ਰਹਿ ਵਿਚ ਕੁਝ ਕਹਾਣੀਆਂ ਅਜਿਹੀਆਂ ਸ਼ਾਮਲ ਹਨ ਜੋ ਸਮਕਾਲੀ ਸਥਿਤੀਆਂ ਦੇ ਤਨਾਉ ਨੂੰ ਪੇਸ਼ ਕਰਦੀਆਂ ਹਨ। ਇਹ ਤਨਾਉ ਕਈ ਕਹਾਣੀਆਂ ਵਿਚ ਪੀੜਿਤ ਵਰਗ ਦੇ ਹੋ ਰਹੇ ਸ਼ੋਸ਼ਨ ਦਾ ਪ੍ਰਤਿਕਰਮ ਹਨ ਅਤੇ ਕੁਝ ਕਹਾਣੀਆਂ ਵਿਚ ਇਹ ਤਨਾਉ ਨੈਤਿਕ ਅਤੇ ਸਦਾਚਾਰਕ ਕੀਮਤਾਂ ਦੇ ਕਿਰਦਾਰ ਵਿਚੋਂ ਪੈਦਾ ਹੁੰਦਾ ਹੈ। ਨੈਤਿਕ ਅਤੇ ਸਦਾਚਾਰਕ ਕੀਮਤਾਂ ਦੇ ਪ੍ਰਸੰਗ ਵਿਚ 'ਪਹਿਲੀ ਚੁੰਮੀ' ਕਹਾਣੀ ਵਧੇਰੇ ਚਰਚਿਤ ਰਹੀ ਹੈ। ਇਸ ਕਹਾਣੀ ਵਿਚ ਉਸ ਨੇ ਵਿਹਲ ਭੋਗ ਰਹੇ ਮਨੁੱਖਾਂ ਦੀ ਆਪਸੀ ਗੱਲ ਬਾਤ ਰਾਹੀਂ ਨੈਤਿਕ ਅਤੇ ਸਦਾਚਾਰਕ ਕੀਮਤਾਂ ਦਾ ਚਰਿਤਰ ਉਭਾਰਿਆ ਹੈ। ਜਿਨ੍ਹਾਂ ਨੈਤਿਕ ਅਤੇ ਸਦਾਚਾਰਕ ਕੀਮਤਾਂ ਨੂੰ ਇਹ ਪਾਤਰ ਆਪਣੀ ਬਾਹਰਲੀ ਜ਼ਿੰਦਗੀ ਵਿਚ ਸੀਮਾ ਵਜੋਂ ਤਾਂ ਪ੍ਰਵਾਨ ਕਰਦੇ ਹਨ ਪਰੰਤੂ ਆਪਣੀ ਵਿਵਿਹਾਰਕ ਜ਼ਿੰਦਗੀ ਵਿਚ ਇਹੀ ਪਾਤਰ ਅਜਿਹੀਆਂ ਸੀਮਾਵਾਂ ਦੇ ਭੰਗ ਕਰਨ ਅਤੇ ਜ਼ਿਕਰ ਕਰਨ ਵਿਚੋਂ ਆਨੰਦ ਪ੍ਰਾਪਤ ਕਰਦੇ ਹਨ। ਇਨ੍ਹਾਂ ਵਰਜਿਤ ਨੈਤਿਕ ਕੀਮਤਾਂ ਦੀ ਉਲੰਘਣਾ ਅਤੇ ਜ਼ਿਕਰ ਕਰਨਾ ਭਾਰਤੀ ਲੋਕਾਂ ਦਾ ਵਿਹਲ ਹੰਢਾਉਣ ਦਾ ਇਕ ਵੱਡਾ ਸਾਧਨ ਬਣਦਾ ਹੈ। ਨਵਤੇਜ ਸਿੰਘ ਨੇ ਇਨ੍ਹਾਂ ਕੁਝ ਪਲਾਂ ਰਾਹੀਂ ਵਿਵਿਹਾਰਕ ਜ਼ਿੰਦਗੀ ਵਿਚ ਟੁੱਟ ਰਹੇ ਕਠੋਰ ਨੈਤਿਕ ਬੰਧਨਾਂ ਦੀ ਟੁੱਟਣ ਲੀਲ੍ਹਾ ਨੂੰ ਪੇਸ਼ ਕੀਤਾ ਹੈ। ਸਾਧਾਰਨ ਜ਼ਿੰਦਗੀ ਵਿਚ ਨੈਤਿਕ ਕੀਮਤਾਂ ਦੇ ਇਸ ਵਰਜਿਤ ਮਾਹੌਲ ਦਾ ਪ੍ਰਤਕਿਰਮ ਸਦਾਚਾਰ-ਵਿਚਲਨ ਅਤੇ ਅਲਾਮਤਾਂ ਦੇ ਸੁਭਾਵਕ ਪੈਦਾ ਹੋਣ ਵਿਚ ਹੈ। ਇਨ੍ਹਾਂ ਨੈਤਿਕ ਅਤੇ ਸਦਾਚਾਰਕ ਕੀਮਤਾਂ ਦੀਆਂ ਸੀਮਾਵਾਂ ਵਿਚ ਬੱਝੇ ਮਨੁੱਖ ਉਨੀ ਦੇਰ ਹੀ ਸੀਮਾ ਭੰਗ ਨਹੀਂ ਕਰਦੇ, ਜਿੰਨੀ ਦੇਰ ਉਨ੍ਹਾਂ ਨੂੰ ਮੌਕਾ ਪ੍ਰਾਪਤ ਨਹੀਂ ਹੁੰਦਾ। 'ਕਾਲਿਜ ਜਾਣ ਦਾ ਪਹਿਲਾ ਦਿਨ' ਕਹਾਣੀ ਵਿਚ ਵਾਪਰਿਆ ਦੁਖਾਂਤ ਇਸੇ ਵਰਜਿਤ ਮਾਹੌਲ ਦੇ ਪ੍ਰਤਿਕਰਮ ਨੂੰ ਪੇਸ਼ ਕਰਦਾ ਹੈ। ਸਾਧਾਰਨ ਪਾਠਕ ਜੋ ਨੈਤਿਕ ਕੀਮਤਾਂ ਪ੍ਰਤਿ ਪ੍ਰਤਿਬੱਧ ਅਤੇ ਭਾਵੁਕ ਹੈ, ਉਸ ਨੂੰ ਨੌਜੁਆਨ ਵਰਗ ਦਾ ਇਹ ਕਿਰਦਾਰ ਬੜਾ ਦੂਸ਼ਿਤ ਜਾਪੇਗਾ ਪਰ ਇਥੇ ਇਹ ਸੋਚਣਾ ਅਨਿਵਾਰਯ ਹੈ ਕਿ ਨੌਜੁਆਨ ਵਰਗ ਦੇ ਇਸ ਇਸ ਵਿਵਿਹਾਰ ਪਿਛੇ ਕਿਹੜੀਆਂ ਦੋਸ਼ੀ ਸਥਿਤੀਆਂ ਅਤੇ ਕਿਹੜੇ ਅਜਿਹੇ ਸਮਾਜਕ-

ਰਿਸ਼ਤੇ ਹਨ, ਜਿਹੜੇ ਨੌਜੁਆਨ ਤਬਕੇ ਨੂੰ ਦਿਸ਼ਾਹੀਣਤਾ ਅਤੇ ਮਾਨਸਿਕ ਤਨਾਉ ਤਕ ਲੈ ਜਾਂਦੇ ਹਨ। ਇਹ ਕਹਾਣੀ ਨਿਰਸੰਦੇਹ ਨੈਤਿਕ ਅਤੇ ਸਦਾਚਾਰਕ ਕੀਮਤਾਂ ਦੇ ਮਾਪਦੰਡਾਂ ਨੂੰ ਸਹੀ ਦਿਸ਼ਾ ਦੇਣ ਲਈ ਪ੍ਰੇਰੇਗੀ।

ਸਮਾਜਵਾਦੀ ਲੇਖਕ ਹੋਣ ਦੇ ਨਾਤੇ ਨਵਤੇਜ ਸਿੰਘ ਦੀਆਂ ਕਹਾਣੀਆਂ ਵਿਚ ਪੀੜਿਤ ਵਰਗ ਦੇ ਦਰਦ ਦਾ ਸ਼ਾਮਲ ਹੋ ਜਾਣਾ ਬੜਾ ਸੁਭਾਵਕ ਹੈ। ਇਹ ਦਰਦ ਉਸ ਨੇ ਸਮਕਾਲੀ ਸਥਿਤੀਆਂ ਦੇ ਵਿਵੇਕ ਰਾਹੀਂ ਪ੍ਰਗਟਾਇਆ ਹੈ। ਪੀੜਿਤ ਵਰਗ ਵਿਚ ਆਈ ਮੁੱਢਲੀ ਭਾਂਤ ਦੀ ਸਾਧਾਰਨ ਚੇਤਨਾ ਵੀ ਲੁਟ ਰਹੇ ਵਰਗ ਨੂੰ ਭਵਿਸ਼ ਵਿਚਲੇ ਡਰ ਦਾ ਅਗਾਊਂ ਸੰਕੇਤ ਦੇਂਦੀ ਹੈ ਪਰ ਸਥਿਤੀ ਉਦੋਂ ਗੰਭੀਰ ਹੁੰਦੀ ਹੈ, ਜਦ ਇਨ੍ਹਾਂ ਲੋਕਾਂ ਦੀ ਇਸ ਚੇਤਨਾ ਨੂੰ ਤਾਕਤ ਅਤੇ ਤਸ਼ੱਦਦ ਨਾਲ ਦਬਾਇਆ ਜਾਂਦਾ ਹੈ। ਇਸ ਗੰਭੀਰ ਅਤੇ ਤ੍ਰਾਸਦ ਸਥਿਤੀ ਦਾ ਬੋਧ 'ਇਕ ਸੀ ਮਾਂ ਇਕ ਸੀ ਪੁੱਤਰ' ਕਹਾਣੀ ਵਿਚੋਂ ਪ੍ਰਾਪਤ ਹੁੰਦਾ ਹੈ। ਤਾਕਤ ਅਤੇ ਤਸ਼ੱਦਦ ਦਾ ਇਹ ਕਠੋਰ ਯਥਾਰਥ ਇਸ ਕਹਾਣੀ ਵਿਚ ਉਦੋਂ ਸਿਖਰ ਤਕ ਜਾ ਪੁਜਦਾ ਹੈ, ਜਦ ਪੀੜਿਤ ਵਰਗ ਵਿਚੋਂ ਚੇਤੰਨ ਹੋਏ ਨੌਜੁਆਨ ਨੂੰ ਆਪਣੀ ਮਾਂ ਨਾਲ ਭੋਗ ਕਰਨ ਲਈ ਪੁਲੀਸ ਵਲੋਂ ਮਜਬੂਰ ਕੀਤਾ ਜਾਂਦਾ ਹੈ। ਅਜਿਹੀ ਸਥਿਤੀ ਵਿਚੋਂ ਪ੍ਰਚੰਡ ਸੰਘਰਸ਼ ਦਾ ਉਭਰਨਾ ਇਤਿਹਾਸਕ ਤਬਦੀਲੀਆਂ ਦੇ ਪ੍ਰਸੰਗ ਵਿਚ ਜ਼ਰੂਰੀ ਹੈ ਅਤੇ ਅਜਿਹੇ ਪੈਦਾ ਹੋਏ ਸੰਘਰਸ਼ ਵਿਚ ਜੂਝਦੇ ਲੋਕਾਂ ਦਾ ਚਿਤਰ 'ਸਤਵੰਤ' ਕਹਾਣੀ ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ, ਪਰ ਇਸ ਕਹਾਣੀ ਦੇ ਪਾਤਰ ਨਾ ਤਾਂ ਸ਼੍ਰੇਣੀ ਜਦੋ-ਜਹਿਦ ਦੀ ਸੂਝ ਤੋਂ ਵਾਕਿਫ਼ ਹਨ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸਮਕਾਲੀ ਸਥਿਤੀਗਤ ਚੇਤਨਾ ਹੈ। ਇਨ੍ਹਾਂ ਪਾਤਰਾਂ ਦਾ ਸੰਘਰਸ਼ ਵਿਚ ਸ਼ਾਮਿਲ ਹੋਣ ਦਾ ਆਧਾਰ ਨਿਰੋਲ ਸੰਘਣੀ ਭਾਵੁਕਤਾ ਹੈ, ਪਰ ਸੰਘਣੀ ਭਾਵੁਕਤਾ ਸ਼੍ਰੇਣੀ ਸੰਘਰਸ਼ ਦਾ ਆਧਾਰ ਨਹੀਂ ਅਤੇ ਨਾ ਹੀ ਕਿਸੇ ਇਤਿਹਾਸਕ ਵਿਕਾਸ ਦਾ ਬਦਲ।

ਨਵਤੇਜ ਸਿੰਘ ਉਨ੍ਹਾਂ ਲੇਖਕਾਂ ਵਿਚੋਂ ਹੈ, ਜਿਨ੍ਹਾਂ ਦੀਆਂ ਰਚਨਾਵਾਂ ਵਿਚ ਸਿਧਾਂਤਕ ਸੂਝ ਸਮਕਾਲੀ ਸਥਿਤੀਆਂ ਦੇ ਅੰਤਰ-ਵਿਰੋਧਾਂ ਨੂੰ ਪਛਾਣਨ ਸਮੇਂ ਟੇਕ ਦਾ ਕੰਮ ਕਰਦੀ ਹੈ। ਉਸ ਦੀ ਇਹ ਟੇਕ ਅਕਸਰ ਸਮਾਜਕ-ਵਿਰੋਧਾਭਾਸਾਂ ਨੂੰ ਸਿਰਜਣ ਅਤੇ ਇਨ੍ਹਾਂ ਰਾਹੀਂ ਅਰਥ ਪੈਦਾ ਕਰਨ ਦਾ ਸਾਧਨ ਬਣੀ ਹੈ। 'ਭਾਈਆਂ ਬਾਝ' ਦੀਆਂ ਕੁਝ ਕਹਾਣੀਆਂ ਜਿਵੇਂ 'ਸਤਵੰਤ' ਵਿਚ ਇਹ ਸਿਧਾਂਤਕ ਸੂਝ ਉਸ ਨੂੰ ਸਿਧਾਂਤ ਦੇ ਮੋਹ ਤਕ ਲੈ ਜਾਣ ਦਾ ਭੈ ਵੀ ਬਣਾਈ ਰੱਖਦੀ ਹੈ। ਇਹ ਭੈ ਹਰ ਸਿਧਾਂਤਕ ਸੂਝ ਵਾਲੇ ਲੇਖਕ ਦੀ ਰਚਨਾ ਵਿਚ ਬਣਿਆ ਰਹਿੰਦਾ ਹੈ। ਨਵਤੇਜ ਸਿੰਘ ਦੀਆਂ ਇਹ ਕਹਾਣੀਆਂ ਜਿਥੇ ਪਾਤਰਾਂ ਦੀ ਪੀੜਾ ਰਾਹੀਂ ਤਨਾਉ-ਗ੍ਰਸਤ ਸਮਕਾਲੀ ਸਥਿਤੀਆਂ ਦੀ ਨੁਹਾਰ ਨੂੰ ਪ੍ਰਗਟਾਉਂਦੀਆਂ ਹਨ, ਉਥੇ ਇਹ ਕਹਾਣੀਆਂ ਵੰਡੇ ਪੰਜਾਬੀਆਂ ਵਿਚ ਮੁੜ ਬਣ ਰਹੇ ਰਿਸ਼ਤੇ ਨੂੰ ਸਥਾਈ ਬਣਾਉਣ ਵਿਚ ਵੀ ਮਹੱਤਵਪੂਰਣ ਕਾਰਜ ਨਿਭਾਉਣਗੀਆਂ।

[ਅਮਰਜੀਤ ਕਾਂਗ]

**ਮਿੱਟੀ ਦੀ ਚਿੜੀ** [ਮੁਖ਼ਤਾਰ ਗਿੱਲ]

ਭਾਵੁਕਤਾ ਦਾ ਦੰਭ ਅਤੇ ਅਮੂਰਤ ਅਰਥਹੀਣ ਫਿਕਰੇਬਾਜ਼ੀ ਕਿਸੇ ਵੀ ਸਾਹਿਤਕ ਰਚਨਾ ਦਾ ਆਧਾਰ ਕਦਾਚਿਤ ਨਹੀਂ ਹੋ ਸਕਦੀ। ਇਹ ਗੱਲ ਮੈਂ ਇਸ ਸੰਦਰਭ ਵਿਚ ਕਹੀ ਹੈ ਕਿ ਪੰਜਾਬੀ ਦੇ ਕੁਝ ਮੌਲਿਕ ਲੇਖਕਾਂ ਨੂੰ ਇਹ ਭਾਵੁਕਤਾ ਦਾ ਦੰਭ ਅਤੇ ਫ਼ਿਕਰੇਬਾਜ਼ੀ ਬੜੀ ਰਾਸ ਆਈ ਹੈ ਅਤੇ ਉਨ੍ਹਾਂ ਦੀ ਵਕਤੀ ਪ੍ਰਸਿੱਧੀ ਦਾ ਆਧਾਰ ਵੀ ਬਣਦੀ ਪ੍ਰਤੀਤ ਹੁੰਦੀ ਹੈ। ਉਹ ਆਪਣੀ ਇਸ ਦੰਭੀ ਭਾਵੁਕਤਾ ਅਤੇ ਸ਼ਾਬਦਿਕ ਲੀਲ੍ਹਾ ਦਾ ਅਰਥਹੀਣ ਖਲੇਰਾ ਇਸ ਬੇਤਰਤੀਬੀ ਨਾਲ ਪਾਉਂਦੇ ਹਨ ਕਿ ਸਾਰੀ ਰਚਨਾ ਪੜ੍ਹਨ ਉਪਰੰਤ ਪਾਠਕ ਦੇ ਪੱਲੇ ਕੁਝ ਵੀ ਨਹੀਂ ਪੈਂਦਾ। ਇਸ ਭਾਵੁਕਤਾ ਦੇ ਦੰਭ ਪਿਛੇ ਉਨ੍ਹਾਂ ਦੀ ਆਪਣੀ ਭਟਕਣ ਅਤੇ ਆਪਣੇ ਆਪ ਨੂੰ ਤ੍ਰਾਸਦ ਨਾਇਕ ਬਣਾਉਣ ਦੀ ਪ੍ਰਬਲ ਇੱਛਾ ਕਾਰਜਸ਼ੀਲ ਹੈ। ਇਨ੍ਹਾਂ ਰਚਨਾਵਾਂ ਵਿਚ ਇਹ ਭਾਵੁਕਤਾ ਨਾ ਤਾਂ ਪਾਤਰਾਂ ਦੇ ਕਿਸੇ ਮਾਨਸਿਕ ਤਨਾਉ ਦਾ ਸਿੱਟਾ ਹੁੰਦੀ ਹੈ ਅਤੇ ਨਾ ਹੀ ਇਸ ਦਾ ਕੋਈ ਸਮਾਜਕ ਜਾਂ ਆਰਥਿਕ ਪ੍ਰਕਰਣ ਹੁੰਦਾ ਹੈ ਅਤੇ ਨਾ ਹੀ ਕਿਸੇ ਅਰਥ ਬੋਧ ਤਕ ਪੁਜਦੀ ਹੈ। ਇਨ੍ਹਾਂ ਰਚਨਾਵਾਂ ਵਿਚੋਂ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਇਸ ਕੋਰੀ ਭਾਵੁਕਤਾ ਦਾ ਆਧਾਰ ਨਾ ਤਾਂ ਆਤਮ ਜਗਤ ਵਿਚੋਂ ਲਭਿਆ ਜਾ ਸਕਦਾ ਹੈ ਅਤੇ ਨਾ ਹੀ ਅਨਾਤਮ ਜਗਤ ਵਿਚੋਂ। ਇਕ ਭਾਂਤ ਨਾਲ ਇਹ ਝੁਕਾਅ ਪੰਜਾਬੀ ਦੇ ਕੁਝ ਅਖੌਤੀ ਮੌਲਿਕ ਲੇਖਕਾਂ ਦੀ ਅਪਸਾਰਵਾਦੀ ਰੁਚੀ ਵਿਚੋਂ ਪ੍ਰਗਟ ਹੋ ਰਿਹਾ ਹੈ। ਇਨ੍ਹਾਂ ਲੇਖਕਾਂ ਵਿਚ ਬਹੁ-ਗਿਣਤੀ ਨਵੇਂ ਉਭਰ ਰਹੇ (?) ਲੇਖਕਾਂ ਦੀ ਹੈ, ਜਿਨ੍ਹਾਂ ਅਰਥਹੀਣ ਫਿਕਰੇਬਾਜ਼ੀ ਨੂੰ ਹੀ ਆਪਣੀ ਸੀਮਾ ਅਤੇ ਅੰਤਮ ਪ੍ਰਾਪਤੀ ਮੰਨ ਲਿਆ ਹੈ, ਜਾਂ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਪਾਸ ਕਹਿਣ ਲਈ ਕੁਝ ਵੀ ਨਹੀਂ। ਇਸ ਮੱਤ ਬਾਰੇ ਤਾਂ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਅਜਿਹੀ ਅਮੂਰਤ ਫਿਕਰੇਬਾਜ਼ੀ ਦਾ ਮਖੌਟਾ ਚਿਰੰਜੀਵ ਨਹੀਂ ਹੁੰਦਾ। ਸਥਿਤੀ ਤਾਂ ਉਦੋਂ ਵਧੇਰੇ ਗੰਭੀਰ ਹੁੰਦੀ ਹੈ ਜਦੋਂ ਅਜਿਹੇ ਲੇਖਕਾਂ ਨੂੰ ਸਥਾਪਿਤ ਆਲੋਚਕਾਂ ਵਲੋਂ ਥਾਪੜਾ ਮਿਲ ਜਾਂਦਾ ਹੈ। ਲੇਖਕ ਅਤੇ ਆਲੋਚਕ ਦੀ ਇਸ ਨਿਜੀ ਸੰਧੀ ਵਿਚ ਪਾਠਕ ਆਪਣੇ ਆਪ ਨੂੰ ਟੁੱਟ ਰਿਹਾ ਮਹਿਸੂਸ ਕਰਦਾ ਹੈ। ਅਜਿਹੀ ਰਚਨਾ ਨੂੰ ਸਮਝ ਨਾ ਸਕਣਾ ਉਹ ਆਪਣੀ ਅਗਿਆਨਤਾ ਅਤੇ ਚੇਤਨਾ ਦੇ ਪਛੜੇਪਣ ਨੂੰ ਮੰਨ ਲੈਂਦਾ ਹੈ ਅਤੇ ਕੁਝ ਸਮਾਂ ਪਾ ਕੇ ਉਹ ਆਪਣੇ ਆਪ ਹੀ ਅਜਿਹੇ ਸਾਹਿਤ ਪ੍ਰਤਿ ਉਪਰਾਮ ਹੋ ਜਾਂਦਾ ਹੈ। ਕਵਿਤਾ ਦੇ ਰਚਨਾ ਸੰਸਾਰ ਵਿਚ ਕੁਝ ਅਮੂਰਤ ਫਿਕਰੇ ਇਸ ਆੜ ਵਿਚ ਚਲਾਏ ਜਾ ਸਕਦੇ ਹਨ ਕਿ ਕਵਿਤਾ ਦਾ ਇਕ ਆਪਣਾ ਨਿਵੇਕਲਾ ਓਹਲਾ ਹੁੰਦਾ ਹੈ, ਪਰ ਵਾਰਤਕਕਾਰ ਜਾਂ ਗਲਪਕਾਰ ਓਹਲੇ ਸਿਰਜਣ ਦਾ ਹੱਕਦਾਰ ਨਹੀਂ। ਇਹ ਤਾਂ ਹੋ ਸਕਦਾ ਹੈ ਕਿ ਗਲਪਕਾਰ ਭਾਸ਼ਾ ਦੀ ਸਮਰੱਥਾ ਰਾਹੀਂ ਵਿਰੋਧਾ ਭਾਸ ਸਿਰਜ ਕੇ ਖਿਆਲ ਨੂੰ ਵੱਖ-ਵੱਖ ਪਰਤਾਂ ਦੇ ਲਵੇ, ਪਰ ਸਫ਼ਿਆਂ ਦੇ ਸਫ਼ੇ ਅਮੂਰਤ ਫ਼ਿਕਰੇਬਾਜ਼ੀ ਨਾਲ ਭਰ ਦੇਣੇ ਕਿਸੇ ਕਲਾ ਦਾ ਪ੍ਰਮਾਣ ਨਹੀਂ। ਇਹ ਬਿਰਤੀ ਨਿਰਸੰਦੇਹ ਨਿਖੇਧਾਤਮਕ ਅਤੇ ਨਾਕਾਰਕ ਹੈ।

ਮੁਖ਼ਤਾਰ ਗਿੱਲ ਦੇ ਨਾਵਲਿਟ 'ਮਿੱਟੀ ਦੀ ਚਿੱੜੀ' ਵਿਚ ਅਜਿਹੀ ਬਿਰਤੀ ਨੂੰ ਮੈਂ ਬੜੀ

ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਨਾਵਲਕਾਰ ਵੀ ਲੁਕਵੀਂ ਲੋਚਾ ਇਕ ਅਜਿਹੇ ਤ੍ਰਾਸਦ ਮਨੁੱਖ ਦੇ ਮਾਨਸਿਕ ਸੰਤਾਪ ਨੂੰ ਪੇਸ਼ ਕਰਨਾ ਜਾਪਦੀ ਹੈ ਜੋ ਇਸ ਪੀੜਾ ਵਿਚ ਆਪਣੀ ਹੋਣੀ ਹੰਢਾ ਰਿਹਾ ਹੈ। ਪਰ ਇਸ ਨਾਇਕ ਦਾ ਮਾਨਸਿਕ ਸੰਤਾਪ ਕਿਨ੍ਹਾਂ ਕਾਰਣਾਂ ਦਾ ਪ੍ਰਤਿਕਰਮ ਹੈ, ਇਹ ਅਸਲੋਂ ਹੀ ਨਾਵਲ ਵਿਚ ਲੋਪ ਹੈ ਅਤੇ ਜਿਹੜੇ ਕਾਰਣ ਨਾਵਲਕਾਰ ਦੱਸਦਾ ਹੈ, ਉਹ ਵੱਧੋਂ ਵੱਧ ਨਿਗੂਣੇ ਹਨ ਅਤੇ ਹਾਸੋਹੀਣੇ ਵੀ। ਨਾਇਕ ਦੇ ਇਨ੍ਹਾਂ ਦੁਖਾਂ ਦੇ ਕਾਰਣ ਨਾ ਤਾਂ ਸਮਾਜਕ ਪ੍ਰਕਰਣ ਅਤੇ ਨਾ ਹੀ ਆਰਥਿਕ ਰਿਸ਼ਤਿਆਂ ਵਿਚੋਂ ਲੱਭੇ ਜਾ ਸਕਦੇ ਹਨ। ਦਰਅਸਲ ਨਾਇਕ ਨੂੰ ਦੁਖ ਕੋਈ ਵੀ ਨਹੀਂ, ਸਿਰਫ਼ ਪੀੜਿਤ ਹੋਣ ਦਾ ਬਾਹਰੀ ਦੰਭ ਕਰਦਾ ਹੈ। ਇਸੇ ਨੂੰ ਮੈਂ ਭਾਵੁਕ ਦੰਭ ਦਾ ਨਾਂ ਦਿਤਾ ਹੈ ਜੋ ਇਕ ਤਰ੍ਹਾਂ ਨਾਲ ਆਪਣੇ ਆਪ ਨੂੰ ਤਰਸ ਦਾ ਪਾਤਰ ਬਣਾਉਣ ਦੀ ਇੱਛਾ ਵਿਚੋਂ ਉਪਜਿਆ ਹੈ। ਇਹ ਨਾਇਕ ਸਾਰੇ ਨਾਵਲ ਵਿਚ ਕਿਧਰੇ ਵੀ ਵਾਸਤਵਿਕ ਜੀਵਨ ਨਾਲ ਜੂਝਣ ਲਈ ਤਿਆਰ ਨਹੀਂ। ਜ਼ਿੰਦਗੀ ਪ੍ਰਤਿ ਅਜਿਹੀ ਅਪਸਾਰਵਾਦੀ ਰੁਚੀ ਨਾਇਕ ਦੀ ਕਿਸੇ ਭਟਕਣ ਦਾ ਸਿੱਟਾ ਨਹੀਂ, ਸਗੋਂ ਉਸ ਦੇ ਵਿਹਲੜਪੁਣੇ ਵਿਚੋਂ ਉਪਜੀ ਹੈ। ਨੌਜੁਆਨ ਪੀੜ੍ਹੀ ਦੀ ਸਹੀ ਭਟਕਣ ਅਤੇ ਇਸ ਦੀਆਂ ਦਵੰਦਾਤਮਕ ਅਲਾਮਤਾਂ ਇਕ ਵਧੀਆ ਨਾਵਲ ਸਿਰਜ ਸਕਣ ਦੀਆਂ ਸੰਭਾਵਨਾਵਾਂ ਰਖਦੀਆਂ ਹਨ ਪਰ ਮੁਖ਼ਤਾਰ ਗਿੱਲ ਨੂੰ ਇਸ ਭਟਕਣ ਦੇ ਅੰਤਰ-ਵਿਰੋਧਾਂ ਅਤੇ ਕਾਰਣਾਂ ਦੀ ਮੂਲੋਂ ਹੀ ਪਛਾਣ ਨਹੀਂ। ਇਸ ਨਾਇਕ ਦੀ ਭਟਕਣ ਦਾ ਸੰਬੰਧ ਐਵੇਂ ਫ਼ਜ਼ੂਲ ਜਿਹੇ ਭਾਵੁਕ ਰਿਸ਼ਤਿਆਂ ਦੇ ਬਣਨ-ਟੁੱਟਣ ਦੀ ਲੀਲ੍ਹਾ ਨਾਲ ਹੈ ਜੋ ਨਾਵਲ ਵਿਚ ਕਿਸੇ ਪ੍ਰਕਾਰ ਦੇ ਅਰਥ ਪੈਦਾ ਕਰਨੋਂ ਅਸਮਰੱਥ ਹੈ। ਨਾਇਕ ਦਾ ਮਾਨਸਿਕ ਸੰਤਾਪ, ਜੋ ਅਸਲ ਵਿਚ ਕੇਵਲ ਦੰਭ ਹੈ, ਨੂੰ ਜਨਮ ਦੇਣ ਵਾਲੇ ਕਾਰਣਾਂ ਦੀ ਅਣਹੋਂਦ ਦਾ ਬਦਲ ਨਾਵਲਕਾਰ ਨੇ ਚੁਸਤ ਫਿਕਰਿਆਂ ਦੀ ਟੇਕ ਵਿਚ ਲੱਭਣ ਦਾ ਅਸਫਲ ਜਤਨ ਕੀਤਾ ਹੈ। ਇਹ ਅਮੂਰਤ ਫ਼ਿਕਰੇਬਾਜ਼ੀ ਸਾਰੇ ਨਾਵਲ ਵਿਚ ਫੈਲੀ ਹੋਈ ਹੈ। ਫਲਸਰੂਪ ਹਰ ਸਾਧਾਰਨ ਗੱਲ ਕਈ ਕਈ ਸਫ਼ਿਆਂ ਦਾ ਵਿਸਤਾਰ ਬਣ ਗਈ ਹੈ। ਇਹ ਬੋਝਲ ਦੁਹਰਾਉ ਨਾਵਲ ਦੀ ਸੰਰਚਨਾ ਵਿਚ ਨਾ ਕੋਈ ਤੰਦ ਬਣਨ ਦੇਂਦਾ ਹੈ ਅਤੇ ਨਾ ਹੀ ਕਿਸੇ ਅਰਥ ਬੋਧ ਨੂੰ ਸਿਰਜਦਾ ਜਾਪਦਾ ਹੈ। ਨਾਵਲ ਦਾ ਵੱਡਾ ਹਿੱਸਾ ਪ੍ਰਕ੍ਰਿਤੀ ਚਿਤਰਣ ਨਾਲ ਭਰਿਆ ਪਿਆ ਹੈ, ਜਿਸ ਦਾ ਸਿੱਧੇ ਰੂਪ ਵਿਚ ਨਾਵਲ ਦੀ ਸੰਰਚਨਾ ਨਾਲ ਕੋਈ ਸੰਬੰਧ ਨਹੀਂ, ਸਿਰਫ ਨਾਇਕ ਦੇ ਭਾਵੁਕ ਦੰਭ ਨੂੰ ਤੀਬਰ ਕਰਨ ਦੀ ਖੁਸ਼ਫਹਿਮੀ ਵਜੋਂ ਚਿਤਰਿਆ ਜਾਪਦਾ ਹੈ ਜੋ ਆਪਣੇ ਆਪ ਵਿਚ ਬਹੁਤਾ ਅਰਥਹੀਣ ਹੀ ਹੈ ਜਾਂ ਪਾਠਕ ਨੂੰ ਸ਼ਾਬਦਿਕ ਚਲਾਕੀ ਰਾਹੀਂ ਪ੍ਰਭਾਵਿਤ ਕਰਨ ਦਾ ਬੇਲੋੜਾ ਜਤਨ ਹੈ। ਫਲਸਰੂਪ ਅਜਿਹੀ ਅਰਥਹੀਣਤਾ ਅਤੇ ਸ਼ਾਬਦਿਕ ਲੀਲ੍ਹਾ ਹੀ 'ਮਿੱਟੀ ਦੀ ਚਿੜੀ' ਨਾਵਲਿਟ ਦੀ ਹੋਣੀ ਬਣ ਕੇ ਰਹਿ ਗਈ ਹੈ।

[ਅਮਰਜੀਤ ਕਾਂਗ]

**ਮਾਰਕਸਵਾਦ ਦੇ ਬੁਨਿਆਦੀ ਮਸਲੇ** [ਜੀ. ਪਲੈਖਾਨੋਵ]

**ਲੂਈ ਬੋਨਾਪਾਰਟ ਦੀ ਅਠਾਰਵੀਂ ਬਰੂਮੇਰ** [ਕਾਰਲ ਮਾਰਕਸ]

ਮਾਰਕਸਵਾਦ ਅੱਜ ਦੇ ਯੁਗ ਦੀ ਪ੍ਰਧਾਨ ਵਿਚਾਰਧਾਰਾ ਹੈ। ਦਵੰਦਾਤਮਕ ਪਦਾਰਥਵਾਦ

ਅਤੇ ਇਤਿਹਾਸਕ ਪਦਾਰਥਵਾਦ ਇਸ ਵਿਚਾਰਧਾਰਾ ਦੇ ਆਧਾਰ ਰੂਪ ਸੰਕਲਪ ਹਨ ਅਤੇ ਜੀਵਨ ਦੇ ਹਰ ਪੱਖ ਵਿਚ ਇਹਨਾਂ ਦਾ ਦਖਲ ਹੈ। ਦਰਸ਼ਨ ਜਾਂ ਅਰਥ ਸ਼ਾਸਤਰ, ਇਤਿਹਾਸ ਜਾਂ ਰਾਜਨੀਤੀ, ਸਾਹਿਤ ਜਾਂ ਸਭਿਆਚਾਰ—ਸਭ ਉਪਰ ਹੀ ਮਾਰਕਸਵਾਦੀ ਵਿਚਾਰਧਾਰਾ ਇਕੋ ਜਿੰਨੀ ਵਿਗਿਆ-ਨਕ ਸੁਨਿਸ਼ਚਿਤਤਾ ਨਾਲ ਲਾਗੂ ਹੁੰਦੀ ਹੈ। ਅਧਿਐਨ ਤੇ ਗਿਆਨ ਦੇ ਖੇਤਰ ਤੋਂ ਅਗਾਂਹ ਇਹ ਸਰਗਰਮ ਕ੍ਰਾਂਤੀਕਾਰੀ ਕਾਰਜ ਲਈ ਇਕ ਮਾਰਗ ਦਰਸ਼ਨ ਵੀ ਹੈ। ਅੱਜ ਲਗਪਗ ਤੀਜਾ ਹਿੱਸਾ ਸੰਸਾਰ ਵਿਚ ਇਹ ਵਿਚਾਰਧਾਰਾ ਵਿਜੈ ਪ੍ਰਾਪਤ ਕਰ ਚੁਕੀ ਹੈ। ਬਾਕੀ ਰਹਿੰਦੇ ਸੰਸਾਰ ਅਥਵਾ ਪੂੰਜੀਵਾਦੀ ਦੇਸ਼ਾਂ ਵਿਚ ਵੀ ਵਿਸ਼ਾਲ ਜਨ ਸਮੂਹ ਇਸ ਵਿਚਾਰਧਾਰਾ ਦੀ ਰੌਸ਼ਨੀ ਵਿਚ ਕ੍ਰਾਂਤੀਕਾਰੀ ਪਰਿਵਰਤਨਾਂ ਲਈ ਸੰਘਰਸ਼ਸ਼ੀਲ ਹਨ।

ਮਾਰਕਸਵਾਦ ਦੀ ਵਿਆਪਕਤਾ ਅਤੇ ਅਥਾਹ ਸ਼ਕਤੀ ਤੋਂ ਬੁਰਜੂਆ ਜਗਤ ਦਾ ਭੈ ਭੀਤ ਹੋਣਾ ਕੋਈ ਅਸੁਭਾਵਕ ਨਹੀਂ, ਕਿਉਂਕਿ ਮਾਰਕਸਵਾਦ ਸਮਾਜਕ ਵਿਕਾਸ ਦੇ ਇਤਿਹਾਸਕ ਪੜਾਵਾਂ ਦਾ ਵਿਗਿਆਨਕ ਵਿਸ਼ਲੇਸ਼ਨ ਕਰਕੇ ਬੁਰਜੂਆ ਰਾਜ ਦੇ ਅਟੱਲ ਖਾਤਮੇ ਦੀ ਭਵਿਖਬਾਣੀ ਕਰਦਾ ਹੈ। ਅਤੇ ਮਹਿਜ਼ ਭਵਿਖਬਾਣੀ ਨਾ ਕਰਕੇ ਉਹ ਪ੍ਰੋਲਤਾਰੀਆਂ ਦੀ ਬੁਰਜੂਆਜ਼ੀ ਉਤੇ ਇਤਿਹਾਸਕ ਜਿੱਤ ਲਈ ਪ੍ਰੋਤਸਾਹਨ ਵੀ ਦਿੰਦਾ ਹੈ। ਬੁਰਜੂਆ ਹਾਕਮ ਵਰਗ ਜਿਥੇ ਆਪਣੀ ਅੰਤਿਮ ਹੋਣੀ ਨੂੰ ਟਾਲਣ ਲਈ ਸੈਨਿਕ ਦਮਨ ਦੇ ਹੋਰ ਸਭ ਹੀਲੇ ਵਰਤਦੇ ਹਨ ਉਥੇ ਉਹ ਮਾਰਕਸਵਾਦੀ ਵਿਚਾਰਧਾਰਾ ਨੂੰ ਗੰਧਲਾ ਕਰਨ ਲਈ ਵੀ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਹਨ। ਪੂੰਜੀਪਤੀ ਤੇ ਸਾਮਰਾਜਵਾਦੀ ਦੇਸ਼ਾਂ ਵਿਚ ਮਾਰਕਸਵਾਦ ਦੇ ਨਾਉਂ ਉਪਰ ਹੀ ਅਸਲੋਂ ਗੈਰ ਮਾਰਕਸਵਾਦੀ ਲਿਖਤਾਂ ਬਹੁਤ ਵੱਡੀ ਗਿਣਤੀ ਵਿਚ ਤਿਆਰ ਕੀਤੀਆਂ ਤੇ ਪਰਸਾਰੀਆਂ ਜਾ ਰਹੀਆਂ ਹਨ।

ਇਹਨਾਂ ਹਾਲਤਾਂ ਵਿਚ ਇਹ ਜ਼ਰੂਰੀ ਹੈ ਕਿ ਮਾਰਕਸਵਾਦ ਦੀਆਂ ਕਲਾਸਕੀ ਲਿਖਤਾਂ ਦਾ ਵਿਸ਼ਾਲਤਰ ਤੇ ਡੂੰਘੇਰਾ ਅਧਿਐਨ ਹੋਵੇ। ਇਸ ਤਰ੍ਹਾਂ ਨਾ ਕੇਵਲ ਮਾਰਕਸਵਾਦ ਦੇ ਦੋਖੀਆਂ ਵਲੋਂ ਪਾਏ ਗੰਧਲ ਨੂੰ ਦੂਰ ਕੀਤਾ ਜਾ ਸਕਦਾ ਹੈ ਸਗੋਂ ਮਾਰਕਸਵਾਦ ਦੇ ਮੂਲ ਮਸਲਿਆਂ ਬਾਰੇ ਵਿਵਾਦ ਗ੍ਰਸਤ ਨੁਕਤਿਆਂ ਦਾ ਸਪਸ਼ਟੀਕਰਨ ਵੀ ਹੋ ਸਕਦਾ ਹੈ। ਪਰ ਕਲਾਸਕੀ ਮਾਰਕਸੀ ਲਿਖਤਾਂ ਵਧੇਰੇ ਕਰਕੇ ਜਰਮਨ, ਰੂਸੀ, ਜਾਂ ਫਿਰ ਅੰਗਰੇਜ਼ੀ ਭਾਸ਼ਾ ਵਿਚ ਹਨ। ਸਪਸ਼ਟ ਹੈ ਕਿ ਕੇਵਲ ਇਹਨਾਂ ਜ਼ਬਾਨਾਂ ਰਾਹੀਂ ਹੀ ਇਹਨਾਂ ਲਿਖਤਾਂ ਦੀ ਸੰਸਾਰ ਦੇ ਵਿਭਿੰਨ ਖੰਡਾਂ ਵਿਚ ਪਹੁੰਚ ਨਹੀਂ ਹੋ ਸਕਦੀ। ਇਸ ਲਈ ਵਿਭਿੰਨ ਭਾਸ਼ਾਵਾਂ ਵਿਚ ਇਹਨਾਂ ਕਲਾਸਕਾਂ ਦੇ ਅਨੁਵਾਦ ਦੀ ਲੋੜ ਵਧ ਜਾਂਦੀ ਹੈ। ਸਾਡੀ ਜ਼ਬਾਨ ਵਿਚ ਮਾਰਕਸੀ ਕਲਾਸਕਾਂ ਦੇ ਇੱਕੜ ਦੁਕੜ ਅਨੁਵਾਦ ਕਾਫੀ ਦੇਰ ਤੋਂ ਹੁੰਦੇ ਆ ਰਹੇ ਹਨ। ਪਰ ਪਿਛਲੇ ਕੁਝ ਸਮੇਂ ਵਿਚ ਪੰਜਾਬ ਬੁਕ ਸੈਂਟਰ ਨੇ ਇਹ ਕਾਰਜ ਕਾਫੀ ਵਡੇਰੇ ਪੱਧਰ ਉਤੇ ਨਿਭਾਉਣ ਦਾ ਯਤਨ ਕੀਤਾ ਹੈ। ਇਸ ਅਦਾਰੇ ਨੇ ਅਨੁਵਾਦ ਤਾਂ ਹੋਰ ਵੀ ਬਹੁਤ ਤਿਆਰ ਕਰਵਾਏ ਹਨ ਪਰ ਬੁਨਿਆਦੀ ਮਾਰਕਸੀ ਲਿਖਤਾਂ ਨੂੰ ਪੰਜਾਬੀ ਵਿਚ ਪੇਸ਼ ਕਰਨ ਦਾ ਇਸਦਾ ਯਤਨ ਨਿਰਸੰਦੇਹ ਸਲਾਹੁਣ ਯੋਗ ਹੈ। ਸਾਡੇ ਵਿਚਾਰ ਅਧੀਨ ਦੋ ਨਿੱਕੀਆਂ ਪੁਸਤਕਾਂ ਕਾਰਲ ਮਾਰਕਸ ਲਿਖਤ 'ਲੂਈ ਬੋਨਾਪਾਰਟ ਦੀ ਅਠਾਰਵੀ ਬਰੂਮੇਰ' (ਪੰਨੇ 121, ਮੁੱਲ

ਤਿੰਨ ਰੁਪੈ ਪੰਝੀ ਪੈਸੇ) ਅਤੇ ਪਲੈਖਾਨੋਵ ਦੀ ਲਿਖੀ "ਮਾਰਕਸਵਾਦ ਦੇ ਬੁਨਿਆਦੀ ਮਸਲੇ" (ਪੰਨੇ 108, ਮੁੱਲ ਦੋ ਰੁਪੈ) ਇਸੇ ਕੜੀ ਦੇ ਮਹੱਤਵਪੂਰਨ ਅਨੁਵਾਦ ਹਨ।

ਪਹਿਲੀ ਪੁਸਤਕ ਉਨੀਵੀਂ ਸਦੀ ਦੇ ਅੱਧ ਵਿਚ ਫਰਾਂਸ ਵਿਚ ਵਾਪਰੀਆਂ ਇਤਿਹਾਸਕ ਤਬਦੀਲੀਆਂ ਦਾ ਕਾਰਲ ਮਾਰਕਸ ਵਲੋਂ ਕੀਤਾ ਨਿਰਣਾ ਹੈ ਜੋ ਕੇਵਲ ਫਰਾਂਸ ਦੀਆਂ ਵਿਸ਼ੇਸ਼ ਘਟਨਾਵਾਂ ਤਕ ਸੀਮਿਤ ਨਾ ਰਹਿ ਕੇ ਵਿਭਿੰਨ ਸ਼੍ਰੇਣੀਆਂ ਦੇ ਇਤਿਹਾਸਕ ਕਾਰਜ ਕਰਮ ਦਾ ਨਕਸ਼ਾ ਵੀ ਹੈ। ਅਤੇ ਇਸ ਤਰ੍ਹਾਂ ਇਸ ਪੁਸਤਕ ਦਾ ਇਤਿਹਾਸਕ ਮਹੱਤਵ ਹੀ ਨਹੀਂ, ਤੱਤ ਕਾਲੀਨ ਮਹੱਤਵ ਵੀ ਹੈ। ਪਲੈਖਾਨੋਵ ਭਾਵੇਂ ਸੋਵੀਅਤ ਕ੍ਰਾਂਤੀ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸੀ ਸਕਿਆ ਪਰ ਉਹ ਇਕ ਸਿਰਕਢ ਮਾਰਕਸਵਾਦੀ ਚਿੰਤਕ ਸੀ, ਜਿਸਨੇ, ਖਾਸਕਰ ਆਪਣੇ ਜੀਵਨ ਦੇ ਪਹਿਲੇ ਵਰ੍ਹਿਆਂ ਵਿਚ ਮਾਰਕਸਵਾਦ ਦੀ ਸਵੱਛਤਾ ਨੂੰ ਬਣਾਈ ਰੱਖਣ ਲਈ ਤਕੜਾ ਸੰਘਰਸ਼ ਕੀਤਾ ਸੀ। ਵਿਚਾਰ ਅਧੀਨ ਪੁਸਤਕ ਉਸਦੇ ਇਸ ਜੋਗਦਾਨ ਨੂੰ ਦਰਸਾਉਂਦੀ ਹੈ। ਪਲੈਖਾਨੋਵ ਇਕ ਗਹਿਰ ਗੰਭੀਰ ਤੇ ਇਕ ਹੱਦ ਤਕ ਰੁੱਖਾ ਦਰਸ਼ਨਵੇਤਾ ਸੀ। ਇਸ ਲਈ ਉਸਦੀ ਲਿਖਤ ਵਿਚ ਤੱਥਾਂ ਦੀ ਤੇ ਟੂਕਾਂ ਦੀ ਭਰਮਾਰ ਹੈ ਜਿਨ੍ਹਾਂ ਦੁਆਰਾ ਉਹ ਆਪਣੇ ਵਿਚਾਰ ਨੂੰ ਬਹੁਤ ਪੱਕੇ ਤੇ ਮੰਨਣ ਯੋਗ ਰੂਪ ਵਿਚ ਦਰਸਾਉਂਦਾ ਹੈ। ਮਾਰਕਸ ਦੀ ਲਿਖਤ ਵਿਚ ਇਹ ਕੁਝ ਤਾਂ ਹੈ ਹੀ ਪਰ ਇਸ ਵਿਚ ਵਾਧਾ ਇਹ ਹੈ ਕਿ ਇਹ ਸ਼ੈਲੀਗਤ ਰੂਪ ਵਿਚ ਪਲੈਖਾਨੋਵ ਦੀ ਲਿਖਤ ਵਾਂਗ ਰੁੱਖੀ ਨਹੀਂ। ਅਜਿਹੀਆਂ ਲਿਖਤਾਂ ਦੇ ਅਨੁਵਾਦਕ ਕੋਲ ਦੋ ਗੁਣ ਹੋਣੇ ਜ਼ਰੂਰੀ ਹਨ : ਇਕ ਜ਼ਬਾਨ ਦੀ ਸਮਝ ਤੇ ਦੂਜਾ ਵਿਸ਼ੇ ਦੀ ਪਕੜ। ਜੇ ਇਹਨਾਂ ਦੋਨਾਂ ਵਿਚੋਂ ਕਿਸੇ ਇਕ ਪੱਖੋਂ ਵੀ ਅਨੁਵਾਦਕ ਕਮਜ਼ੋਰ ਹੋਵੇ ਤਾਂ ਅਨੁਵਾਦ ਵਿਚ ਅਰਥਾਂ ਦਾ ਅਨਰਥ ਹੋਣ ਦਾ ਡਰ ਰਹਿੰਦਾ ਹੈ। ਅਤੇ ਅਜਿਹਾ ਅਨਰਥ ਪੰਜਾਬੀ ਵਿਚ ਮਿਲਦੇ ਕਈ ਅਨੁਵਾਦਾਂ ਵਿਚ ਹੋਇਆ ਵੀ ਹੈ। ਪਰ ਖੁਸ਼ੀ ਦੀ ਗੱਲ ਹੈ ਕਿ ਇਹ ਦੋਵੇਂ ਪੁਸਤਕਾਂ ਇਸ ਦੋਸ਼ ਤੋਂ ਮੁਕਤ ਹਨ।

[ਰਘਬੀਰ ਸਿੰਘ]

## ਪੁਸਤਕ ਪ੍ਰਾਪਤੀ

1. ਜ਼ਿੰਦਗੀ [ਕਹਾਣੀ ਸੰਗ੍ਰਹਿ] ਜਸਵੰਤ ਸਿੰਘ ਵਿਰਦੀ
2. ਵਰਵਰੀਕ [ਕਾਵਿ ਸੰਗ੍ਰਹਿ] ਮੋਹਨਜੀਤ
3. ਬੇੜੀਆਂ ਤੇ ਬਾਦਬਾਨ [ਕਾਵਿ ਸੰਗ੍ਰਹਿ] ਸੰਪਾਦਕ : ਪ੍ਰਮਿੰਦਰਜੀਤ, ਸ਼ਹਰਯਾਰ
4. ਜਦੋਂ ਰੌਸ਼ਨੀ ਹੁੰਦੀ ਹੈ [ਦੋ ਇਕਾਂਗੀ] ਗੁਰਸ਼ਰਨ ਸਿੰਘ
5. ਕਲਸੀਆਂ ਲਹਿਰ ਦਾ ਇਕ ਆਗੂ—ਬਾਬਾ ਸੁੰਦਰ ਸਿੰਘ [ਜੀਵਨੀ] ਸੋਹਨ ਸਿੰਘ ਹੰਸ
6. ਛਾਤੀ ਉਤੇ ਵਗਦਾ ਸਮੁੰਦਰ [ਕਾਵਿ ਸੰਗ੍ਰਹਿ] ਅਜੀਤ ਸਿੰਘ ਚੰਦਨ
7. ਪੱਤਝੜ ਮਾਰੇ [ਕਹਾਣੀ ਸੰਗ੍ਰਹਿ[ ਸੁਰਿੰਦਰ ਰਾਮਪੁਰੀ
8. ਸਰਘੀ ਦਾ ਤਾਰਾ [ਨਾਵਲ] ਕਰਨੈਲ ਸਿੰਘ ਨਿੱਝਰ
9. ਫਾਂਸੀ ਦੇ ਤਖਤੇ ਤੋਂ, ਜੂਲੀਅਸ ਫਿਊਚਕ [ਅਨੁਵਾਦ : ਜਗੀਰ ਕਾਹਲੋਂ]
10. ਰਿਸ਼ਤੇ [ਨਾਵਲ] ਅਮਰਜੀਤ ਸਿੰਘ

## ਪੱਤਰ

ਪਿਆਰੇ ਰਘਬੀਰ,

ਇਸ ਬਾਰ ਤੇਰਾ ਸੰਪਾਦਕੀ ਬੜੀ ਸਿਆਣੀ ਤੇ ਗੰਭੀਰ ਲਿਖਤ ਹੈ। ਇਹਦੇ ਨਾਲ ਇਹ ਵੇਲੇ ਦੀ ਨਬਜ਼ ਵੀ ਹੈ। ਹੁਣ ਲੋੜ ਹੈ, ਇਹ ਬਹਿਸ ਛੇੜਨ ਦੀ। ਪਿਛਾਂਹ ਖਿਚੂ ਤੇ ਮੌਕਾ ਪ੍ਰਸਤ ਲੋਕ ਕੀ ਕਰਦੇ ਨੇ, ਵੇਖੋ, ਉਡੀਕੋ—ਦੇ ਉਲਟ ਹਰ ਮੌਕੇ 'ਤੇ ਸੱਟ ਮਾਰਨ 'ਤੇ ਹੋਣਾ ਚਾਹੀਦਾ ਹੈ। ਪੰਜਾਬੀ ਲੇਖਕਾਂ 'ਚ ਹਿੰਦੀ ਉਰਦੂ ਵਾਲੇ ਵੀ ਪਾ ਕੇ ਬਹੁ ਗਿਣਤੀ ਮੌਕਾ ਪ੍ਰਸਤਾਂ ਦੀ ਹੈ। ਉਹਦਾ ਵੱਡਾ ਕਾਰਨ ਸਾਡਾ ਜਮਾਤੀ ਖਾਸਾ ਹੈ ਤੇ ਉਸ ਤੋਂ ਵਧ ਹਾਕਮ ਸ਼੍ਰੇਣੀ ਵਲੋਂ ਨਵੇਂ ਮੌਕੇ ਪੈਦਾ ਕਰਨੇ ਤੇ ਪ੍ਰਲੋਭਣ ਦੇਣ ਦੀ ਸੂਝ (ਹੁਸ਼ਿਆਰੀ) ਹੈ। ਸਭ ਤੋਂ ਵਧ ਤਿਲਕਣ ਗਭਲੇ ਤੇ ਉਦੋਂ ਹੇਠਾਂ ਦੇ ਤਬਕੇ ਦੇ ਪੈਰਾਂ ਹੇਠ ਹੁੰਦੀ ਹੈ। ਤੇ ਸਾਡੇ ਵਿਚੋਂ ਬਹੁਤੇ ਤਿਲਕਣ 'ਤੇ ਨੇ ਜਿਨ੍ਹਾਂ 'ਚ ਮੈਂ ਵੀ ਸ਼ਾਮਲ ਹਾਂ।

ਹੁਣ ਪ੍ਰਯੋਗਵਾਦ ਦਾ ਮੁਰਦਾ ਉਠ ਨਹੀਂ ਸਕਦਾ। ਕਿਉਂਕਿ ਉਹਨੂੰ ਸੁਰਜੀਤ ਕਰਨ ਵਾਲਿਆਂ 'ਚ ਜਾਨ ਨਹੀਂ।—ਹੁਣ ਖਤਰਾ ਝੂਠੇ ਪ੍ਰਗਤੀਵਾਦ ਤੇ ਕ੍ਰਾਂਤੀਵਾਦ ਦਾ ਹੈ। ਉੱਚੇ ਸਰਕਾਰੀ ਅਧਿਕਾਰੀ, ਯੂਨੀਵਰਸਿਟੀਆਂ ਦੇ ਵਿਚ ਕੁਰਸੀਆਂ ਦੀ ਲੜਾਈ 'ਚ ਸਾਹਿਤ ਨਾਲੋਂ ਵਧ ਦਿਲਚਸਪੀ ਰਖਣ ਵਾਲੇ ਵਿਦਵਾਨ ਮਸਖਰਿਆਂ ਵਰਗੀਆਂ ਗੱਲਾਂ ਤੇ ਹਰਕਤਾਂ ਕਰਨਗੇ। ਜਿਵੇਂ ਕਿ ਅਜਕਲ......ਠੂਠੇ ਫੜੀ ਫਿਰਦੇ ਨੇ।

'ਸਾਡਾ ਬਾਬਾ ਸ਼ਰਨਾਰਥੀ ਹੋ ਗਿਆ', (ਮੇਜਰ ਇਸਹਾਕ ਮੁਹੰਮਦ) ਦਾ ਲੇਖ ਮੈਂ ਬੜੀ ਦਿਲਚਸਪੀ ਤੇ ਨੀਝ ਨਾਲ ਪੜ੍ਹਿਆ ਸੀ—ਇਸ ਲੇਖ ਤੋਂ ਇਕ ਸਿੱਟਾ ਤਾਂ ਇਹ ਨਿਕਲਦਾ ਹੈ ਕਿ ਪੂਰਬੀ ਤੇ ਪਛਮੀ ਪੰਜਾਬ ਭਾਸ਼ਾ ਤੇ ਕਲਚਰ ਦੇ ਪਖੋਂ ਕਿੰਨੇ ਦੂਰ ਦੂਰ ਹੋ ਗਏ ਨੇ। ਪੰਜਾਬੀ ਸਾਹਿਤਕਾਰਾਂ 'ਚੋਂ 90 ਫੀਸਦੀ (ਪ੍ਰਤੀਸ਼ਤ) ਇਹਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕਣਗੇ।—ਇਹ ਗੱਲ ਕੋਈ ਬਹੁਤ ਦੁਖੀ ਹੋਣ ਵਾਲੀ ਨਹੀਂ। ਦੋ ਦੇਸ਼ਾਂ (ਜਿਸ ਅਧਾਰ 'ਤੇ ਵੰਡ ਹੋਈ) ਇਸੇ ਤਰ੍ਹਾਂ ਦੂਰ ਹੋਣਾ ਸੀ। ਪੂਰਬੀ ਪੰਜਾਬੀ ਨੇ ਵਧ ਤੋਂ ਵਧ ਹਿੰਦੀ ਸੰਸਕ੍ਰਿਤ ਤੇ ਹੋਰ ਭਾਰਤੀ ਭਾਸ਼ਾਵਾਂ ਦੇ ਨੇੜੇ ਹੋਣਾ ਹੈ ਤੇ ਪਛਮੀ ਪੰਜਾਬ ਦੀ ਭਾਸ਼ਾ ਨੇ ਮਜ਼੍ਹਬ ਤੇ ਸਿਆਸਤ ਦੇ ਆਧਾਰ 'ਤੇ (ਭੂਗੋਲਕ ਸਥਿਤੀ ਤੇ ਇਤਿਹਾਸ ਦੇ ਆਧਾਰ 'ਤੇ ਨਹੀਂ) ਫਾਰਸੀ ਤੇ ਅਰਬੀ ਦੇ ਨੇੜੇ ਜਾਣਾ ਹੈ।

ਇਸ ਲੇਖ ਬਾਰੇ ਦੂਜੀ ਗੱਲ ਉਸ ਸੋਚ ਦੀ ਹੈ ਜਿਹੜੀ ਭਾਵੁਕਤਾ ਦੇ ਨੇੜੇ ਹੋ ਜਾਵੇ ਤਾਂ ਰੋਗੀ, ਦਲੀਲ ਦੇ ਨੇੜੇ ਹੋ ਜਾਵੇ ਤਾਂ ਸੁਆਸਥ ਹੋ ਜਾਂਦੀ ਹੈ। ਪਾਕਿਸਤਾਨੀ ਪੰਜਾਬੀ ਸਾਹਿਤ ਬਾਰੇ ਸਾਡੇ ਬਹੁਤੇ ਲੇਖਕ ਰੋਗੀ ਸੋਚ 'ਚ ਫਸੇ ਹੋਏ ਨੇ। ਜਿਨ੍ਹਾਂ 'ਚ ਤੇਰਾ ਬਾਸ ਅਤਰ ਸਿੰਘ ਤੇ ਚੀਨੀ ਘੋੜੀ ਵਾਲਾ ਜਗਤਾਰ ਪਪੀਹਾ ਵੀ ਸ਼ਾਮਲ ਨੇ। ਪਰ ਉਹ ਇਸ ਰੋਗ 'ਚੋਂ ਕੁਝ ਖਟ ਲੈਣਗੇ, ਕਈ ਅਣਭੋਲ ਵਿਚਾਰੇ ਫਸ ਜਾਣਗੇ।

ਮੇਜਰ ਇਸਹਾਕ ਜਿਹੜੇ ਵਾਰਿਸ ਤੇ ਰਾਂਝੇ ਦੀ ਗੱਲ ਕਰਦਾ ਹੈ ਉਹ ਬੀਤੀ ਸਦੀ ਦੀ ਗੱਲ

ਹੈ। ਹੁਣ ਦੇ ਸਮੇਂ 'ਚ ਇਹ ਗੱਲ ਕਰਨ ਵਾਲਾ ਬੁਢਾ ਜਾਂ ਬੱਚਾ ਲਗਦਾ ਹੈ। ਇਹ ਭਾਵਨਾ ਦੇ ਆਧਾਰ 'ਤੇ ਖੜੀ ਐਸੀ ਗੱਲ ਹੈ ਕਿ ਕੁਝ ਪਲ ਲਈ ਦੋਹਾਂ ਪੰਜਾਬਾਂ ਨੂੰ ਨੇੜੇ ਹੋਣ ਦਾ ਸੁਝਾਉ ਤਾਂ ਦੇਂਦੀ ਹੈ, ਪਰ ਕੋਈ ਆਧਾਰ ਨਹੀਂ ਦੱਸਦੀ।

ਇਹਦੇ ਬਾਰੇ ਇਕ ਗੱਲ ਹੋਰ—ਮੇਜਰ ਇਸਹਾਕ ਪੰਜਾਬੀ ਨਾਲ ਸਾਡਾ ਪਿਆਰ ਉਸੇ ਤਰ੍ਹਾਂ ਜਗਾਉਂਦਾ ਹੈ ਜਿਸ ਤਰ੍ਹਾਂ ਬੰਗਲਾ ਦੇਸ਼ੀਆਂ 'ਚ ਜਾਤੀ (ਰਾਸ਼ਟਰ) ਦੇ ਨਾਂ 'ਤੇ ਜਗਾਇਆ ਗਿਆ ਸੀ। ਜਿਵੇਂ ਤਾਮਲਨਾਡ 'ਚ ਨਸਲ ਦੇ ਨਾਂ 'ਤੇ ਜਗਾਇਆ ਜਾਂਦਾ ਹੈ। ਬੰਗਾਲੀ ਲੋਕ ਜਾਤੀ ਸ਼ਬਦ ਬੰਗਲਾ ਰਾਸ਼ਟਰ ਲਈ ਵਰਤਦੇ ਨੇ। ਬੰਗਾਲੀ ਮਜ਼ਦੂਰ ਪੰਜਾਬੀ ਮਜ਼ਦੂਰ ਦੇ ਨਾਲ ਰਹਿਣ ਨਾਲੋਂ ਬੰਗਾਲੀ ਸੇਠ ਦੇ ਪੈਰਾਂ 'ਚ ਬਹਿਣਾ ਵਧ ਪਸੰਦ ਕਰਦਾ ਹੈ। ਇਹੀ ਗੱਲ ਕੇਰਲ ਦੇ ਲੋਕਾਂ ਦੀ ਹੈ। ਇਹ ਇਲਾਕੇ, ਆਪਣੀ ਭਾਸ਼ਾ, ਆਪਣੇ ਕਲਚਰ ਦਾ ਪਿਆਰ ਮਾਨਸਿਕ ਰੋਗ ਬਣ ਗਿਆ ਹੈ।—ਮੈਨੂੰ ਤਾਂ ਜਿਸ ਤਰ੍ਹਾਂ ਆਪਣੀ ਭਾਸ਼ਾ, ਆਪਣੇ ਕਲਚਰ 'ਤੇ ਪਿਆਰ ਆਉਂਦਾ ਹੈ, ਉਹਦੇ ਵਰਗਾ ਹੀ ਹਿਮਾਚਲੀ, ਹਰਿਆਣਵੀ; ਸਿੰਧੀ, ਰਾਜਿਸਥਾਨੀ 'ਤੇ ਵੀ ਆਉਂਦਾ ਹੈ। ਇਹ ਦੂਜੀ ਗੱਲ ਹੈ ਕਿ ਆਪਣਾ ਮੇਰੇ ਅੰਗ ਸੰਗ ਹੈ ਤੇ ਦੂਜਾ ਜ਼ਰਾ ਪਰੇ।

ਪ੍ਰੇਮ ਪ੍ਰਕਾਸ਼ [ਜਲੰਧਰ]

ਪ੍ਰਗਤੀਵਾਦ ਸਹੀ ਅਰਥਾਂ ਵਿਚ ਕੋਈ ਵਾਦ ਨਹੀਂ ਸੀ। ਇਸ ਲਹਿਰ ਨਾਲ ਸੰਬੰਧ ਰਖਣ ਵਾਲੇ ਬੇਸ਼ਤਰ ਸਾਹਿਤਕਾਰ ਸਮਾਜਵਾਦੀ ਯਥਾਰਥਵਾਦ ਨੂੰ ਆਪਣਾ ਜੀਵਨ ਪ੍ਰਗਟਾ ਢੰਗ ਮੰਨਦੇ ਸੀ। ਇਸ ਲਹਿਰ ਵਿਚ ਬਹੁਤ ਸਾਰੇ ਇਸ ਤਰ੍ਹਾਂ ਦੇ ਸਾਹਿਤਕਾਰ ਵੀ ਆ ਗਏ ਜੋ ਅਚੇਤ ਹੀ ਸਮਾਜ਼-ਵਾਦੀ ਯਥਾਰਥਵਾਦ ਤੋਂ ਤ੍ਰਹਿੰਦੇ ਸੀ ਇਸ ਲਈ ਲਹਿਰ ਵਿਚ ਫਰੰਟ ਵਰਗਾ ਮਾਹੌਲ ਰਖਣ ਲਈ ਲਹਿਰ ਨੂੰ ਪ੍ਰਗਤੀਵਾਦੀ ਆਖਿਆ ਗਿਆ। ਬਾਕੀ ਪ੍ਰਯੋਗਵਾਦ ਸਮਾਜਵਾਦੀ ਯਥਾਰਥਵਾਦ ਦੇ ਸ਼ਿਜਰੇ ਵਿਚ ਕਿਤੇ ਨਹੀਂ ਆਉਂਦਾ। ਇਹ ਸਾਡੀ ਧਰਤੀ ਵਾਸਤੇ ਹਾਲੀ ਓਪਰਾ ਹੈ ਤੇ ਸਾਡੀ ਮਿੱਟੀ ਵਿਚ ਹਾਲੀ ਇਸ ਦੀ ਨਸ਼ਵੋਨੁਮਾ ਦੇ ਤੱਤ ਬਹੁਤ ਘੱਟ ਹਨ। ਸਮਾਜਵਾਦੀ ਯਥਾਰਥਵਾਦ ਇਕ ਬਹੁਤ ਵਡਾ ਟਰੇਂਡ ਹੈ ਜਿਸ ਦੀਆਂ ਸੰਭਾਵਨਾਵਾਂ ਮੁਦਤਾਂ ਤਕ ਫਲਣ ਫੂਲਣਗੀਆਂ। ਬੁਰਜੂਆ ਕਲਚਰ ਦੇ ਹਨੇਰੇ ਵਿਚੋਂ ਕਈ ਵਾਦ ਜੰਮਣਗੇ ਅਤੇ ਮਰ ਜਾਣਗੇ, ਸਮਾਜਵਾਦੀ ਯਥਾਰਥ-ਵਾਦ ਤਾਜ਼ਾ ਦਮ ਹੁੰਦਾ ਰਹੇਗਾ। ਇਸ ਵਾਦ ਦਾ ਕੋਈ ਨਿਸਚਿਤ ਅਤੇ ਮਕੈਨਕੀ ਤਸੱਵਰ ਬਣਾਉਣਾ ਗਲਤ ਹੈ।

ਮੈਨੂੰ ਇਸ ਤਰ੍ਹਾਂ ਜਾਪਿਆ ਏ ਜਿਵੇਂ ਤੂੰ ਜੁਝਾਰ ਸਾਹਿਤ ਦੀ ਗੱਲ ਕਵਿਤਾ ਨੂੰ ਸਾਹਮਣੇ ਰਖਕੇ ਹੀ ਕਰਦਾ ਏਂ। ਕੀ ਕੁਝ ਜੁਝਾਰ ਕਹਾਣੀਆਂ, ਨਾਵਲ ਤੇ ਡਰਾਮੇ ਵੀ ਤੂੰ ਦੱਸ ਸਕਦਾ ਏਂ। ਦਰਅਸਲ ਪ੍ਰਯੋਗਵਾਦ ਵੀ ਸਾਡੇ ਹਾਲੀ ਨਾਵਲ ਵਿਚ ਨਹੀਂ ਢਲ ਸਕਦਾ। ਕਵਿਤਾ ਦੀਆਂ ਸਤਰਾਂ ਕੋਈ ਫਰਦ ਅਸਲੀਅਤ ਨਾਲੋਂ ਟੁਟ ਕੇ ਵੀ ਵਿੰਗੀਆਂ ਟੇਢੀਆਂ ਝਰੀਟ ਸਕਦਾ ਏ। ਇਨ੍ਹਾਂ ਸਭ ਨੂੰ ਵਾਦ ਉਦਣ ਮੰਨੀਂ ਜਿਸ ਦਿਨ ਇਹ ਵੱਡੀਆਂ ਨਾਵਲਾਂ ਪੈਦਾ ਕਰਨਗੇ। ਹਾਲੀ ਇਹ ਓਪਰਾਵਾਦ ਹੀ ਨੇ। ਜਿਹੜੀ ਤੂੰ ਕਲਾਸਕੀ ਅਹਿਮੀਅਤ ਦੇ ਸਾਹਿਤ ਵਾਸਤੇ ਨਾਸਾਜ਼ਗਾਰ ਹਾਲਾਤ ਦੀ ਗੱਲ ਕੀਤੀ ਇਹ ਬਾਹਲੀ ਠੀਕ ਨਹੀਂ। ਪੰਜਾਬੀਆਂ ਦਾ ਕਜ਼ਾਕ ਕਿਰਦਾਰ, ਪੰਜਾਬ ਦੇ ਥੇਹਾਂ ਖੇੜਿਆਂ ਦੀ Ancient look, ਇਸ ਦੀ ਮਿੱਟੀ ਦੀ ਇਨਫਰਾਦੀਅਤ ਅਤੇ ਕਲਚਰ ਦੀ ਪੰਜਾਬੀ-ਅਤ ਬਹੁਤ ਵਡੀਆਂ ਕਹਾਣੀਆਂ ਪੈਦਾ ਕਰ ਸਕਦੀ ਸੀ। ਹਾਲੀਂ ਵੀ ਸ਼ਫਕ ਦੇ ਰੰਗ ਬਾਕੀ ਨੇ

ਜਿਸ ਵਿਚੋਂ ਪੰਜਾਬ ਨੂੰ ਚਿਤਰਿਆ ਤੇ ਅਮਰ ਕੀਤਾ ਜਾ ਸਕਦਾ ਏ। ਏਨੇ ਕਿੱਸੇ ਨੇ ਏਨੀਆਂ ਗੱਲਾਂ ਨੇ ਜੋ ਕਯਾਮਤ ਤਕ ਚਲ ਸਕਦੀਆਂ ਨੇ।

ਗੁਰਦੀਪ, [ਡੋਈਵਾਲਾ ਡਿਹਰਾਦੂਨ]

ਜੁਲਾਈ-ਸਤੰਬਰ ਪਰਚੇ ਦੀ ਸੰਪਾਦਕੀ ਜ਼ਿਆਦਾ ਚੰਗੀ ਹੁੰਦੀ ਜੇ ਆਧਾਰ ਭੂਤ ਕਾਰਨਾਂ ਦੀ ਸੋਝੀ ਵੀ ਹੋ ਜਾਂਦੀ ਤਾਂ। ਪ੍ਰਯੋਗਵਾਦ ਦੀ ਵਿਆਖਿਆ ਤੁਸਾਂ ਖੂਬ ਕੀਤੀ ਹੈ ਪਰ ਜੇ ਇਹ ਸਤਰਾਂ ਵੀ ਨਾਲ ਹੁੰਦੀਆਂ 'ਪ੍ਰਯੋਗਵਾਦ ਇਕ ਬੁਲਬੁਲਾ ਸੀ ਜੋ ਫਟ ਗਿਆ ਤੇ ਪ੍ਰਯੋਗਵਾਦੀਆਂ ਨੇ ਬਚਿਆਂ ਵਾਂਗ ਟੁੱਟੇ ਹੋਏ ਬੁਲਬੁਲੇ ਦੀ ਮਟਾਂਡੀ ਬਣਾਕੇ ਆਪਣਾ ਮਨ-ਪਰਚਾਉਣ ਦਾ ਅਸਫਲ ਜਿਹਾ ਯਤਨ ਕੀਤਾ ਸੀ। ਪਰ ਖੈਰ......'

ਪਰਚਾ ਸਾਰੇ ਦਾ ਸਾਰਾ ਪਸੰਦ ਆਇਆ। ਜੋਗਾ ਸਿੰਘ ਦੀ ਮਜਬੂਰੀ ਬਣੀ ਰਹੇ ਤੇ ਉਹ ਚੰਗੀ ਕਵਿਤਾ ਲਿਖਦਾ ਰਹੇ। ਨਾਂ ਉਸ ਦਾ ਪਤਾ ਨਹੀਂ ਮੁਖਤਾਰ ਗਿੱਲ ਹੈ ਜਾਂ ਮੁਖਤਿਆਰ ਗਿੱਲ ਕਹਾਣੀ ਬਹੁਤ ਨਰੋਈ ਸੀ। ਗ. ਸ. ਰਿਆਲ ਦਾ ਸੱਤ ਸਫਿਆਂ ਦਾ ਲੇਖ ਭਾਸ਼ਾ ਵਿਗਿਆਨੀਆਂ ਵਾਸਤੇ ਤਾਂ ਲਾਭਦਾਇਕ ਸਿੱਧ ਹੋ ਸਕਦੈ ਪਰ ਸਾਧਾਰਣ ਪਾਠਕ ਨੂੰ ਇਸ ਦਾ ਕੋਈ ਲਾਭ ਨਹੀਂ। ਪੁਸਤਕ-ਚਰਚਾ ਵਧੀਆ ਕਾਲਮ ਹੈ। ਤੇਜਵੰਤ ਗਿੱਲ ਨੇ ਲੇਖ 'ਚ ਜੇ ਗੱਲ ਹੇਠਲੇ ਪੱਧਰ 'ਤੇ ਆਕੇ ਕੀਤੀ ਹੁੰਦੀ ਤਾਂ ਵਧੀਆ ਗੱਲ ਹੋਣੀ ਸੀ। ਇਉਂ ਲਗਿਆ ਜਿਵੇਂ ਰਸੀਦੀ ਟਿਕਟ ਦੀ ਜਾਂ ਅੰਮ੍ਰਿਤਾ-ਪ੍ਰੀਤਮ ਦੀ ਗੱਲ ਨਾ ਕਰਕੇ ਉਹ ਐਵੇਂ ਹਵਾ 'ਚ ਸੋਟੇ ਮਾਰੀ ਜਾਂਦਾ ਹੋਵੇ। ਸੱਜਾਦੇ ਦਾ ਜ਼ਿਕਰ ਕਰਦਾ ਹੋਇਆ ਸੱਜਾਦ ਜ਼ਹੀਰ ਨੂੰ ਹੈਦਰ ਹੀ ਦੱਸੀ ਜਾਂਦੈ। ਸ਼ਬਦ ਕਾਵਿ-ਪਰੀ ਤੇ 'ਹੂਰਾਂ-ਪਰੀ' ਪਤਾ ਨਹੀਂ ਕਿਥੋਂ ਡਿੱਕੇ ਚੜ੍ਹ ਗਏ-ਗਿੱਲ ਸਾਹਿਬ ਨੇ ਇਨ੍ਹਾਂ ਸ਼ਬਦਾਂ ਨਾਲ ਵੀ ਧੱਕਾ ਕੀਤੈ। ਸੁਰਜੀਤ ਗਿੱਲ ਦੇ ਲੇਖ ਦੀ ਪ੍ਰਸ਼ੰਸਾ ਕਰਨੀ ਹੈ ਪਰ ਕਰਦਾ ਨਹੀਂ ਕਿਉਂਕਿ ਪਾਠਕ ਇਹ ਨਾ ਸਮਝਣ ਕਿ 'ਸਿਰਜਣਾ' 'ਚ ਬੱਸ ਗਿੱਲ ਈ ਛਪਦਾ ਐ।

'ਡੰਮ੍ਹ' ਕਹਾਣੀ ਦੀ ਤਾਰੀਫ ਮੈਂ ਵਿਚਾਲੇ ਜਾਣ ਬੁੱਝ ਕੇ ਨਹੀਂ ਕੀਤੀ ਕਿ ਕਿਧਰੇ ਰੁਲ ਨਾ ਜਾਵੇ। ਕਹਾਣੀ ਬਹੁਤ ਚੰਗੀ ਸੀ। ਪਰ ਜੇ ਸੰਧੂ 'ਸਾਹਿਬ' ਨਾਵਲ ਲਿਖ ਲਿਆ ਕਰਨ ਤਾਂ ਕੀ ਹਰਜ ਐ। ਅਜਿਹੇ ਲੇਖਕ ਲਈ ਨਾਵਲ ਲਿਖਣਾ ਕੋਈ ਔਖਾ ਨਹੀਂ।

ਸਵਿਤੋਜ [ਪੰਜਾਬੀ ਯੂਨੀਵਰਸਿਟੀ, ਪਟਿਆਲਾ]

ਵਰਿਆਮ ਦੀ ਕਹਾਣੀ ਸਮੁੱਚੇ ਤੌਰ 'ਤੇ ਬਹੁਤ ਵਧੀਆ ਹੈ। ਇਸਨੂੰ ਪੰਜਾਬੀ ਦੀਆਂ ਵਧੀਆ ਕਹਾਣੀਆਂ 'ਚ ਸ਼ਾਮਲ ਕੀਤਾ ਜਾ ਸਕਦਾ ਹੈ। ਗੱਲ ਤਾਂ ਪਰਖਣ ਵਾਲੀ ਇਹੀਂ ਹੁੰਦੀ ਹੈ ਕਿ ਵਿਸ਼ੇ ਨੂੰ ਵਿਗਿਆਨਕ ਸੱਚ ਨਾਲ ਨਿਭਾਉਣਾ ਅਤੇ ਕਲਾ ਦਾ ਪੱਲੂ ਵੀ ਨਾ ਛੱਡਣਾ। ਸਾਡੇ ਵਧੀਆ ਕਹਾਣੀਕਾਰ ਵਰਿਆਮ ਨੂੰ ਏਡੀ ਚੰਗੀ ਕਹਾਣੀ ਲਈ ਵਧਾਈ। ਪ੍ਰੋਗ੍ਰੈਸਿਵ ਰਾਈਟਰਜ਼ ਐਸੋਸੀਏਸ਼ਨ (ਬਰੈਡਫੋਰਡ ਬਰਾਂਚ) ਦੀ ਅਗਲੀ ਮੀਟਿੰਗ 'ਚ ਇਹ ਸੁਣਾਵਾਂਗਾ। ਮੇਜਰ ਇਸਹਾਕ ਦਾ ਵਾਰਿਸ ਸ਼ਾਹ ਬਾਰੇ ਲੇਖ ਬਹੁਤ ਦਿਲਚਸਪ, ਮੌਲਿਕ ਅਤੇ ਖ਼ੁਦਗ਼ਰਜ਼ ਸਿਆਸਤਦਾਨਾਂ ਅਤੇ ਧਰਮ ਦੇ ਠੇਕੇਦਾਰਾਂ ਦੇ ਮੂੰਹਾਂ 'ਤੇ ਚੰਗੀ ਕਰਾਰੀ ਤੇ ਜਾਇਜ਼ ਚਪੇੜ ਹੈ। ਪਰ ਮੈਨੂੰ ਜਾਪਦਾ ਹੈ ਜਿਵੇਂ ਵਾਰਿਸ ਸ਼ਾਹ ਦੀ ਪਹੁੰਚ ਵਿਚੋਂ ਵਿਰੋਧਾਂ, ਅੰਤਰ ਵਿਰੋਧਾਂ ਨੂੰ ਲੱਭ ਉਹਦੀ ਪਹੁੰਚ ਨੂੰ ਡਾਇਲੈਕਟਿਕਸ ਦੇ ਨੁਕਤੇ ਤੋਂ ਵੀ ਸਹੀ ਸਿਧ ਕਰਨਾ ਕੁਝ ਅਤਿ-ਕਥਨੀ ਹੈ ਅਤੇ ਵਾਰਿਸ ਸ਼ਾਹ ਦਾ ਜਲੰਧਰ ਆ ਕੇ ਵਸ ਜਾਣਾ ਵੀ ਮੇਜਰ ਇਸਹਾਕ ਹੋਰਾਂ ਦੀ ਸਾਡੇ ਵਲ ਦੇ ਪੰਜਾਬ ਬਾਰੇ ਠੀਕ ਵਾਕਫ਼ੀ ਵਾਲਾ ਸਿੱਟਾ

ਨਹੀਂ ਹੈ । ਇਧਰ ਵੀ ਵਾਰਿਸ ਸ਼ਾਹ ਨਾਲ ਕੋਈ ਚੰਗਾ ਸਲੂਕ ਨਹੀਂ ਕੀਤਾ ਜਾਂਦਾ ।

ਸਰਕਾਰੀ ਤੌਰ 'ਤੇ ਬਾਬੇ ਵਾਰਿਸ ਨੂੰ ਮੂੰਹ ਰਖਣੀ ਤੋਂ ਵਧ ਕਦੀ ਕੁਝ ਨਹੀਂ ਦਿਤਾ ਗਿਆ। ਵਾਰਿਸ ਦੇ ਆਹਲੂਵਾਲੀਏ ਵਰਗੇ ਵਾਰਿਸ ਕਵੀ ਨੇ ਤਾਂ ਚੰਡੀਗੜ੍ਹ ਦੀ ਸਾਹਿਤ ਸਭਾ ਦੀ ਇਕ ਮੀਟਿੰਗ ਵਿਚ ਇਥੋਂ ਤਕ ਵੀ ਨਿਚੋੜ ਕਢਕੇ ਰਖ ਦਿਤਾ ਸੀ—ਲੋਕ ਐਵੇਂ ਵਾਰਿਸ ਸ਼ਾਹ, ਵਾਰਿਸ ਸ਼ਾਹ ਕਰੀ ਜਾਂਦੇ ਨੇ। ਉਹਦੀ ਕਵਿਤਾ ਲੋਕਾਂ ਨੂੰ ਸਮਝ ਹੀ ਨਹੀਂ ਆ ਸਕਦੀ—ਕਿੰਨੇ ਕੁ ਲੋਕ ਨੇ ਜਿਹੜੇ 'ਜ਼ੁਹਦ' ਸ਼ਬਦ ਦੇ ਅਰਥ ਦੱਸ ਸਕਦੇ ਨੇ। (ਮੈਂ ਇਸ ਮੀਟਿੰਗ ਵਿਚ ਹਾਜ਼ਰ ਸਾਂ)

ਇਹਨਾਂ ਗੱਲਾਂ ਦਾ ਹਰਗਿਜ਼ ਇਹ ਮਤਲਬ ਨਹੀਂ ਕਿ ਲੇਖ ਨੁਕਸਦਾਰ ਹੈ । ਇਸਹਾਕ ਦਾ ਲੇਖ ਇਸ ਵਾਰ ਦੀ ਸਿਰਜਣਾ ਦਾ ਸ਼ਿੰਗਾਰ ਹੈ। ਮੇਰੇ ਇਤਰਾਜ਼ ਨੂੰ ਚੰਗੀ ਚੀਜ਼ ਨੂੰ ਹੋਰ ਵੀ ਚੰਗੀ ਦੇਖਣ ਦੀ ਰੀਝ ਦਾ ਸੂਚਕ ਸਮਝਣਾ ਚਾਹੀਦਾ ਹੈ। ਸਾਡੇ ਯਾਰ ਗਿੱਲ ਦਾ ਲੇਖ ਹਮੇਸ਼ਾ ਵਾਂਗ ਵਧੀਆ ਹੈ। ਏਹ ਸਾਡਾ ਨਿਡਰ ਤੇ ਲੱਕੜ ਕਾਮਰੇਡ ਹੈ। ਕਿਸੇ ਨੂੰ ਨਹੀਂ ਬਖ਼ਸ਼ਦਾ, ਨਾ ਕਦੀ ਉਪਭਾਵੁਕ ਹੁੰਦਾ ਹੈ। ਹੁੰਦਲ ਦੀ ਗ਼ਜ਼ਲ ਜਨੂੰਨ ਵਾਲਿਆਂ ਲਈ ਉਤਸ਼ਾਹ ਦਾ ਸੋਮਾ ਹੈ। ਪੰਜਾਬੀ ਕਵਿਤਾ ਨੇ ਪ੍ਰਗਤੀਵਾਦ ਤੋਂ ਪ੍ਰਯੋਗਵਾਦ, ਅਤਿਵਾਦ, ਆਧੁਨਿਕਵਾਦ ਤਕ ਦਾ ਸਫ਼ਰ ਕੀਤਾ ਹੈ। ਸਾਡੇ ਸਾਰਿਆਂ ਲਈ ਕੇਡੇ ਮਾਣ ਦੀ ਗੱਲ ਹੈ ਕਿ ਹੁੰਦਲ ਸਦਾ ਠੀਕ ਰਿਹਾ ਹੈ।

ਰਘੁਬੀਰ ਢੰਡ [ਬਰੈਡਫੋਰਡ, ਯੂ. ਕੇ.]

ਤੁਸਾਂ ਪ੍ਰਯੋਗਵਾਦ ਨਾਲ ਵਧੀਆ ਕੀਤੀ ਹੈ। ਪਹਿਲੀਆਂ ਦੋਵੇਂ ਕਵਿਤਾਵਾਂ ਚੰਗੀਆਂ ਰਹੀਆਂ ਹਨ । ਡੰਮ੍ਹ ਚੰਗੀ ਹੈ, 'ਬੇਸਮਝੇ' ਤੋਂ ਚੰਗੀ, ਪਰ 'ਪਾਤਰ' ਦਾ ਆਪਣਾ ਹੀ ਸਥਾਨ ਹੈ। ਸੁਰਜੀਤ ਗਿੱਲ ਆਪਣੇ ਲੇਖ ਨਾਲ ਪੂਰੀ ਤਰ੍ਹਾਂ ਇਨਸਾਫ਼ ਨਹੀਂ ਕਰ ਸਕਿਆ, ਉਹ ਇਸ ਉੱਤੇ ਹੋਰ ਮਿਹਨਤ ਕਰਦਾ ਤਾਂ ਵਧੇਰੇ ਠੀਕ ਹੁੰਦਾ। ਕਿਸੇ ਨੇ ਕਿਹਾ ਸੀ ਕਿ ਰਘਬੀਰ ਸਿੰਘ ਦੀ ਮਾਰਕਸਵਾਦ ਨਾਲ ਪ੍ਰਤਿਬੱਧਤਾ ਸਿਰਜਣਾ ਦੇ ਸੰਪਾਦਕੀ ਤਕ ਹੀ ਸੀਮਤ ਰਹਿੰਦੀ ਹੈ, ਪਰ ਵਾਸਤਵ ਵਿਚ ਇਉਂ ਨਹੀਂ। ਇਹ **ਅੰਕ ਹੀ** ਵੇਖਿਆ ਜਾਵੇ ਤਾਂ ਅਸਲੀਅਤ ਸਾਹਮਣੇ ਆ ਜਾਂਦੀ ਹੈ । ਬਾਕੀ ਬੋਲੀ ਵਲੋਂ ਤੁਸਾਂ ਉਲਾਹਮਾ ਲਾਹ ਦਿੱਤਾ ਹੈ, ਇਸ ਵਾਰ ਕੋੜਕੂ ਨਹੀਂ ਰੜਕੇ।

ਰਾਏ ਜਸਬੀਰ ਸਿੰਘ [ਅੰਮ੍ਰਿਤਸਰ]

ਰਿਆਲ ਸਾਹਿਬ ਦਾ ਲੇਖ ਪੜ੍ਹਿਆ ਹੈ। ਧੰਨ ਧੰਨ ਕਰਨ ਨੂੰ ਜੀਅ ਕਰਦਾ ਹੈ। ਇਸ ਮਹਾਂਪੁਰਖ ਨੂੰ ਮੇਰੀ ਵਧਾਈ ਦੇਣੀ। ਮੈਂ ਰਿਆਲ ਸਾਹਿਬ ਦੇ ਦਰਸ਼ਨ ਨਹੀਂ ਕੀਤੇ। ਅਜੇ ਉਨ੍ਹਾਂ ਦੀ ਪੁਸਤਕ ਪੜ੍ਹਨ ਦਾ ਵੀ ਸੁਭਾਗ ਪ੍ਰਾਪਤ ਨਹੀਂ ਹੋਇਆ। ਟਰਬਿਊਨ ਵਿਚ ਉਨ੍ਹਾਂ ਦੇ ਖਤ ਪੜ੍ਹਦਾ ਰਹਿੰਦਾ ਹਾਂ। ਉਨ੍ਹਾਂ ਦੇ ਖਤਾਂ ਅਤੇ ਇਸ ਲੇਖ ਤੋਂ ਨਿਰਸੰਦੇਹ ਪ੍ਰਗਟ ਹੈ ਕਿ ਸਾਨੂੰ ਉਨ੍ਹਾਂ ਦੀ ਵਿਦਵਤਾ ਦੀ ਬਹੁਤ ਲੋੜ ਹੈ। ਤੁਸੀਂ ਕਿਰਪਾ ਕਰਕੇ ਉਨ੍ਹਾਂ ਨੂੰ ਬੇਨਤੀ ਕਰੋ ਕਿ ਪੰਜਾਬੀ ਭਾਸ਼ਾ ਦੇ ਕਿਸੇ ਪੱਖ ਉੱਤੇ ਹਰ ਵਾਰ ਜ਼ਰੂਰ ਕੋਈ ਲੇਖ ਲਿਖਿਆ ਕਰਨ। ਹੋਰ ਨਹੀਂ ਤਾਂ ਹਰ ਵਾਰ ਕੁਝ ਪੰਜਾਬੀ ਸ਼ਬਦਾਂ ਦਾ ਭਾਸ਼ਾ ਵਿਗਿਆਨਕ ਇਤਿਹਾਸ ਦੱਸਿਆ ਕਰਨ। ਮੈਂ ਭਾਸ਼ਾ ਵਿਗਿਆਨੀ ਨਹੀਂ, ਪਰ ਮੈਨੂੰ ਭਾਸ਼ਾ ਵਿਗਿਆਨ ਵਿਚ ਬਹੁਤ ਦਿਲਚਸਪੀ ਹੈ । ਪੰਜਾਬੀ ਭਾਸ਼ਾ ਵਿਗਿਆਨ ਬਾਰੇ ਛਾਪੀਆਂ ਬਹੁਤੀਆਂ ਕਿਤਾਬਾਂ ਵੀ ਪੜ੍ਹੀਆਂ ਹਨ, ਪਰ ਰਿਆਲ ਸਾਹਿਬ ਵਾਲੀ ਵਿਸ਼ੇਸ਼ਗਤਾ ਕਿਧਰੇ ਨਹੀਂ।

ਪਿਆਰਾ ਸਿੰਘ ਭੋਗਲ [ਜਲੰਧਰ]

ਸਭ ਤੋਂ ਪਹਿਲੇ 'ਪ੍ਰਯੋਗਵਾਦ ਤੇ ਸਮਕਾਲੀ ਯਥਾਰਥ' ਲਈ ਵਧਾਈ। ਉਸਤਾਦ ਵਰਿਆਮ ਸੰਧੂ ਦੀ ਕਹਾਣੀ ਪਹਿਲਾਂ ਸ਼ਾਗਿਰਦ ਨਾਤੇ ਪੜ੍ਹੀ ਸੀ ਤੇ ਹੁਣ ਸਿਰਜਣਾ ਵਿਚ ਇਕ ਪਾਠਕ ਦੇ ਨਾਤੇ ਪੜ੍ਹੀ ਹੈ .....ਮੈਂ ਗੁੰਮ ਗਿਆ ਹਾਂ, ਆਪਣੇ ਸੱਚ ਦੇ ਸਾਗਰ 'ਚ, "ਡੁੰਮ੍ਹ" ਵਿਚ ਡੁੱਬ ਰਿਹਾ ਤਾਰਾ ਜੋ ਮੈਂ ਹਾਂ। ਤੇ ਤੇਜੂ ਮੇਰਾ ਬਾਪ ਹੈ, ਜੋ ਪਿੰਡ ਦੇ ਸ਼ਾਹ ਦੀ ਵਹੀ ਦੇ ਡੁੰਮ੍ਹ 'ਚ ਮੁੱਦਤਾਂ ਤੋਂ ਗੋਤੇ ਖਾ ਰਿਹਾ ਹੈ। ਮੁਖ਼ਤਾਰ ਗਿੱਲ ਦੇ ਪਾਤਰ, ਬਚਿੰਤ ਕੌਰ ਦੇ ਕਿਸ਼ਨ ਸਿੰਘ ਵਾਂਗ ਬੇਸਮਝੇ ਨਹੀਂ। ਪੁਤਲੀਆਂ ਦਾ ਨਾਚ ਜ਼ਰੂਰ ਨੱਚਦੇ ਨੇ। ਇਹ ਸੱਚ ਹੈ। ਖੈਰ ਊਲ ਜਲੂਲਤਾ ਦੀ ਬਿਮਾਰੀ ਮੁਖ਼ਤਾਰ ਦੇ ਸਿਰ ਚੜ੍ਹ ਬੋਲਦੀ ਹੈ—ਜੋ ਜ਼ਿੰਦਗੀ ਦੇ ਸੱਚ ਨੂੰ ਅੰਨ੍ਹਿਆਂ ਕਰਦੀ ਹੈ। ਜੋਗਾ ਸਿੰਘ, ਸੁਖਚੈਨ ਤੇ ਹੁੰਦਲ ਵਧੀਆ ਹਨ। ਕੀ ਗੱਲ......ਬਾਸੀ ਕਿਧਰ ਗੁੰਮ ਗਿਆ ਹੈ। ਤੇਜਵੰਤ ਆਪਣੀ ਤੀਖ਼ਣ ਬੁੱਧੀ ਦਾ ਪ੍ਰਗਟਾਵਾ ਕਰਕੇ ਕਦੋਂ ਤਕ ਭੋਲੇ ਭਾਲੇ ਪਾਠਕਾਂ ਦੀ ਸਪਸ਼ਟਤਾ ਤੋਂ ਦੂਰ ਨੱਠ ਅਸਪਸ਼ਟਤਾ ਦੇ ਹਨੇਰਿਆਂ 'ਚ ਖੁੰਜੇਗਾ। ਕੀ ਉਹ ਆਪਣੀ ਸਾਹਿਤ ਸਿਰਜਣਾ ਬੁਧਜੀਵੀ ਲੋਕਾਂ ਲਈ ਕਰਦੇ ਨੇ—ਜਾਂ ਆਮ ਪਾਠਕਾਂ ਲਈ।

ਬਲਬੀਰ ਬੇਦੀ [ਢੰਡ, ਅੰਮ੍ਰਿਤਸਰ]

ਐਤਕਾਂ ਦੇ ਪਰਚੇ ਦਾ ਮੈਟਰ ਤੁਹਾਡੇ ਸੰਪਾਦਕੀ ਸਣੇ ਬਹੁਤ ਵਧੀਆ ਸੀ। ਵਰਿਆਮ ਸੰਧੂ ਦੀ ਡੁੰਮ੍ਹ ਬਹੁਤ ਸੁਹਣੀ ਕਿਰਤ ਹੈ। ਅੱਜ ਦੀ ਜੱਟ ਸ਼੍ਰੇਣੀ ਦੀ ਨਿਘਰਦੀ ਹੋਈ ਹਾਲਤ ਦਾ ਸਹੀ ਚਿਤਰਨ ਹੈ। ਮਾਕਸਵਾਦ ਬਨਾਮ ਵਿਚਾਰਵਾਦ ਵਿਚ ਸੁਰਜੀਤ ਗਿੱਲ ਨੇ ਬਹੁਤ ਸੋਹਣਾ ਨਖੇੜ ਕੀਤਾ ਹੈ। ਅਖੀਰ ਤੇ ਬਹੁਤ ਸੋਹਣਾ ਸੁਝਾ ਪੇਸ਼ ਕੀਤਾ ਹੈ। ਚੰਗਾ ਹੋਵੇ ਜੇ ਇਹ ਗੱਲ ਹੋਰ ਅਗਾਂਹ ਤੁਰੇ ਤਾਂ। ਮੇਜਰ ਇਸਹਾਕ ਸਾਹਿਬ ਦੇ ਅੰਦਰਲੇ ਬਾਬੇ ਦੀ ਵਿਚਾਰਧਾਰਾ ਤਾਂ ਖੈਰ ਬਹੁਤ ਡੂੰਘੀ ਹੈ। ਪਰ ਉਹਨਾਂ ਦਾ ਬਾਹਰਲਾ ਬਾਬਾ ਸ਼ਰਨਾਰਥੀ ਹੋਕੇ ਉਹ ਕਹਿੰਦੇ ਜਲੰਧਰ ਆ ਗਿਆ ਹੈ। ਹੁਣ ਡਰ ਇਹ ਹੈ ਕਿਤੇ ਜਲੰਧਰ ਤੋਂ ਬਾਬਾ ਰੰਡਾ ਹੋਕੇ ਦਿੱਲੀ ਨਾ ਜਾ ਪਹੁੰਚੇ, ਜਾਂ ਇਉਂ ਕਹੀਏ ਕਿ ਦਿੱਲੀ ਵਾਲਾ ਬਾਬਾ ਜਲੰਧਰ ਵਾਲੇ ਬਾਬੇ ਦੀ ਜਗ੍ਹਾ ਨਾ ਰੋਕ ਲਵੇ। ਰੁਪਿੰਦਰਜੀਤ ਨੇ ਵੀ ਪੁਤਲੀਆਂ ਦਾ ਨਾਚ ਬਹੁਤ ਸੋਹਣਾ ਵਿਖਾਇਆ ਹੈ। ਅਤੇ ਗੁਰਬਚਨ ਨੇ ਪ੍ਰਯੋਗਵਾਦੀ ਚਿਹਰੇ ਦੀ ਚੰਗੀ ਤਰਾਸ਼ਾ ਤਰਾਸ਼ੀ ਕੀਤੀ ਹੈ।

ਫੁਲੇਲ ਸਿੰਘ [ਥਾਂਦੇਵਾਲ, ਫਰੀਦਕੋਟ]

ਇਸਹਾਕ ਮੁਹੰਮਦ ਦਾ ਲੇਖ, ਗੁਰਬਚਨ ਦੀ ਪ੍ਰਯੋਗਵਾਦ ਦੀ ਕੀਤੀ ਭੰਡ ਖਾਸੇ ਵਧੀਆ ਸਨ। ਨਿਰੁਕਤ ਬਾਰੇ ਰਿਆਲ ਸਾਹਿਬ ਵਾਧਾ ਵਧਾ ਕੇ ਬਹਿ ਗਏ। ਇਸ 'ਨਿਰੁਕਤ-ਪ੍ਰਕਾਸ਼ਨ' ਦੀ 'ਅਕਾਦਮਿਕ ਰਾਜਨੀਤੀ' ਤੋਂ ਉਹ ਫੇਰ ਵੀ ਉਂਞ ਈ ਖੜ੍ਹੇ ਰਹਿ ਗਏ। ਨਾਲ ਹੀ ਕਰਨ ਵਾਲੀ ਗੱਲ ਇਹ ਸੀ ਕਿ ਅਜਿਹੀ ਅਕਾਦਮਿਕ ਢੀਠਤਾਈ ਤੇ ਘਟੀਆ ਮੱਕਾਰੀ ਦੀਆਂ ਬੁਨਿਆਦਾਂ ਕੀ ਹਨ। ਇਕ ਖਾਸ ਕਿਸਮ ਦਾ ਤਬਕਾ ਬੁਧੀਜੀਵੀਆਂ ਨੂੰ ਖੱਸੀ ਕਰਨ ਲਈ ਲਾਮਬੰਦ ਹੋ ਰਿਹਾ ਹੈ, ਲੋਕਾਂ ਨੂੰ ਉਨ੍ਹਾਂ ਦੇ ਪੋਤੜਿਆਂ ਤੋਂ ਵਾਕਫ ਕਰਾਉਣ ਦੀ ਲੋੜ ਹੈ।

ਸ਼ਹਰਯਾਰ [ਅੰਮ੍ਰਿਤਸਰ]

———

# ਡਾਕ ਘਰ ਬੱਚਤ ਬੈਂਕ ਖਾਤੇ ਲਈ ਵਾਰਸ ਦੀ ਨਿਯੁਕਤੀ

- ਡਾਕਘਰ ਦੇ ਬੱਚਤ ਬੈਂਕ ਦੇ ਖਾਤੇਦਾਰਾਂ ਨੂੰ ਹੁਣ ਵਾਰਸ ਨਿਯੁਕਤ ਕਰਨ ਦੀ ਸਹੂਲਤ ਵੀ ਦਿਤੀ ਜਾਂਦੀ ਹੈ।

- ਇਹਦੇ ਨਾਲ ਕਲੇਮਾਂ ਨੂੰ ਛੇਤੀ ਨਿਪਟਾਣ ਵਿਚ ਬੜੀ ਸਹਾਇਤਾ ਮਿਲਦੀ ਹੈ।

- ਜੇ ਤੁਸੀਂ ਹਾਲੇ ਤਕ ਇਸ ਸਹੂਲਤ ਤੋਂ ਲਾਭ ਨਹੀਂ ਲਿਆ ਤਾਂ ਹੁਣ ਦੇਰੀ ਨਾ ਕਰੋ ਤੇ ਤੁਰਤ ਆਪਣੇ ਖਾਤੇ ਲਈ ਆਪਣਾ ਕੋਈ ਵਾਰਸ ਨਿਯੁਕਤ ਕਰ ਦਿਉ। ਹੋਰ ਜਾਣਕਾਰੀ ਲਈ ਡਾਕ ਘਰ ਤੋਂ ਪੁੱਛ ਗਿੱਛ ਕਰੋ।

ਸਾਡੀ ਮਦਦ ਕਰੋ ਤਾਂ ਜੇ ਅਸੀਂ
ਤੁਹਾਡੀ ਚੰਗੀ ਖ਼ਿਦਮਤ ਕਰ ਸਕੀਏ

## ਡਾਕ, ਤਾਰ ਵਿਭਾਗ

ਡੀ. ਏ. ਵੀ. ਪੀ. 6/477

ਮੁਦ੍ਰਿਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਰੰਗਸ਼ਾਲਾ ਪ੍ਰਿੰਟਰਜ਼, 2017, ਸੈਕਟਰ 15-ਸੀ ਚੰਡੀਗੜ੍ਹ ਤੋਂ ਛਪਵਾਕੇ, 225 ਬੀ ਮੁਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਪ੍ਰਕਾਸ਼ਨ ਮਿਤੀ : 15 ਨਵੰਬਰ, 1976

SIRJANA LITERARY PUNJABI QUARTER

No. 24 October-December

Registered with the Registrar of Newspapers for India Vide R. No. 10

# ਨਵੀਆਂ ਸੋਵੀਅਤ ਪੁਸਤਕਾਂ

| | |
|---|---|
| 1. ਪੂਰਬੀ ਦੇਸ਼ਾਂ ਵਿਚ ਕੌਮੀ ਆਜ਼ਾਦੀ ਦੀ ਲਹਿਰ | ਵ. ਇ. ਲੈਨਿਨ |
| 2. ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ ਦੀ ਏਕਤਾ | ... |
| 3. ਕਮਿਊਨਿਸਟ ਇੰਟਰਨੈਸ਼ਨਲ ਕਾਂਗਰਸ ਸਮੇਂ ਦੀਆਂ ਤਕਰੀਰਾਂ | ... |
| 4. ਇਕ ਕਦਮ ਅੱਗੇ ਦੋ ਕਦਮ ਪਿੱਛੇ | ... |
| 5. ਸੋਸ਼ਲਿਸਟ ਸਮਾਜ ਦਾ ਆਰਥਿਕ ਵਿਕਾਸ | ... |
| 6. ਲੈਨਿਨ ਦੇ ਸੰਗਰਾਮ ਸਾਥੀ | ... |
| 7. ਰਾਜਸੀ ਆਰਥਿਕਤਾ ਦੇ ਮੂਲ ਆਧਾਰ | ਵ.ਗ. ਨਿਕੀਤਨ |
| 8. ਸੰਸਾਰ ਵਿਚ ਸੋਸ਼ਲਿਜ਼ਮ ਲਈ ਸੰਗਰਾਮ | |
| 9. ਖੇਤੀਬਾੜੀ ਵਿਕਾਸ ਦਾ ਸੋਸ਼ਲਿਸਟ ਢੰਗ | ਬਾਸਤੋਰੇਜੇਬ ਅਤੇ ਯਾਰੂਦੇਵ |
| 10. ਪਸ਼ੂ ਪਾਲਣ ਦੇ ਵਿਗਿਆਨਕ ਨੇਮ | ਵ. ਪ. ਡੇਰੀਨਿਰ |
| 11. ਮਨੁੱਖ ਤੇ ਚੰਨ | ਸਾਰੇਬਦੋਵਨ ਅਤੇ ਸਾਖੋਜਨ |
| 12. ਚੋਣਵੀਆਂ ਰੂਸੀ ਕਹਾਣੀਆਂ | |
| 13. ਯੇਵਦੋਕੀਆ | ਵ. ਪਾਨੋਵਾ |
| 14. ਕਿਰਤੀਆਂ ਦੀ ਅੰਤਰਰਾਸ਼ਟਰੀ ਸਭਾ ਦਾ ਉਦਘਾਟਨੀ ਭਾਸ਼ਨ | ਕਾਰਲ ਮਾਰਕਸ |
| 15. ਮਨੁੱਖ ਦੇ ਸਾਕਾਰ ਹੁੰਦੇ ਸੁਪਨੇ | ਐਮਿਲ ਵਰਨਸ |
| 16. ਮਾਰਕਸਵਾਦ ਕੀ ਹੈ ? | ... |
| 17. ਵਿਗਿਆਨਕ ਕਮਿਊਨਿਜ਼ਮ | ਵ. ਅਫ਼ੀਨਾਸੇਵ |
| 18. ਸੋਵੀਅਤ ਯੂਨੀਅਨ ਵਿਚ ਵਿਅਕਤੀਗਤ ਜਾਇਦਾਦ | ਰ. ਖਾਲਫ਼ੀਨਾ |

## ਮਿਲਣ ਦਾ ਪਤਾ

1. **ਪੰਜਾਬ ਬੁਕ ਸੈਂਟਰ,** 1038, ਸੈਕਟਰ 22 ਬੀ, ਚੰਡੀਗੜ੍ਹ
2. **ਪੰਜਾਬ ਬੁਕ ਸੈਂਟਰ,** ਸਰਹਿੰਦੀ ਗੇਟ, ਪਟਿਆਲਾ
3. **ਪੰਜਾਬ ਬੁਕ ਸੈਂਟਰ,** ਸ਼ਹੀਦ ਭਗਤ ਸਿੰਘ ਚੌਕ, ਬਠਿੰਡਾ
4. **ਪੰਜਾਬ ਬੁਕ ਸੈਂਟਰ,** ਪੁਰਾਣਾ ਡਾਕਖਾਨਾ ਰੋਡ, ਜਲੰਧਰ
5. **ਪੰਜਾਬ ਬੁਕ ਸੈਂਟਰ,** ਘੁਮਾਰ ਮੰਡੀ ਚੌਕ, ਸਿਵਲ ਲਾਈਨਜ਼, ਲੁਧਿਆਣਾ
6. **ਪੰਜਾਬ ਬੁਕ ਸੈਂਟਰ,** ਮਹਾਂਵੀਰ ਮਾਰਗ, ਫਰੀਦਕੋਟ
7. **ਪੰਜਾਬ ਬੁਕ ਸੈਂਟਰ,** ਸਾਹਮਣੇ ਬਸ ਸਟੈਂਡ, ਮੋਹਾਲੀ
8. **ਲੈਨਿਨ ਬੁਕ ਸੈਂਟਰ,** ਹੰਸ ਭਵਨ, ਰੇਲਵੇ ਰੋਡ, ਹਿਸਾਰ